Punjabi Parwaz

# ਪੰਜਾਬੀ ਪਰਵਾਜ਼

ਅੰਕ 78ਵਾਂ (ਸ਼ਿਕਾਗੋ): 9 ਮਈ ਤੋਂ 22 ਮਈ 2026 ਤੱਕ

ਲੋਕ-ਪੱਖੀ ਤੇ ਮਿਆਰੀ ਵਿਚਾਰਾਂ ਦੀ ਸਾਂਝ

e-mail: punjabiparwaz@gmail.com www.punjabiparwaz.com

Address: 827 E. Kings Row, Unit# 7, Palatine, IL 60074 - Ph: 224-386-4548


# ਪੱਛਮੀ ਬੰਗਾਲ, ਅਸਾਮ ਤੇ ਪੁਡੂਚਿਰੀ ’ਚ ਐਨ.ਡੀ.ਏ. ਗੱਠਜੋੜ ਜਿੱਤਿਆ

**ਜਸਵੀਰ ਸਿੰਘ ਸ਼ੀਰੀ**

*ਤਾਮਿਲਨਾਡੂ ਵਿੱਚ ਨਵੀਂ ਪਾਰਟੀ ਟੀ.ਵੀ.ਕੇ. ਦਾ ਉਭਾਰ
*ਭਾਜਪਾ ਦੀ ਜਿੱਤ ਗੈਰ-ਇਖਲਾਕੀ: ਮਮਤਾ ਬੈਨਰਜੀ

ਤਾਮਿਲਨਾਡੂ ਅਤੇ ਪੱਛਮੀ ਬੰਗਾਲ ਸਮੇਤ ਪੰਜ ਰਾਜਾਂ ਵਿੱਚ ਹੋਈਆਂ ਵਿਧਾਨ ਸਭਾ ਚੋਣਾਂ ਦੇ ਨਤੀਜੇ ਸਾਹਮਣੇ ਆ ਗਏ ਹਨ। ਪੱਛਮੀ ਬੰਗਾਲ ਵਿੱਚ ਭਾਜਪਾ ਨੇ ਮਮਤਾ ਬੈਨਰਜੀ ਦੀ ਅਗਵਾਈ ਵਾਲੀ ਟੀ.ਐਮ.ਸੀ. ਨੂੰ ਹਰਾ ਕੇ ਸੱਤਾ ਤੋਂ ਬਾਹਰ ਕਰ ਦਿੱਤਾ ਹੈ, ਜਦਕਿ ਤਾਮਿਲਨਾਡੂ ਵਿੱਚ ਇੱਕ ਐਕਟਰ ਤੋਂ ਸਿਆਸਤਦਾਨ ਬਣੇ ਜੌਸਫ ਵਿਜੈ ਚੰਦਰਸੇਖਰ ਦੀ ਪਾਰਟੀ ਟੀ.ਵੀ.ਕੇ. 105 ਸੀਟਾਂ ਜਿੱਤ ਕੇ ਸਭ ਤੋਂ ਵੱਡੀ ਪਾਰਟੀ ਬਣ ਕੇ ਉਭਰੀ ਹੈ। ਪੁਡੂਚਿਰੀ ਅਤੇ ਅਸਾਮ ਵਿੱਚ ਭਾਜਪਾ ਦੀ ਅਗਵਾਈ ਵਾਲੇ ਗੱਠਜੋੜ ਮੁੜ ਜਿੱਤ ਗਏ ਹਨ, ਜਦਕਿ ਕੇਰਲ ਵਿੱਚ ਕਾਂਗਰਸ ਪਾਰਟੀ ਦੀ ਅਗਵਾਈ ਵਾਲੇ ਗੱਠਜੋੜ ਯੂ.ਡੀ.ਐਫ. ਨੇ ਸੀ.ਪੀ.ਐਮ. ਦੀ ਅਗਵਾਈ ਵਾਲੇ ਖੱਬੇ ਪੱਖੀ ਗੱਠਜੋੜ ਨੂੰ ਮਾਤ ਦੇ ਦਿੱਤੀ ਹੈ।

ਪੱਛਮੀ ਬੰਗਾਲ ਅਸੈਂਬਲੀ ਦੀਆਂ ਕੁੱਲ 294 ਸੀਟਾਂ ਵਿੱਚੋਂ 292 ‘ਤੇ ਚੋਣ ਕਰਵਾਈ ਗਈ ਹੈ। ਇਨ੍ਹਾਂ ਵਿੱਚੋਂ 198 ਸੀਟਾਂ ਭਾਜਪਾ ਨੇ ਜਿੱਤ ਲਈਆਂ ਹਨ, ਜਦਕਿ 9 ‘ਤੇ ਭਾਜਪਾ ਨੇ ਲੀਡ ਬਣਾਈ ਹੋਈ ਹੈ। ਇਸ ਤਰ੍ਹਾਂ ਕੁੱਲ ਮਿਲਾ ਕੇ ਭਾਰਤੀ ਜਨਤਾ ਪਾਰਟੀ ਦੀ ਅਗਵਾਈ ਵਾਲਾ ਗੱਠਜੋੜ 207 ਸੀਟਾਂ ’ਤੇ ਕਾਬਜ਼ ਹੋ ਸਕਦਾ ਹੈ।

ਪਿਛਲੇ 15 ਸਾਲਾਂ ਤੋਂ ਰਾਜ ਕਰ ਰਹੀ ਪਾਰਟੀ ਟੀ.ਐਮ.ਸੀ. ਨੇ 68 ਸੀਟਾਂ ‘ਤੇ ਜਿੱਤ ਪ੍ਰਾਪਤ ਕਰ ਲਈ ਹੈ, ਜਦਕਿ 10 ਸੀਟਾਂ ‘ਤੇ ਆਪਣੀ ਲੀਡ ਬਣਾਈ ਹੋਈ ਹੈ। ਇਸ ਤਰ੍ਹਾਂ ਮਮਤਾ ਬੈਨਰਜੀ ਦੀ ਅਗਵਾਈ ਵਾਲੀ ਇਸ ਪਾਰਟੀ ਨੂੰ ਉਮੀਦ ਹੈ ਕਿ ਉਹ ਪੱਛਮੀ ਬੰਗਾਲ ਵਿਧਾਨ ਸਭਾ ਦੀਆਂ 80 ਕੁ ਸੀਟਾਂ ਜਿੱਤ ਜਾਵੇਗੀ। ਕਾਂਗਰਸ ਅਤੇ ਖੱਬੇ ਪੱਖੀ ਫਰੰਟ ਨੂੰ ਸਿਰਫ 2-2 ਸੀਟਾਂ ਪ੍ਰਾਪਤ ਹੋਈਆਂ ਹਨ। ਆਜ਼ਾਦ ਅਤੇ ਹੋਰ ਉਮੀਦਵਾਰ ਤਿੰਨ ਸੀਟਾਂ ਜਿੱਤ ਗਏ ਹਨ।

ਇੱਧਰ ਤਾਮਿਲਨਾਡੂ ਵਿੱਚ ਇੱਕ ਵੱਡਾ ਉਲਟ-ਫੇਰ ਕਰਦਿਆਂ ਐਕਟਰ ਤੋਂ ਸਿਆਸਤਦਾਨ ਬਣੇ ਜੌਸਫ ਵਿਜੈ ਦੀ ਪਾਰਟੀ ਟੀ.ਵੀ.ਕੇ. 105 ਸੀਟਾਂ ‘ਤੇ ਜਿੱਤ ਪ੍ਰਾਪਤ ਕਰ ਲਈ ਹੈ, ਜਦਕਿ 2 ਸੀਟਾਂ ‘ਤੇ ਇਹ ਪਾਰਟੀ ਲੀਡ ਕਰ ਰਹੀ ਹੈ। ਵਿਜੈ ਜੌਸਫ ਵੱਲੋਂ ਇਸ ਪਾਰਟੀ ਦਾ ਗਠਨ 2024 ਵਿੱਚ ਕੀਤਾ ਗਿਆ ਸੀ। ਇਸ ਤੋਂ ਇਲਾਵਾ ਸੱਤਾ ਛੱਡ ਰਹੀ ਪਾਰਟੀ ਡੀ.ਐਮ.ਕੇ. ਨੇ 58 ਸੀਟਾਂ ‘ਤੇ ਜਿੱਤ ਪ੍ਰਾਪਤ ਕੀਤੀ ਹੈ, ਜਦਕਿ 2 ਸੀਟਾਂ ‘ਤੇ ਇਹ ਪਾਰਟੀ ਲੀਡ ਕਰ ਰਹੀ ਹੈ। ਡੀ.ਐਮ.ਕੇ. ਦੇ ਮੁਖੀ ਐਮ.ਕੇ. ਸਟਾਲਿਨ ਟੀ.ਵੀ.ਕੇ. ਦੇ ਵੀ.ਐਸ. ਬਾਬੂ ਤੋਂ ਚੋਣ ਹਾਰ ਗਏ ਹਨ। ਬਾਬੂ ਨੇ ਕਿਹਾ ਕਿ ਇਹ ਚੋਣ ਨਤੀਜੇ ਸਾਡੀ ਲੀਡਰਸ਼ਿੱਪ ਦੀ ਮਿਹਨਤ ਅਤੇ ਦੂਰਦ੍ਰਿਸ਼ਟੀ ਦਾ ਸਿੱਟਾ ਹਨ। ਤਾਮਿਲਨਾਡੂ ਦੇ ਉੱਪ ਮੁੱਖ ਮੰਤਰੀ ਰਹੇ ਉਦਿਆਨਿਧੀ ਸਟਾਲਿਨ ਨੇ ਚੋਣ ਜਿੱਤ ਲਈ ਹੈ।

⇒ ਬਾਕੀ ਸਫਾ 16 ਉਤੇ ਪੜ੍ਹੋ

## ਜੌਸਫ ਵਿਜੈ ਬਣਿਆ ਤਾਮਿਲ ਸਿਆਸਤ ਦਾ ਨਵਾਂ ਹੀਰੋ

***ਕਾਂਗਰਸ ਪਾਰਟੀ ਨਾਲ ਗੱਠਜੋੜ ਸਰਕਾਰ ਦੀ ਸੰਭਾਵਨਾ**



ਤਾਮਿਲਨਾਡੂ ਵਿੱਚ ਸੱਤਾ ਦੀ ਸਿਆਸਤ ਨੂੰ ਬਿਲਕੁਲ ਉਲਟੇ ਰੁਖ ਖੜ੍ਹਾ ਕਰਨ ਵਾਲੇ ਜੌਸਫ ਵਿਜੈ ਚੰਦਰਸੇਖਰ ਦੀ ਕਹਾਣੀ ਆਪਣੇ ਆਪ ਵਿੱਚ ਮਿਸਾਲੀ ਹੈ। ਉਨ੍ਹਾਂ ਸਮਿਆਂ ਵਿੱਚ ਜਦੋਂ ਦੇਸ਼ ਵਿੱਚ ਸਤਾ ਦੀ ਜਮਹੂਰੀ ਤਬਦੀਲੀ ਨੂੰ ਅਸੰਭਵ ਬਣਾ ਦੇਣ ਦੇ ਯਤਨ ਕੀਤੇ ਜਾ ਰਹੇ ਹਨ ਤਾਂ ਕਿਸੇ ਨੌਜਵਾਨ ਆਗੂ ਵੱਲੋਂ ਇੱਕ ਨਵੀਂ ਪਾਰਟੀ ਤਾਮਿਲਾਗਾ ਵੈਟਰੀ ਕਾਝਾਗਾਮਾ (ਟੀ.ਵੀ.ਕੇ.) ਬਣਾ ਕੇ ਸਿਰਫ ਦੋ ਸਾਲਾਂ ਦੇ ਸਮੇਂ ਵਿੱਚ ਸੱਤਾ ‘ਤੇ ਕਾਬਜ ਹੋ ਜਾਣਾ ਕਿਸੇ ਕ੍ਰਿਸ਼ਮੇ ਤੋਂ ਘੱਟ ਨਹੀਂ ਹੈ।

ਇਹ ਤਬਦੀਲੀ ਵਿਸ਼ਵਾਸ ਦਿਵਾਉਂਦੀ ਹੈ ਕਿ ਸੱਤਾ ਦੇ ਰੱਬ ਦਾ ਰੂਪ ਧਾਰ ਲੈਣ ਤੋਂ ਬਾਅਦ ਵੀ ਤਬਦੀਲੀ ਦੀਆਂ ਸੰਭਾਵਨਾਵਾਂ ਬਣੀਆਂ ਰਹਿੰਦੀਆਂ ਹਨ। ਇੱਥੇ ਇਹ ਵੀ ਧਿਆਨ ਦੇਣ ਵਾਲਾ ਤੱਥ ਹੈ ਕਿ 2022 ਵਿੱਚ ਪੰਜਾਬ ਵਿੱਚ ਹੋਈਆਂ ਵਿਧਾਨ ਸਭਾ ਚੋਣਾਂ ਵਿੱਚ ਆਮ ਆਦਮੀ ਪਾਰਟੀ ਨੇ ਵੀ ਹੂੰਝਾ-ਫੇਰੂ ਜਿੱਤ ਪ੍ਰਾਪਤ ਕੀਤੀ ਸੀ, ਪਰ ਜਿਸ ਤਬਦੀਲੀ ਦੀ ਲੋਕਾਂ ਨੇ ਆਸ ਕੀਤੀ ਸੀ, ਉਹ ਪਹਿਲੇ ਕੁਝ ਮਹੀਨੇ ਵਿੱਚ ਹੀ ਦਮ ਤੋੜ ਗਈ ਸੀ। ਛੇ ਕੁ ਮਹੀਨੇ ਬਾਅਦ ਸੰਗਰੂਰ ਲੋਕ ਸਭਾ ਦੀ ਜ਼ਿਮਨੀ ਚੋਣ ਵਿੱਚ ਲੋਕਾਂ ਨੇ ਸਿਮਰਨਜੀਤ ਸਿੰਘ ਮਾਨ ਨੂੰ ਜਿਤਾ

⇒ ਬਾਕੀ ਸਫਾ 13 ਉਤੇ ਪੜ੍ਹੋ

## ਮਮਤਾ ਬੈਨਰਜੀ ਵੱਲੋਂ ਮੁੱਖ ਮੰਤਰੀ ਦੇ ਅਹੁਦੇ ਤੋਂ ਅਸਤੀਫਾ ਦੇਣ ਤੋਂ ਨਾਂਹ

***100 ਸੀਟਾਂ ’ਤੇ ਭਾਜਪਾ ਵੱਲੋਂ ਹੇਰਾ-ਫੇਰੀ ਕੀਤੇ ਜਾਣ ਦਾ ਲਗਾਇਆ ਦੋਸ਼**




ਹੁਣੇ ਹੁਣੇ ਹੋ ਕੇ ਹਟੀਆਂ ਵਿਧਾਨ ਸਭਾ ਦੀਆਂ ਚੋਣਾਂ ਵਿੱਚ ਹਾਰ ਦਾ ਸਾਹਮਣਾ ਕਰਨ ਵਾਲੀ ਮੁੱਖ ਮੰਤਰੀ ਮਮਤਾ ਬੈਨਰਜੀ ਨੇ ਰਾਜ ਦੇ ਗਵਰਨਰ ਹਾਊਸ ਜਾ ਕੇ ਮੁੱਖ ਮੰਤਰੀ ਦੇ ਅਹੁਦੇ ਤੋਂ ਅਸਤੀਫਾ ਦੇਣ ਤੋਂ ਇਨਕਾਰ ਕਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਪਾਰਟੀ ਨੂੰ ਹਰਾਉਣ ਲਈ ਮੋਦੀ ਸਰਕਾਰ ਨੇ ਸੁਰੱਖਿਆ ਏਜੰਸੀਆਂ, ਚੋਣ ਕਮਿਸ਼ਨ ਅਤੇ ਵੋਟ ਗਿਣਤੀ ਵਿੱਚ ਧਾਂਦਲੀ ਕਰਨ ਸਮੇਤ ਬਹੁਤ ਸਾਰੇ ਹੱਥਕੰਡੇ ਵਰਤੇ ਹਨ। ਹਾਰਨ ਬਾਅਦ ਅਗਲੇ ਦਿਨ ਆਪਣੇ ਬਿਆਨ ਵਿੱਚ ਮਮਤਾ ਬੈਨਰਜੀ ਨੇ ਕਿਹਾ ਕਿ ਉਹ ਚੋਣ ਹਾਰੀ ਨਹੀਂ ਹੈ, ਇਸ ਲਈ ਗਵਰਨਰ ਹਾਊਸ ਵਿੱਚ ਜਾ ਕੇ ਅਸਤੀਫਾ ਨਹੀਂ ਦੇਵੇਗੀ। ਮਮਤਾ


⇒ ਬਾਕੀ ਸਫਾ 13 ਉਤੇ ਪੜ੍ਹੋ




















# ਫੌਕਸ ਵੈਲੀ ਦੇਸੀ ਵਿਸਾਖੀ 2026 ਅਤੇ 15ਵੀਂ ਵਰ੍ਹੇਗੰਢ ਇੱਕ ਸ਼ਾਨਦਾਰ ਸੱਭਿਆਚਾਰਕ ਅਤੇ ਇਤਿਹਾਸਕ ਜਸ਼ਨ

**ਐਪਲਟਨ, ਵਿਸਕਾਨਸਿਨ:** 'ਫੌਕਸ ਵੈਲੀ ਦੇਸੀ ਵਿਸਾਖੀ-2026' ਲੰਘੀ 25 ਅਪਰੈਲ ਨੂੰ ਐਪਲਟਨ ਵਿੱਚ ਬਹੁਤ ਖੁਸ਼ੀ ਅਤੇ ਉਤਸ਼ਾਹ ਨਾਲ ਮਨਾਈ ਗਈ। ਇਸ ਸਮਾਗਮ ਨੇ ਪ੍ਰਬੰਧਕਾਂ, ਮਾਪਿਆਂ, ਦੇਖਭਾਲ ਕਰਨ ਵਾਲਿਆਂ ਅਤੇ ਬੱਚਿਆਂ ਨੂੰ ਇੱਕ ਸ਼ਾਨਦਾਰ ਪ੍ਰੋਗਰਾਮ ਪੇਸ਼ ਕਰਨ ਲਈ ਇਕੱਠਾ ਕੀਤਾ, ਜਿਸਨੇ ਰੰਗ-ਬਰੰਗੇ ਪ੍ਰਦਰਸ਼ਨਾਂ ਅਤੇ ਪਰੰਪਰਾਵਾਂ ਰਾਹੀਂ ਦੇਸੀ ਸੱਭਿਆਚਾਰ ਦੀ ਸੁੰਦਰਤਾ ਨੂੰ ਜ਼ਿੰਦਾ ਕੀਤਾ। ਇਹ ਜਸ਼ਨ ਦੱਖਣੀ ਏਸ਼ੀਆਈ ਵਿਰਾਸਤ ਦੇ ਰੰਗ ਅਤੇ ਵਿਭਿੰਨਤਾ ਦਾ ਸੱਚਾ ਪ੍ਰਤੀਬਿੰਬ ਸੀ।

ਇਸ ਖਾਸ ਮੌਕੇ ਨੂੰ ਹੋਰ ਵੀ ਇਤਿਹਾਸਕ ਬਣਾਉਂਦੇ ਹੋਏ, ਵਿਸਕਾਨਸਿਨ ਦੇ ਗਵਰਨਰ ਟੋਨੀ ਐਵਰਸ ਨੇ 10 ਅਪਰੈਲ 2026 ਨੂੰ ਫੌਕਸ ਵੈਲੀ ਦੇ ਮੂਲ ਨਿਵਾਸੀਆਂ ਨੂੰ ਰਾਜ ਪ੍ਰਤੀ 15 ਸਾਲਾਂ ਦੀ ਸਮਰਪਿਤ ਸੇਵਾ ਲਈ ਇੱਕ ਅਧਿਕਾਰਤ ਪ੍ਰਸ਼ੰਸਾ ਸਰਟੀਫਿਕੇਟ ਜਾਰੀ ਕਰਕੇ ਸਨਮਾਨਿਤ ਕੀਤਾ। ਇਸ ਮਾਨਤਾ ਨੇ ਮੂਲ ਭਾਈਚਾਰੇ ਪ੍ਰਤੀ ਜਾਗਰੂਕਤਾ ਪੈਦਾ ਕਰਨ ਅਤੇ ਸੱਭਿਆਚਾਰਕ, ਵਿਦਿਅਕ ਅਤੇ ਸਮਾਜਿਕ ਗਤੀਵਿਧੀਆਂ ਰਾਹੀਂ ਸਹਿਯੋਗ, ਭਾਈਚਾਰਕ ਭਾਗੀਦਾਰੀ ਅਤੇ ਨੈੱਟਵਰਕਿੰਗ ਨੂੰ ਮਜਬੂਤ ਕਰਨ ਲਈ



ਸੰਗਠਨ ਦੇ ਨਿਰੰਤਰ ਯਤਨਾਂ ਦੀ ਪ੍ਰਸ਼ੰਸਾ ਕੀਤੀ।

ਇਸ ਸਮਾਗਮ ਦੇ ਮੁੱਖ ਮਹਿਮਾਨ ਡਾ. ਮਨੋਹਰ ਸਿੰਘ ਸਨ, ਜੋ ਕਿ ਵਿਸਕਾਨਸਿਨ ਯੂਨੀਵਰਸਿਟੀ ਓਸ਼ਕੋਸ਼ ਦੇ ਨਵੇਂ ਚਾਂਸਲਰ ਹਨ। ਉਹ ਆਪਣੇ ਪਰਿਵਾਰ ਸਮੇਤ ਇਸ ਸਮਾਗਮ ਵਿੱਚ ਸ਼ਾਮਲ ਹੋਏ ਅਤੇ ਇਸ ਸਮਾਗਮ ਦਾ ਪੂਰਾ ਆਨੰਦ ਮਾਣਿਆ। ਉਨ੍ਹਾਂ ਨੇ ਇੱਕ ਪ੍ਰੇਰਣਾਦਾਇਕ ਭਾਸ਼ਣ ਦਿੱਤਾ ਅਤੇ ਸਾਰਿਆਂ ਨੂੰ ਖੁਸ਼ ਕਰਨ ਲਈ ਇੱਕ ਗੀਤ ਵੀ ਪੇਸ਼ ਕੀਤਾ, ਜਿਸ ਨੇ ਸਮਾਗਮ ਨੂੰ ਹੋਰ ਵੀ ਯਾਦਗਾਰ ਬਣਾ ਦਿੱਤਾ। ਫੌਕਸ ਵੈਲੀ ਦੇਸੀ ਟੀਮ ਵੱਲੋਂ ਉਨ੍ਹਾਂ ਨੂੰ ਇੱਕ ਵਿਸ਼ੇਸ਼ ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ।

ਇਸ ਮੌਕੇ ਸੰਸਥਾਪਕ ਮੈਂਬਰ ਗੁਰਮੀਤ ਸਿੰਘ ਕਲੇਕਾ ਨੇ ਮਾਣ ਨਾਲ ਰਾਜਪਾਲ ਤੋਂ ਮਿਲੇ ਪੁਰਸਕਾਰ ਦਾ ਐਲਾਨ ਕੀਤਾ। ਆਪਣੇ ਸੰਬੋਧਨ ਵਿੱਚ ਉਨ੍ਹਾਂ ਕਿਹਾ, "ਸਾਨੂੰ ਬਹੁਤ ਮਾਣ ਹੈ ਕਿ ਸਾਡੀ ਸੰਸਥਾ ਨੂੰ ਰਾਜਪਾਲ ਦੁਆਰਾ ਸਾਡੀ 15 ਸਾਲਾਂ ਦੀ ਯਾਤਰਾ ਦੇ ਜਸ਼ਨ ਵਿੱਚ ਅਧਿਕਾਰਤ ਤੌਰ 'ਤੇ ਮਾਨਤਾ ਦਿੱਤੀ ਗਈ ਹੈ। ਇਹ ਸਾਨੂੰ ਫੌਕਸ ਵੈਲੀ ਦੇ ਦਿਲ ਵਿੱਚ ਆਪਣੇ ਸੱਭਿਆਚਾਰ ਅਤੇ ਵਿਰਾਸਤ ਦੇ ਰੰਗੀਨ ਧਾਗਿਆਂ ਨੂੰ ਹੋਰ ਮਜਬੂਤੀ ਨਾਲ ਬੁਣਦੇ ਰਹਿਣ ਲਈ ਪ੍ਰੇਰਿਤ ਕਰਦਾ ਹੈ। ਸਾਡੀ ਟੀਮ ਦੇ ਸਾਰੇ ਮੈਂਬਰਾਂ ਨੂੰ ਵਧਾਈਆਂ, ਜਿਨ੍ਹਾਂ ਦੇ ਸਮਰਪਣ, ਸਖ਼ਤ ਮਿਹਨਤ ਅਤੇ ਨਿਰਸਵਾਰਥ ਸੇਵਾ ਨੇ ਇਸ ਮੀਲ ਪੱਥਰ ਨੂੰ ਸੰਭਵ ਬਣਾਇਆ- ਤੁਹਾਡੇ ਵਿੱਚੋਂ ਹਰ ਇੱਕ ਸਾਡੇ ਭਾਈਚਾਰੇ ਦੀ ਯਾਤਰਾ ਦਾ ਇੱਕ ਚਮਕਦਾ ਥੰਮ੍ਹ ਹੈ।"

ਟੀਮ ਵਿੱਚ ਅਨਿਲ ਅਰੋੜਾ, ਅੰਸ਼ੁਮਨ ਦੇਵਾਂਗਨ, ਦਵਿੰਦਰ ਭੱਲਾ, ਗੁਰਮੀਤ ਐਸ ਕਾਲੇਕਾ, ਗੁਰਵਿੰਦਰ ਸਿੰਘ (ਬੱਬੂ), ਗੁਰਦੀਪ ਕੌਰ ਬਸੰਤੀ, ਕਸ਼ਮੀਰ ਸਿੰਘ, ਮਹਿਕ ਚੋਪੜਾ, ਰਾਜਨ ਚੋਪੜਾ, ਸ਼ਰਨ ਕਪੂਰ, ਸੀਮਾ ਸੇਠੀ ਸ਼ਾਮਲ ਹਨ। ਹੋਰ ਜਾਣਕਾਰੀ ਲਈ ਗੁਰਮੀਤ ਸਿੰਘ ਕਾਲੇਕਾ ਨਾਲ ਫੋਨ: 920-450-4747 ਰਾਹੀਂ ਸੰਪਰਕ ਕੀਤਾ ਜਾ ਸਕਦਾ ਹੈ।



# ਗੁਰੂ ਗ੍ਰੰਥ ਸਾਹਿਬ ਸਤਿਕਾਰ (ਸੋਧ) ਕਾਨੂੰਨ ਅਕਾਲ ਤਖਤ ਵੱਲੋਂ ਰੱਦ

### *ਕਾਨੂੰਨ 'ਤੇ ਪੈਣ ਲੱਗਾ ਚੋਣ ਸਿਆਸਤ ਦਾ ਪਰਛਾਵਾਂ *ਮੁੱਖ ਮੰਤਰੀ ਵੱਲੋਂ ਚਾਰ ਦਿਨਾ ਸ਼ੁਕਰਾਨਾ ਯਾਤਰਾ ਆਰੰਭ

**ਜਸਵੀਰ ਸਿੰਘ ਮਾਂਗਟ**

ਪੰਜਾਬ ਵਿਧਾਨ ਸਭਾ ਵੱਲੋਂ ਬੀਤੇ ਮਹੀਨੇ ਪਾਸ ਕੀਤਾ ਗਿਆ ਜਾਗਤ ਜੋਤ ਗੁਰੂ ਗ੍ਰੰਥ ਸਾਹਿਬ ਸਤਿਕਾਰ (ਸੋਧ) ਬਿੱਲ-2008 ਵਿਵਾਦਾਂ ਵਿੱਚ ਘਿਰ ਗਿਆ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਅਕਾਲ ਤਖਤ ਸਾਹਿਬ ਦੇ ਜਥੇਦਾਰ ਨੇ 2 ਮਈ ਨੂੰ ਇਸ ਮੁੱਦੇ 'ਤੇ ਵਿਚਾਰ ਲਈ ਇਕੱਤਰ ਹੋਈਆਂ ਸਿੱਖ ਜਥੇਬੰਦੀਆਂ ਨਾਲ ਕੀਤੀ ਗਈ ਇੱਕ ਮੀਟਿੰਗ ਤੋਂ ਬਾਅਦ ਕਿਹਾ ਕਿ ਇਸ ਕਾਨੂੰਨ ਨੂੰ ਪਾਸ ਕਰਨ ਵੇਲੇ ਸਰਕਾਰ ਨੇ ਪੰਥ ਦੀ ਰਾਏ ਨਹੀਂ ਲਈ। ਇਸ ਮਾਮਲੇ ਨੂੰ ਲੈ ਕੇ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੂੰ ਅੱਠ ਮਈ ਵਾਲੇ ਦਿਨ ਆਪਣਾ ਸਪਸ਼ਟੀਕਰਨ ਦੇਣ ਲਈ ਅਕਾਲ ਤਖਤ ਸਾਹਿਬ 'ਤੇ ਬੁਲਾ ਲਿਆ ਹੈ।

ਸਿੱਖ ਜਥੇਬੰਦੀਆਂ ਦੀ ਇੱਕ ਮੀਟਿੰਗ ਨੂੰ ਸੰਬੋਧਨ ਕਰਨ ਤੋਂ ਬਾਅਦ ਇੱਕ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਜਥੇਦਾਰ ਕੁਲਦੀਪ ਸਿੰਘ ਗੜਗੱਜ ਨੇ ਕਿਹਾ ਕਿ ਵਿਧਾਨ ਸਭਾ ਵੱਲੋਂ ਜਾਗਤ ਜੋਤ ਗੁਰੂ ਗ੍ਰੰਥ ਸਾਹਿਬ ਸਤਿਕਾਰ (ਸੋਧ) ਐਕਟ-2008 ਵਿੱਚ ਸੋਧ ਕਰਨ ਤੋਂ ਪਹਿਲਾਂ ਸਿੱਖ ਜਥੇਬੰਦੀਆਂ ਦੀ ਹੋਈ ਮੀਟਿੰਗ ਵਿੱਚ ਮੰਗ ਕੀਤੀ ਗਈ ਸੀ ਕਿ ਸੰਬੰਧਤ ਐਕਟ ਨੂੰ ਪਾਸ ਕਰਨ ਤੋਂ ਪਹਿਲਾਂ ਇਸ ਬਾਰੇ ਅਕਾਲ ਤਖਤ ਸਾਹਿਬ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਮਸ਼ਵਰਾ ਜ਼ਰੂਰ ਲਿਆ ਜਾਵੇ। ਯਾਦ ਰਹੇ, ਕਾਨੂੰਨ ਵਿੱਚ ਸੋਧ ਕਰਨ ਤੋਂ ਪਹਿਲਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਵੱਲੋਂ ਬੁਲਾਈ ਇੱਕ ਮੀਟਿੰਗ ਵਿੱਚ ਸੋਧ ਬਿਲ ਦੇ ਖਰੜੇ 'ਤੇ ਅਕਾਲ ਤਖਤ ਸਾਹਿਬ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਮਸ਼ਵਰਾ ਲੈਣ ਦੀ ਰਾਏ ਦਿੱਤੀ ਗਈ ਸੀ, ਪਰ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਇੰਨੇ ਮਹੱਤਵਪੂਰਨ ਬਿੱਲ 'ਤੇ ਪੰਥਕ ਜਥੇਬੰਦੀਆਂ ਦਾ ਮਸ਼ਵਰਾ ਲੈਣ ਦੀ ਲੋੜ ਨਹੀਂ ਸਮਝੀ। ਇੱਥੇ ਇਹ ਵੀ ਜ਼ਿਕਰਯੋਗ ਹੈ ਕਿ ਪੰਜਾਬ ਵਿਧਾਨ ਸਭਾ ਵੱਲੋਂ ਇਹ ਸੋਧ ਬਿੱਲ ਪਾਸ ਕੀਤੇ ਜਾਣ ਤੋਂ ਬਾਅਦ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ 'ਸੁਆਗਤ' ਕੀਤਾ ਸੀ। ਉਨ੍ਹਾਂ ਤੋਂ ਹੁਣ ਇਸ ਬਾਰੇ ਪੁਛਣ 'ਤੇ ਐਡਵੋਕੇਟ ਧਾਮੀ ਨੇ ਕਿਹਾ ਕਿ ਸੰਬੰਧਤ ਕਾਨੂੰਨ ਦੀ ਹਮਾਇਤ ਕਰਕੇ ਉਨ੍ਹਾਂ ਨੇ ਗਲਤੀ ਕੀਤੀ ਹੈ।



ਲੰਘੀ 2 ਮਈ ਨੂੰ ਅਕਾਲ ਤਖਤ ਸਾਹਿਬ 'ਤੇ ਸਿੱਖ ਜਥੇਬੰਦੀਆਂ ਦੀ ਬੁਲਾਈ ਗਈ ਮੀਟਿੰਗ ਤੋਂ ਬਾਅਦ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਕਿਹਾ ਕਿ ਸਿੱਖ ਪੰਥ ਵੱਲੋਂ ਇਹ ਕਾਨੂੰਨ ਰੱਦ ਕੀਤਾ ਜਾਂਦਾ ਹੈ। ਉਨ੍ਹਾਂ ਕਿਹਾ ਕਿ ਇਸ ਕਾਨੂੰਨ ਨੂੰ ਬਣਾਉਣ ਵੇਲੇ ਸਰਕਾਰ ਨੇ ਸਿੱਖਾਂ ਦੀਆਂ ਕੇਂਦਰੀ ਜਥੇਬੰਦੀਆਂ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਅਕਾਲ ਤਖਤ ਸਾਹਿਬ ਨੂੰ ਮੁਕੰਮਲ ਤੌਰ 'ਤੇ ਨਜ਼ਰਅੰਦਾਜ਼ ਕੀਤਾ ਹੈ। 13 ਅਪਰੈਲ ਨੂੰ ਪੰਜਾਬ ਅਸੈਂਬਲੀ ਵੱਲੋਂ ਸਰਬਸੰਮਤੀ ਨਾਲ ਪਾਸ ਕੀਤੇ ਗਏ 'ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ (ਸੋਧ) ਬਿਲ 2008' ਵਿੱਚ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਦੋਸ਼ੀਆਂ ਲਈ ਸਖਤ ਸਜ਼ਾਵਾਂ ਦਾ ਪ੍ਰਬੰਧ ਕੀਤਾ ਗਿਆ ਹੈ। ਬਿੱਲ ਨੂੰ ਪੰਜਾਬ ਦੇ ਰਾਜਪਾਲ ਵੱਲੋਂ ਮਨਜ਼ੂਰੀ ਦਿੱਤੇ ਜਾਣ ਤੋਂ ਬਾਅਦ ਇਹ ਕਾਨੂੰਨ ਬਣ ਗਿਆ ਹੈ, ਜਿਸ ਵਿੱਚ ਦੋਸ਼ੀਆਂ ਨੂੰ 7 ਸਾਲ ਤੋਂ ਲੈ ਕੇ ਉਮਰ ਕੈਦ ਤੱਕ ਦੀ ਸਜ਼ਾ ਅਤੇ 2 ਲੱਖ ਰੁਪਏ ਤੋਂ ਲੈ ਕੇ 25 ਲੱਖ ਰੁਪਏ ਤੱਕ ਦੇ ਜੁਰਮਾਨੇ ਦਾ ਪ੍ਰਬੰਧ ਕੀਤਾ ਗਿਆ ਹੈ। ਅਕਾਲ ਤਖਤ ਸਾਹਿਬ ਦੇ (ਬਾਦਲ ਪੱਖੀ) ਜਥੇਦਾਰ ਨੇ ਕਿਹਾ ਕਿ, "ਸਾਨੂੰ ਗੁਰੂ ਗ੍ਰੰਥ ਸਾਹਿਬ ਦੇ ਦੋਸ਼ੀਆਂ ਨੂੰ ਸਖਤ ਸਜ਼ਾਵਾਂ ਦੇਣ 'ਤੇ ਕੋਈ ਇਤਰਾਜ਼ ਨਹੀਂ ਹੈ, ਪਰ ਗੁਰੂ ਗ੍ਰੰਥ ਸਾਹਿਬ ਦੇ ਪ੍ਰਕਾਸ਼ਨ, ਪ੍ਰਿੰਟਿੰਗ ਅਤੇ ਭੇਟਾ ਆਦਿ ਦੇ ਮਾਮਲੇ ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨਾਲ ਸਲਾਹ ਮਸ਼ਵਰਾ ਕੀਤਾ ਜਾਣਾ ਚਾਹੀਦਾ ਸੀ। ਇਸ ਤੋਂ ਬਾਅਦ ਹੀ ਇਹ ਕਾਨੂੰਨ ਪਾਸ ਕੀਤਾ ਜਾਣਾ ਚਾਹੀਦਾ ਸੀ। ਗੁਰੂ ਗ੍ਰੰਥ ਸਾਹਿਬ ਦੀ ਹੋਂਦ ਹਸਤੀ ਸਿੱਖਾਂ ਲਈ ਜੀਵਤ ਗੁਰੂ ਸਮਾਨ ਹੈ। ਇਸ ਮਸਲੇ 'ਤੇ ਸਪਸ਼ਟੀਕਰਨ ਦੇਣ ਲਈ ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੂੰ ਅਕਾਲ ਤਖਤ ਸਾਹਿਬ 'ਤੇ ਪੇਸ਼ ਹੋ ਕੇ ਸਪਸ਼ਟੀਕਰਨ ਦੇਣ ਲਈ ਕਿਹਾ ਗਿਆ ਹੈ। ਪੰਜਾਬ ਸਰਕਾਰ ਵੱਲੋਂ ਪਾਸ ਕੀਤੇ ਕਾਨੂੰਨ ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਗੁਰੂ ਗ੍ਰੰਥ ਸਾਹਿਬ ਦੇ 'ਕਸਟੋਡੀਅਨ' ਬਣਾਇਆ ਗਿਆ ਹੈ। ਜਥੇਦਾਰ ਗੜਗੱਜ ਨੇ ਗੁਰੂ ਗ੍ਰੰਥ ਸਾਹਿਬ ਦੀ ਰੂਹਾਨੀ ਸੇਵਾ ਕਰਨ ਵਾਲੇ ਸੇਵਾਦਾਰਾਂ ਨੂੰ 'ਕਸਟੋਡੀਅਨ' ਆਖਣ 'ਤੇ ਵੀ ਇਤਰਾਜ਼ ਪ੍ਰਗਟ ਕੀਤਾ ਹੈ। ਉਨ੍ਹਾਂ ਕਿਹਾ ਕਿ ਕੋਈ ਵੀ ਗੁਰੂ ਗ੍ਰੰਥ ਸਾਹਿਬ ਦਾ ਕਸਟੋਡੀਅਨ ਨਹੀਂ ਹੋ ਸਕਦਾ। ਅਸੀਂ ਸਿਰਫ ਸੇਵਾਦਾਰ ਹਾਂ। ਗੁਰੂ ਸਭ ਦਾ ਕਸਟੋਡੀਅਨ ਹੈ। ਉਨ੍ਹਾਂ ਕਿਹਾ ਕਿ ਸਰਕਾਰ ਨੇ ਇਸ ਕਾਨੂੰਨ ਨੂੰ ਬਣਾਉਣ ਵੇਲੇ ਗੁਰੂ ਗ੍ਰੰਥ ਸਾਹਿਬ ਦੇ ਸੰਦਰਭ ਵਿੱਚ ਸਹੀ ਭਾਸ਼ਾ ਦੀ ਵਰਤੋਂ ਵੀ ਨਹੀਂ ਕੀਤੀ ਹੈ। ਉਨ੍ਹਾਂ ਕਿਹਾ ਕਿ ਸਰਕਾਰ ਨੇ ਕਾਨੂੰਨ ਵਿੱਚ ਉਨ੍ਹਾਂ ਵਿਅਕਤੀਆਂ ਅਤੇ ਸੰਸਥਾਵਾਂ ਦੀ ਸੂਚਨਾ ਜਨਤਕ ਕਰਨ ਲਈ ਕਿਹਾ ਹੈ, ਜਿਨ੍ਹਾਂ ਨੂੰ ਗੁਰੂ ਗ੍ਰੰਥ ਸਾਹਿਬ ਸੌਂਪੇ ਗਏ ਹਨ। ਉਨ੍ਹਾਂ ਸਰਕਾਰ ਤੋਂ ਪੁਛਿਆ ਕੇ ਪਾਵਨ ਗੁਰੂ ਗ੍ਰੰਥ ਸਾਹਿਬ ਵਿੱਚ ਟਰੈਕਰ ਕਿਵੇਂ ਇਨਸਟਾਲ ਕੀਤੇ ਜਾ ਸਕਦੇ ਹਨ? ਕੀ ਇਸ ਕਿਸਮ ਦੀ ਸੂਚਨਾ ਦਾ ਫੈਲਾਓ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਵਿੱਚ ਵਾਧਾ ਨਹੀਂ ਕਰੇਗਾ? ਉਨ੍ਹਾਂ ਕਿਹਾ ਕਿ ਸਰਕਾਰ ਅਤੇ ਉਸ ਦੇ ਨੁਮਾਇੰਦਿਆਂ ਨੂੰ ਇਸ ਸਬੰਧ ਵਿੱਚ ਕੋਈ ਜਾਣਕਾਰੀ ਨਹੀਂ ਹੈ ਕਿ ਗੁਰੂ ਪ੍ਰਤੀ ਮਰਿਆਦਾ ਦਾ ਪਾਲਣ ਕਿਸ ਤਰ੍ਹਾਂ ਕੀਤਾ ਜਾਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਇਸ ਸਮੁੱਚੇ ਪਰਿਪੇਖ ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਗੁਰਦੁਆਰਾ ਸਾਹਿਬਾਨ ਅਤੇ ਸੰਗਤ ਨੂੰ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਸੌਂਪਣ 'ਤੇ 20 ਮਈ ਤੱਕ ਰੋਕ ਲਗਾ ਦਿੱਤੀ ਹੈ। ਇਹ ਕਦਮ ਸੋਧ ਬਿੱਲ 2008 ਨੂੰ ਪਰਿਪੇਖ ਵਿੱਚ ਰੱਖ ਕੇ ਚੁੱਕਿਆ ਗਿਆ ਹੈ। ਅਕਾਲ ਤਖਤ ਸਾਹਿਬ ਦੇ ਜਥੇਦਾਰ ਨੇ ਭਾਵੇਂ ਪੰਜਾਬ ਸਰਕਾਰ ਨੂੰ ਹਾਲ ਦੀ ਘੜੀ ਤਕਨੀਕੀ ਕਾਨੂੰਨੀ ਅਤੇ ਧਾਰਮਿਕ ਮਰਿਆਦਾ ਦੇ ਸਵਾਲਾਂ ਵਿੱਚ ਘੇਰਿਆ ਹੈ, ਪਰ ਅਸਲ ਵਿੱਚ ਇਸ ਪਿੱਛੇ ਅਕਾਲੀ ਦਲ ਦੀ ਸਿਆਸਤ ਕੰਮ ਕਰਦੀ ਵਿਖਾਈ ਦੇ ਰਹੀ ਹੈ।

ਭਗਵੰਤ ਮਾਨ ਦੀ ਅਗਵਾਈ ਵਿੱਚ 'ਆਪ' ਵੱਲੋਂ ਇਸ ਬੁੱਧਾਵਾਰ ਵਾਲੇ ਦਿਨ ਅਨੰਦਪੁਰ ਸਾਹਿਬ ਤੋਂ ਦਰਬਾਰ ਸਾਹਿਬ ਤੱਕ 'ਸ਼ੁਕਰਾਨਾ ਯਾਤਰਾ' ਆਰੰਭ ਕੀਤੀ ਗਈ ਹੈ। ਇਹ ਗਿਆਨੀ ਜ਼ੈਲ ਸਿੰਘ ਅਤੇ ਕੈਪਟਨ ਅਮਰਿੰਦਰ ਸਿੰਘ ਦੀ ਤਰਜ਼ 'ਤੇ ਪੰਥਕ ਸਿਆਸਤ ਨੂੰ ਕਿਸੇ ਗੈਰ-ਸਿੱਖ ਗੈਰ-ਪੰਜਾਬੀ ਪਾਰਟੀ ਦੇ ਪੱਖ ਵਿੱਚ ਵਰਤਣ ਦਾ ਯਤਨ ਹੈ। ਅਕਾਲੀ ਦਲ (ਬਾਦਲ) ਜਦੋਂ ਆਪਣੇ ਸਭ ਤੋਂ ਮਾੜੇ ਦੌਰ ਵਿੱਚੋਂ ਗੁਜ਼ਰ ਰਿਹਾ ਹੈ ਅਤੇ ਵੱਖ-ਵੱਖ ਅਕਾਲੀ ਦਲ ਆਪਣੇ ਆਪ ਨੂੰ ਮੁੜ ਖੜ੍ਹਾ ਕਰਨ ਦਾ ਯਤਨ ਕਰ ਰਹੇ ਹਨ ਤਾਂ ਭਗਵੰਤ ਮਾਨ ਦੀ ਪਰੋ ਸਿੱਖ ਸਿਆਸਤ ਅਕਾਲੀ ਦਲ ਲਈ ਗੰਭੀਰ ਚਣੌਤੀਆਂ ਖੜ੍ਹੀਆਂ ਕਰਨ ਦਾ ਯਤਨ ਕਰ ਰਹੀ ਹੈ। ਭਗਵੰਤ ਮਾਨ ਅਤੇ ਆਮ ਆਦਮੀ ਪਾਰਟੀ ਇਸ ਕਾਨੂੰਨ ਨੂੰ ਵਿਧਾਨ ਸਭਾ ਲਈ ਵੋਟਾਂ ਵਿੱਚ ਢਾਲਣ ਦਾ ਯਤਨ ਵੀ ਕਰ ਰਹੀ ਹੈ। ਸੱਤਾ ਦੀ ਸਿਆਸਤ ਵਿੱਚ ਕਾਨੂੰਨ ਦੀ ਕਾਇਮੀ ਚੋਣ ਜਿੱਤਣ ਤੱਕ ਸੀਮਤ ਲਗਦੀ ਹੈ। ਸਿੱਖ ਰੈਡੀਕਲ ਧਿਰਾਂ ਦਾ ਇਹ ਸਵਾਲ ਵੀ ਗੌਲਣਯੋਗ ਹੈ ਕਿ ਪਹਿਲੇ ਕਾਨੂੰਨਾਂ ਤਹਿਤ ਬੇਅਦਬੀ ਕਰਨ ਵਾਲੇ ਮੁਲਜ਼ਮਾਂ ਨੂੰ ਕਿੰਨੀ ਕੁ ਸਜ਼ਾ ਹੋਈ ਹੈ? ਕੀ ਇਸ ਕਿਸਮ ਦਾ ਕਾਨੂੰਨ ਬਣਾਉਣਾ ਗੁਰੂ ਗ੍ਰੰਥ ਸਾਹਿਬ ਦੀ ਸੰਪ੍ਰਭੂਤਾ ਨੂੰ ਹਾਨੀ ਪਹੁੰਚਾਉਣ ਵਾਲਾ ਨਹੀਂ ਹੈ? ਗੁਰੂ ਗ੍ਰੰਥ ਸਾਹਿਬ ਦੀ ਸੁਰੱਖਿਆ ਦੀ ਜ਼ਿੰਮੇਵਾਰੀ ਖਾਲਸਾ ਪੰਥ ਨੂੰ ਆਪਣੇ ਜ਼ਿੰਮੇ ਲੈਣੀ ਚਾਹੀਦੀ ਹੈ। ਖੁਦ ਸ਼ਰਧਾਲੂ ਅਤੇ ਸੇਵਾਦਾਰ ਸਿੱਖਾਂ ਖਿਲਾਫ ਹੀ ਕਾਨੂੰਨ ਦੀ ਦੁਰਵਰਤੋਂ ਦੇ ਮਾਮਲੇ ਵੀ ਸਾਹਮਣੇ ਆ ਸਕਦੇ ਹਨ।


PRIME PROPERTY MANAGEMENT

Reliable Real Estate Solutions for Smart Investors

PRIME PROPERTY MANAGEMENT

Our Services Include:

• Full-Service Property Management
• Tenant Placement & Screening
• Buying & Selling Representation
• Investment Property Analysis (Cap Rate, DSCR, Cash Flow)
• Rental Evaluations & Portfolio Growth Strategy

ਸਾਡੀਆਂ ਸੇਵਾਵਾਂ ਵਿੱਚ ਸ਼ਾਮਲ ਹਨ:

• ਪੂਰੀ-ਸੇਵਾ ਜਾਇਦਾਦ ਪ੍ਰਬੰਧਨ
• ਕਿਰਾਏਦਾਰ ਪਲੇਸਮੈਂਟ ਅਤੇ ਸਕ੍ਰੀਨਿੰਗ
• ਖਰੀਦਦਾਰੀ ਅਤੇ ਵੇਚਣ ਦੀ ਪ੍ਰਤੀਨਿਧਤਾ
• ਨਿਵੇਸ਼ ਜਾਇਦਾਦ ਵਿਸ਼ਲੇਸ਼ਣ (ਕੈਪ ਦਰ, DSCR, ਨਕਦ ਪ੍ਰਵਾਹ)
• ਕਿਰਾਏ ਦੇ ਮੁਲੰਕਣ ਤੇ ਪੋਰਟਫੋਲੀਓ ਵਿਕਾਸ ਰਣਨੀਤੀ



ਵਰੁਣ ਮਲਹੋਤਰਾ

ਫੋਨ: 331-203-3733

(ਸਥਾਨਕ ਨਿਵੇਸ਼ਕ ਅਤੇ ਰੀਅਲ ਅਸਟੇਟ ਪੇਸ਼ੇਵਰ)

ਭਾਵੇਂ ਤੁਸੀਂ ਨਿਵੇਸ਼ਕ, ਖਰੀਦਦਾਰ ਜਾਂ ਵਿਕਰੇਤਾ ਹੋ - ਅਸੀਂ ਤੁਹਾਨੂੰ ਉਚਿਤ ਫੈਸਲੇ ਲੈਣ ਵਿੱਚ ਮਦਦ ਕਰਨ ਲਈ ਡੇਟਾ-ਆਧਾਰਿਤ ਸੂਝ ਪ੍ਰਦਾਨ ਕਰਦੇ ਹਾਂ

Providing professional property management and real estate services across Illinois.



Serving Plainfield, Naperville, Romeoville, Lemont, Oswego & Surrounding Communities

Referrals are always appreciated

ਸ਼ਿਕਾਗੋਲੈਂਡ ਵਿੱਚ ਰਿਹਾਇਸ਼ੀ ਅਤੇ ਮਿਸ਼ਰਤ-ਵਰਤੋਂ ਵਾਲੀਆਂ ਜਾਇਦਾਦਾਂ ਨੂੰ ਪ੍ਰਾਪਤ ਕਰਨ, ਪ੍ਰਬੰਧਨ ਕਰਨ, ਵਿਸ਼ਲੇਸ਼ਣ ਕਰਨ ਅਤੇ ਅਨੁਕੂਲ ਬਣਾਉਣ ਦਾ 10 ਸਾਲਾਂ ਤੋਂ ਵੱਧ ਦਾ ਤਜਰਬਾ...

Email: varun@primepropertymgnt.com - www.primepropertymgnt.com

# ਪੈਲਾਟਾਈਨ ਗੁਰੂਘਰ ਦੇ ਸਕੂਲ ਦੇ ਬੱਚਿਆਂ ਵੱਲੋਂ ਵਿਸਾਖੀ ਨੂੰ ਸਮਰਪਿਤ ਸਮਾਗਮ

**ਸ਼ਿਕਾਗੋ (ਪੰਜਾਬੀ ਪਰਵਾਜ਼ ਬਿਊਰੋ):** ਗੁਰਦੁਆਰਾ ਪੈਲਾਟਾਈਨ ਦੇ ਗੁਰਮਤਿ ਸਕੂਲ ਦੇ ਬੱਚਿਆਂ ਵੱਲੋਂ ਪਿਛਲੇ ਦਿਨੀਂ ਖਾਲਸਾ ਸਿਰਜਣਾ ਦਿਵਸ ਤੇ ਵਿਸਾਖੀ ਨੂੰ ਸਮਰਪਿਤ ਪ੍ਰੋਗਰਾਮ ਕੀਤਾ ਗਿਆ, ਜਿਸ ਵਿੱਚ ਸਕੂਲ ਦੇ ਵੱਖ ਵੱਖ ਲੈਵਲਾਂ ਦੇ ਵਿਦਿਆਰੀਆਂ ਨੇ ਆਪੋ-ਆਪਣੀ ਪ੍ਰਤਿਭਾ ਅਨੁਸਾਰ ਗੁਰਬਾਣੀ ਕੀਰਤਨ ਦੀ ਹਾਜ਼ਰੀ ਲੁਆਈ ਅਤੇ ਕਵਿਤਾਵਾਂ ਰਾਹੀਂ ਖਾਲਸਾ ਸਾਜਨਾ ਦਿਵਸ ਤੇ ਵਿਸਾਖੀ ਦਾ ਇਤਿਹਾਸ ਦੱਸਿਆ। ਉਸ ਦਿਨ ਦੀਵਾਨ ਹਾਲ ਦੀ ਕਾਰਵਾਈ ਬੱਚਿਆਂ ਨੇ ਹੀ ਰਲਮਿਲ ਕੇ ਚਲਾਈ।

ਇਸ ਮੌਕੇ ਗੁਰਮਤਿ ਸਕੂਲ ਦੀ ਪ੍ਰਿੰਸੀਪਲ ਬੀਬੀ ਸਲਵਿੰਦਰ ਕੌਰ ਸੰਧੂ ਨੇ ਸਕੂਲ ਦੀਆਂ ਪ੍ਰਾਪਤੀਆਂ 'ਤੇ ਚਾਨਣਾ ਪਾਇਆ ਅਤੇ ਸਕੂਲ ਦੇ ਇੰਚਾਰਜ ਗੁਰਕੀਰਤ ਸਿੰਘ ਗਿੱਲ ਨੇ ਵਿਦਿਆਰਥੀਆਂ ਨਾਲ ਜਾਣ-ਪਛਾਣ ਕਰਵਾਈ ਤੇ ਫਿਰ ਗੁਰਮਤਿ ਸਕੂਲ ਸਬੰਧੀ ਉਲੀਕੇ ਜਾ ਰਹੇ ਨਵੇਂ ਪ੍ਰੋਗਰਾਮਾਂ ਬਾਰੇ ਦੱਸਿਆ। ਇਸ ਤੋਂ ਇਲਾਵਾ ਉਨ੍ਹਾਂ ਦੱਸਿਆ ਕਿ ਸਮਾਜ ਵਿੱਚ ਹੋ ਰਹੀਆਂ ਮਾਨਸਿਕ ਸਿਹਤ ਸਮੱਸਿਆਵਾਂ ਨੂੰ ਹੱਲ ਕਰਨ ਲਈ ਇੱਕ ਵਰਕਸ਼ਾਪ ਸ਼ੁਰੂ ਕੀਤੀ ਗਈ ਸੀ, ਕਿਉਂਕਿ ਬੱਚਿਆਂ ਨੂੰ ਛੋਟੀ ਉਮਰ ਤੋਂ ਹੀ ਮਾਨਸਿਕ ਵਿਕਾਰਾਂ ਤੋਂ ਬਚਣਾ ਸਿਖਾਇਆ ਜਾਣਾ ਚਾਹੀਦਾ ਹੈ।



ਗੁਰਮਤਿ ਸਕੂਲ ਦੀ ਪ੍ਰਿੰਸੀਪਲ ਬੀਬੀ ਸਲਵਿੰਦਰ ਕੌਰ ਸੰਧੂ




ਸਮਾਗਮ ਤੋਂ ਪਹਿਲਾਂ ਸਾਰੇ ਬੱਚੇ ਗੁਰਮਤਿ ਸਕੂਲ ਵਿੱਚ ਇਕੱਤਰ ਹੋਏ ਅਤੇ ਫਿਰ ਅਧਿਆਪਕਾਂ ਤੇ ਵਾਲੰਟੀਅਰਾਂ ਦੀ ਅਗਵਾਈ ਹੇਠ ਬੈਨਰ ਤੇ ਖਾਲਸਾਈ ਝੰਡੇ ਫੜ ਕੇ ਦੀਵਾਨ ਹਾਲ ਵਿੱਚ ਗੁਰੂ ਗ੍ਰੰਥ ਸਾਹਿਬ ਅੱਗੇ ਨਤਮਸਤਕ ਹੋਏ। ਮਿੱਥੇ ਪ੍ਰੋਗਰਾਮ ਅਨੁਸਾਰ ਬੱਚਿਆਂ ਵੱਲੋਂ ਸਮਾਗਮ ਦੀ ਸ਼ੁਰੂਆਤ ਸਵੇਰੇ 11 ਵਜੇ ਕੀਤੀ ਗਈ।

ਲੈਵਲ ਤਿੰਨ ਦੇ ਬੱਚਿਆਂ ਨੇ 'ਖਾਲਸਾ ਮੇਰੋ ਰੂਪ ਹੈ ਖਾਸ' ਅਤੇ ਲੈਵਲ ਚਾਰ ਦੇ ਬੱਚਿਆਂ ਨੇ 'ਅੰਮ੍ਰਿਤ ਰਸੁ ਹਰਿ ਕੀਰਤਨੋ' ਰਾਹੀਂ ਹਾਜ਼ਰੀ ਲੁਆਈ ਤੇ ਤਬਲੇ 'ਤੇ ਸਾਥ ਪ੍ਰਭਤੇਜ ਸਿੰਘ ਨੇ ਦਿੱਤਾ। ਲੈਵਲ ਪੰਜ ਦੇ ਵਿਦਿਆਰਥੀਆਂ ਨੇ 'ਅਗਿਆ ਭਈ ਅਕਾਲ ਕੀ' ਅਤੇ 'ਅਕਾਲ ਅਕਾਲ' ਦਾ ਗਾਇਨ ਕੀਤਾ, ਜਦਕਿ ਤਬਲੇ ਦੀ ਸੇਵਾ ਗੁਣਤਾਸ ਸਿੰਘ ਵੱਲੋਂ ਨਿਭਾਈ ਗਈ।

ਪ੍ਰੀ-ਕੇ ਦੇ ਬੱਚਿਆਂ ਨੇ ਇੱਕ ਸ਼ਬਦ ਦਾ ਗਾਇਨ ਅਤੇ ਪਾਠ ਕੀਤਾ। ਲੈਵਲ ਇੱਕ ਦੇ ਬੱਚਿਆਂ ਨੇ 'ਸੁਰ ਨਰ ਮੁਨਿ ਜਨ ਅੰਮ੍ਰਿਤੁ ਖੋਜਦੇ', ਲੈਵਲ ਦੋ ਦੇ ਬੱਚਿਆਂ ਨੇ 'ਅਉਖੀ ਘੜੀ ਨ ਦੇਖਣ ਦੇਈ' ਅਤੇ ਲੈਵਲ ਛੇ ਦੇ ਬੱਚਿਆਂ ਨੇ 'ਜਉ ਤਉ ਪ੍ਰੇਮ ਖੇਲਣ ਕਾ ਚਾਓ' ਤੇ 'ਪ੍ਰਾਨ ਕੇ ਬਚਯਾ' ਸ਼ਬਦਾਂ ਦਾ ਗਾਇਨ ਕੀਤਾ। ਇਸ ਦੌਰਾਨ ਤਬਲੇ ਉਤੇ ਸਾਥ ਗੁਣਤਾਸ ਸਿੰਘ ਨੇ ਦਿੱਤਾ। ਲੈਵਲ ਸੱਤ ਦੇ ਵਿਦਿਆਰਥੀਆਂ ਨੇ 'ਦੇਹ ਸਿਵਾ ਬਰ ਮੋਹਿ ਇਹੈ' ਅਤੇ 'ਅੰਮ੍ਰਿਤ ਨਾਮ ਨਿਧਾਨ ਹੈ' ਸ਼ਬਦਾਂ ਦਾ ਗਾਇਨ ਕੀਤਾ। ਏਕਮ ਸਿੰਘ ਨੇ ਇੱਕ ਕਵਿਤਾ ਪੜ੍ਹੀ।

ਅਖੀਰ ਵਿੱਚ ਅਨੰਦ ਸਾਹਿਬ ਦਾ ਪਾਠ ਅਨੀਲ ਸਿੰਘ ਨੇ ਕੀਤਾ। ਅਰਦਾਸ ਅਰਜਨ ਸਿੰਘ ਨੇ ਅਤੇ ਹੁਕਮਨਾਮੇ ਦੀ ਸੇਵਾ ਹੇਹਿਤ ਕੌਰ ਨੇ ਨਿਭਾਈ।
















# ਪੈਲਾਟਾਈਨ ਗੁਰੂਘਰ 'ਚ ਗਿਆਨੀ ਰਾਮ ਸਿੰਘ ਨੇ ਕਥਾ ਦਾ ਪ੍ਰਵਾਹ ਚਲਾਇਆ

**ਸ਼ਿਕਾਗੋ:** ਦਮਦਮੀ ਟਕਸਾਲ ਦੇ ਮੁਖੀ ਸਿੰਘ ਸਾਹਿਬ ਗਿਆਨੀ ਰਾਮ ਸਿੰਘ ਭਿੰਡਰਾਂਵਾਲਿਆਂ ਨੇ ਪਹਿਲੀ ਮਈ ਤੋਂ ਤਿੰਨ ਮਈ ਤੱਕ ਗੁਰਦੁਆਰਾ ਪੈਲਾਟਾਈਨ ਵਿਖੇ ਹਾਜ਼ਰੀ ਲਗਵਾ ਕੇ ਕਥਾ ਰਾਹੀਂ ਸੰਗਤਾਂ ਨੂੰ ਗੁਰਬਾਣੀ ਨਾਲ ਜੋੜਿਆ। ਤਿੰਨੋਂ ਦਿਨ ਸੰਗਤਾਂ ਵੱਡੀ ਗਿਣਤੀ ਵਿੱਚ ਕਥਾ ਵਿਚਾਰ ਸੁਣਨ ਲਈ ਪੁੱਜੀਆਂ।




ਗਿਆਨੀ ਰਾਮ ਸਿੰਘ ਨੇ ਗੁਰੂ ਗ੍ਰੰਥ ਸਾਹਿਬ ਵਿੱਚੋਂ ਪਾਵਨ ਸ਼ਬਦਾਂ ਦੀ ਵਿਆਖਿਆ ਬੜੇ ਸਰਲ ਸ਼ਬਦਾਂ ਵਿੱਚ ਕੀਤੀ ਅਤੇ ਪ੍ਰਬੰਧਕਾਂ ਵੱਲੋਂ ਮਨਾਏ ਗਏ ਦਿਹਾੜਿਆਂ ਸਬੰਧੀ ਇਤਿਹਾਸ ਵੀ ਸਰਵਣ ਕਰਵਾਇਆ ਗਿਆ, ਜਿਨ੍ਹਾਂ ਵਿੱਚ ਵਿਸ਼ੇਸ਼ ਤੌਰ 'ਤੇ ਤੀਜੇ ਪਾਤਸ਼ਾਹ ਗੁਰੂ ਅਮਰ ਦਾਸ ਜੀ ਤੇ ਪੰਚਮ ਪਾਤਸ਼ਾਹ ਗੁਰੂ ਅਰਜਨ ਦੇਵ ਜੀ ਦੇ ਪ੍ਰਕਾਸ਼ ਦਿਹਾੜੇ ਅਤੇ ਸਿੱਖ ਕੌਮ ਦੇ ਮਹਾਨ ਜਰਨੈਲ ਹਰੀ ਸਿੰਘ ਨਲਵਾ ਦੇ ਜੀਵਨ ਨਾਲ ਸਬੰਧਤ ਘਟਨਾਵਾਂ ਬਾਰੇ ਜਾਣਕਾਰੀ ਸਾਂਝੀ ਕੀਤੀ ਗਈ।

ਇਸ ਮੌਕੇ ਗਿਆਨੀ ਰਾਮ ਸਿੰਘ ਨੇ ਸੰਗਤਾਂ ਨੂੰ ਵੱਧ ਤੋਂ ਵੱਧ ਅੰਮ੍ਰਿਤ ਛਕਣ ਲਈ ਪ੍ਰੇਰਿਤ ਕੀਤਾ। ਇਸ ਤੋਂ ਇਲਾਵਾ ਦਮਦਮੀ ਟਕਸਾਲ ਸੰਗਰਾਵਾਂ ਵੱਲੋਂ ਨਿਭਾਈਆਂ ਜਾ ਰਹੀਆਂ ਸੇਵਾਵਾਂ ਬਾਰੇ ਵੀ ਸੰਗਤਾਂ ਨੂੰ ਜਾਣਕਾਰੀ ਦਿੱਤੀ ਗਈ। ਸਮਾਗਮ ਦੇ ਅਖੀਰਲੇ ਗਿਆਨੀ ਰਾਮ ਸਿੰਘ ਨੂੰ ਗੁਰਦੁਆਰਾ ਸਾਹਿਬ ਦੇ ਹੈੱਡ ਗ੍ਰੰਥੀ ਗਿਆਨੀ ਲਖਵਿੰਦਰ ਸਿੰਘ ਲਖਨਊ ਵਾਲਿਆਂ ਨੇ ਸਿਰਪਾਓ ਦੇ ਕੇ ਸਨਮਾਨਿਤ ਕੀਤਾ ਤੇ ਉਨ੍ਹਾਂ ਦਾ ਧੰਨਵਾਦ ਕਰਦਿਆਂ ਅੱਗੋਂ ਵੀ ਸਮਾਂ ਬਣਾ ਕੇ ਸੰਗਤਾਂ ਨੂੰ ਦਰਸ਼ਨ ਦੀਦਾਰ ਤੇ ਗੁਰਬਾਣੀ ਦੀ ਸਾਂਝ ਪਾਉਣ ਦੀ ਬੇਨਤੀ ਕੀਤੀ।

ਗੁਰਦੁਆਰਾ ਸਾਹਿਬ ਦੀਆਂ ਸੰਗਤਾਂ ਨੇ ਵੀ ਸਿੰਘ ਸਾਹਿਬ ਨੂੰ ਬੜਾ ਮਾਣ ਦਿੱਤਾ ਗਿਆ ਤੇ ਬੜੀ ਸ਼ਰਧਾ ਨਾਲ ਉਨ੍ਹਾਂ ਦੇ ਬਚਨਾਂ ਨੂੰ ਸਰਵਣ ਕੀਤਾ। ਗੁਰੂਘਰ ਦੇ ਧਾਰਮਿਕ ਸਕੱਤਰ ਸਤਿੰਦਰ ਸਿੰਘ ਸੁਸਾਣਾ ਨੇ ਵੀ ਸਿੰਘ ਸਾਹਿਬ ਦਾ ਵਿਸ਼ੇਸ਼ ਧੰਨਵਾਦ ਕੀਤਾ।



**'ਖਾਲਿਸਤਾਨ ਐਲਾਨਨਾਮਾ ਦਿਵਸ' ਮਨਾਇਆ**

ਇਸ ਤੋਂ ਪਹਿਲਾਂ 29 ਅਪਰੈਲ ਨੂੰ ਗੁਰਦੁਆਰਾ ਪੈਲਾਟਾਈਨ ਵਿਖੇ 'ਖਾਲਿਸਤਾਨ ਐਲਾਨਨਾਮਾ ਦਿਵਸ' ਮਨਾਇਆ ਮਨਾਇਆ ਗਿਆ। 'ਖਾਲਿਸਤਾਨ ਐਲਾਨਨਾਮਾ ਦੀ 40ਵੀਂ ਵਰ੍ਹੇਗੰਢ ਮਨਾਉਂਦਿਆਂ ਗੁਰੂਘਰ ਦੇ ਕੀਰਤਨ ਜਥਿਆਂ ਵੱਲੋਂ ਚੜ੍ਹਦੀ ਕਲਾ ਦੇ ਸ਼ਬਦ ਪੜ੍ਹੇ ਗਏ ਤੇ ਹੈੱਡ ਗ੍ਰੰਥੀ ਭਾਈ ਲਖਵਿੰਦਰ ਸਿੰਘ ਵੱਲੋਂ ਕਥਾ ਵਿਚਾਰ ਕੀਤੀ ਗਈ। ਗੁਰਦੁਆਰਾ ਸਾਹਿਬ ਦੇ ਸਾਬਕਾ ਪ੍ਰਧਾਨ ਹਰਕੀਰਤ ਸਿੰਘ ਸੰਧੂ ਨੇ ਸੰਗਤਾਂ ਨਾਲ ਖਾਲਿਸਤਾਨ ਐਲਾਨਨਾਮਾ ਸਬੰਧੀ ਵਿਚਾਰ ਸਾਂਝੇ ਕੀਤੇ ਤੇ ਸੰਗਤਾਂ ਨੂੰ ਇਸ ਦਿਹਾੜੇ ਦੀ ਵਧਾਈ ਦਿੱਤੀ।

ਸੰਗਤਾਂ ਦੀ ਜਾਣਕਾਰੀ ਲਈ ਦੱਸ ਦਈਏ ਕਿ 29 ਅਪਰੈਲ 1986 ਨੂੰ ਪੰਥਕ ਕਮੇਟੀ ਦੇ ਮੈਂਬਰਾਂ ਜਿਨ੍ਹਾਂ ਵਿੱਚ ਸ਼ਹੀਦ ਬਾਬਾ ਗੁਰਬਚਨ ਸਿੰਘ ਮਾਨੋਚਾਹਲ, ਸ਼ਹੀਦ ਭਾਈ ਅਰੂੜ ਸਿੰਘ, ਸ਼ਹੀਦ ਭਾਈ ਗੁਰਦੇਵ ਸਿੰਘ ਉਸਮਾਨ ਵਾਲਾ, ਭਾਈ ਧੰਨਾ ਸਿੰਘ ਤੇ ਭਾਈ ਵੱਸਣ ਸਿੰਘ ਜੱਫਰਵਾਲ ਵਲੋਂ ਅਕਾਲ ਤਖ਼ਤ ਸਾਹਿਬ ਤੋਂ ਹਜ਼ਾਰਾਂ ਸੰਗਤਾਂ ਦੀ ਹਾਜ਼ਰੀ ਵਿੱਚ ਖਾਲਿਸਤਾਨ ਐਲਾਨਨਾਮੇ ਦਾ ਜੈਕਾਰਿਆਂ ਦੀ ਗੂੰਜ ਵਿੱਚ ਐਲਾਨ ਕੀਤਾ ਗਿਆ ਸੀ ਤੇ ਜਿਸ 'ਤੇ ਪਹਿਰਾ ਦਿੰਦਿਆਂ ਪੰਜਾਬ ਸਮੇਤ ਵੱਖ-ਵੱਖ ਸੂਬਿਆਂ ਤੇ ਬਾਹਰਲੇ ਮੁਲਕਾਂ ਵਿੱਚ ਵਸਦੇ ਸਿੱਖਾਂ ਵੱਲੋਂ ਇਸ ਦਿਹਾੜੇ ਨੂੰ ਬੜੀ ਸ਼ਰਧਾ ਨਾਲ ਮਨਾਇਆ ਜਾਂਦਾ ਹੈ।

ਖਾਲਿਸਤਾਨ ਪੱਖੀ ਸ਼ਖਸੀਅਤਾਂ ਦਾ ਵਿਚਾਰ ਹੈ ਕਿ ਕੁਝ ਨਾ ਸਮਝ ਲੋਕ ਤੇ ਭਾਰਤ ਪੱਖੀ ਤਾਕਤਾਂ ਨਾਲ ਰਲ ਕੇ ਚੱਲਣ ਵਾਲੇ ਅਖੌਤੀ ਸਿੱਖ ਖਾਲਿਸਤਾਨ ਦੇ ਨਾਮ ਨੂੰ ਹਊਆ ਬਣਾ ਕੇ ਪੇਸ਼ ਕਰਦੇ ਹਨ, ਪਰ ਬਹੁਤਾਤ ਵਿੱਚ ਸਿੱਖ ਇਸ ਨਾਮ ਨੂੰ ਬੜੇ ਹੀ ਮਾਣ ਤੇ ਸਤਿਕਾਰ ਨਾਲ ਮਾਨਤਾ ਦਿੰਦੇ ਹਨ ਤੇ ਆਪੋ ਆਪਣੇ ਅਸੀਮਤ ਸਾਧਨਾਂ ਰਾਹੀਂ ਖਾਲਿਸਤਾਨ ਦੀ ਪ੍ਰਾਪਤੀ ਲਈ ਸੰਘਰਸ਼ ਵਿੱਚ ਯੋਗਦਾਨ ਪਾ ਰਹੇ ਹਨ।

ਖਾਲਿਸਤਾਨ ਪੱਖੀਆਂ ਅਨੁਸਾਰ ਦਰਬਾਰ ਸਾਹਿਬ 'ਤੇ ਹਮਲੇ ਤੋਂ ਕੁਝ ਸਮਾਂ ਪਹਿਲਾਂ ਸੰਤ ਬਾਬਾ ਜਰਨੈਲ ਸਿੰਘ ਖ਼ਾਲਸਾ ਭਿੰਡਰਾਂਵਾਲਿਆਂ ਨੇ ਆਪਣੀਆਂ ਅਖੀਰਲੀਆਂ ਸਪੀਚਾਂ ਦੌਰਾਨ ਸਿੱਖ ਕੌਮ ਦੇ ਨਾਮ ਸੰਦੇਸ਼ ਦਿੱਤੇ ਸਨ ਕਿ ਭਾਵੇਂ ਅਜੇ ਸਾਡੀ ਖਾਲਿਸਤਾਨ ਦੀ ਕੋਈ ਮੰਗ ਨਹੀਂ ਹੈ, ਪਰ ਜੇ ਸਰਕਾਰ ਸਾਨੂੰ ਕੋਈ ਆਜ਼ਾਦ ਖਿੱਤਾ ਦੇਵੇਗੀ ਤਾਂ ਅਸੀਂ 1947 ਵਾਲੀ ਗਲਤੀ ਨਹੀਂ ਕਰਾਂਗੇ। ਜਿਸ ਦਿਨ ਦਰਬਾਰ ਸਾਹਿਬ ਵਿਖੇ ਭਾਰਤੀ ਫੌਜ ਨੇ ਹਮਲਾ ਕਰ ਦਿੱਤਾ, ਉਸ ਦਿਨ ਖਾਲਿਸਤਾਨ ਦੀ ਨੀਂਹ ਰੱਖੀ ਜਾਵੇਗੀ। ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਦੇ ਉਨ੍ਹਾਂ ਬਚਨਾਂ 'ਤੇ ਪਹਿਰਾ ਦਿੰਦਿਆਂ ਸਿੱਖ ਪੰਥ ਦਾ ਦਰਦ ਰੱਖਣ ਵਾਲੇ ਸਿੱਖ ਲਗਾਤਾਰ ਖਾਲਿਸਤਾਨ ਦੀ ਪ੍ਰਾਪਤੀ ਲਈ ਸੰਘਰਸ਼ ਕਰਦੇ ਆ ਰਹੇ ਹਨ।

MIDWEST SIKH SOCIETY
ILLINOIS
Waheguru Ji Ka Khalsa, Waheguru Ji Ki Fateh
Please join us for our upcoming Sangat gatherings.
SERVICE DETAILS
- **Date 1:** Sunday, May 17th • **Date 2:** Sunday, May 31st
- **Time 1:** 9:30 AM – 12:30 PM • **Time 2:** 9:00 AM – 11:00 AM
- **Location:** 5 Ashlawn Ave, Montgomery, IL 60538
PROGRAM SCHEDULE
- **Service:** Sukhmani Sahib Path & Ardaas
- **Community:** Chai and snacks will be served
- **Discussion:** Property purchase and next actions
*Your continued presence is vital as we grow our community.*
For more information please email midwestsikhsociety@gmail.com or call (815) 302-9427
*Building Community Through Faith & Service*

# ਮੱਧ ਪੂਰਬ ਦੇ ਲੋਕਾਂ ਦੀ ਜਿੰਦ ਸੂਲੀ ਟੰਗੀ ਸੀਜ਼ਫਾਇਰ ਨੇ

## ਨਾ ਜੰਗ, ਨਾ ਅਮਨ

**ਜਸਵੀਰ ਸਿੰਘ ਸ਼ੀਰੀ**

ਅਮਰੀਕਾ-ਇਜ਼ਰਾਇਲ ਅਤੇ ਇਰਾਨ ਵਿਚਕਾਰ ਸੀਜ਼ਫਾਇਰ ਹੋਏ ਨੂੰ ਭਾਵੇਂ ਦੋ ਮਹੀਨੇ ਦਾ ਸਮਾਂ ਗੁਜ਼ਰ ਚੁੱਕਾ ਹੈ, ਪਰ ਇਸ ਖਿੱਤੇ ਦੇ ਮੁਲਕਾਂ ਦੀ ਜ਼ਿੰਦਗੀ ਹਾਲੇ ਵੀ ਲੀਹ 'ਤੇ ਨਹੀਂ ਆਈ। ਅਮਰੀਕਾ-ਇਰਾਨ ਵਿਚਾਲੇ 8 ਅਪਰੈਲ ਨੂੰ 10 ਦਿਨਾਂ ਲਈ ਹੋਈ ਜੰਗਬੰਦੀ ਦੇ ਮਾਮਲੇ ਵਿੱਚ ਸਮਾਂ ਸੀਮਾ ਨੂੰ ਖੁਲ੍ਹਾ ਛੱਡ ਕੇ ਮੱਧ ਪੂਰਬੀ ਦੇਸ਼ਾਂ ਦੇ ਲੋਕਾਂ ਦੀ ਜਾਨ ਸੂਲੀ 'ਤੇ ਲਟਕਾ ਦਿੱਤੀ ਗਈ ਹੈ। ਖਾਸ ਕਰਕੇ ਇਰਾਨ ਦੇ ਲੋਕਾਂ ਦੇ ਮਨਾਂ ਵਿਚਲਾ ਭੰਬਲਭੂਸਾ ਜਾਰੀ ਹੈ। ਯਾਦ ਰਹੇ, ਸੀਜ਼ਫਾਇਰ ਲਈ ਪਾਕਿਸਤਾਨ ਵਿੱਚ ਹੋਈ ਪਹਿਲੇ ਗੇੜ ਦੀ ਗੱਲਬਾਤ ਕਿਸੇ ਨਿਸ਼ਚਤ ਨਤੀਜੇ 'ਤੇ ਨਹੀਂ ਸੀ ਪਹੁੰਚ ਸਕੀ, ਪਰ ਅਮਰੀਕਾ ਦੇ ਉੱਪ ਰਾਸ਼ਟਰਪਤੀ ਜੇ.ਡੀ. ਵੈਂਸ ਨੇ ਅਗਲੇ ਗੇੜ ਦੀ ਗੱਲਬਾਤ ਦੌਰਾਨ ਕੋਈ ਨਾ ਕੋਈ ਹਾਂ-ਮੁਖੀ ਨਤੀਜਾ ਸਾਹਮਣੇ ਆਉਣ ਦੀ ਆਸ ਪ੍ਰਗਟ ਕੀਤੀ ਸੀ।

ਅਸਲ ਵਿੱਚ ਇਹ ਪਹਿਲੇ ਗੇੜ ਦੀ ਗੱਲਬਾਤ ਇਸ ਕਾਰਨ ਬੇਸਿੱਟਾ ਰਹੀ ਸੀ ਕਿ ਇਰਾਨ ਦੇ 10 ਨੁਕਾਤੀ ਪ੍ਰੋਗਰਾਮ 'ਤੇ ਸਹਿਮਤੀ ਪ੍ਰਗਟਾਉਣ ਤੋਂ ਬਾਅਦ ਅਮਰੀਕੀ-ਇਜ਼ਰਾਇਲੀ ਧਿਰ ਆਪਣੀਆਂ ਔਖੀਆਂ ਸ਼ਰਤਾਂ 'ਤੇ ਮੁੜ ਅੜ ਖਲੋਤੀ ਸੀ। ਮੁੱਖ ਰੂਪ ਵਿੱਚ ਅਮਰੀਕਾ ਨੇ ਇਰਾਨ ਨੂੰ ਆਪਣਾ ਪ੍ਰਮਾਣੂ ਪ੍ਰੋਗਰਾਮ ਬੰਦ ਕਰਨ, ਸੋਧਿਆ ਹੋਇਆ ਸਾਡੇ ਚਾਰ ਸੌ ਕਿੱਲੋ ਯੂਰੇਨੀਅਮ ਉਨ੍ਹਾਂ ਦੇ ਹਵਾਲੇ ਕਰਨ, ਹੌਰਮੂਜ਼ ਲਾਂਘਾ ਤੁਰੰਤ ਖੋਲ੍ਹਣ ਅਤੇ ਇਰਾਨੀ ਬਲਿਸਟਿਕ ਮਿਜ਼ਾਈਲ ਪ੍ਰੋਗਰਾਮ ਬੰਦ ਕਰਨ 'ਤੇ ਜ਼ੋਰ ਦੇਣਾ ਸ਼ੁਰੂ ਕਰ ਦਿੱਤਾ ਸੀ। ਇਰਾਨ ਨੇ ਇਹ ਚਾਰੇ ਮੰਗਾਂ ਮੰਨਣ ਤੋਂ ਇਨਕਾਰ ਕਰ ਦਿੱਤਾ। ਇਰਾਨ ਭਾਵੇਂ ਆਪਣਾ ਪ੍ਰਮਾਣੂ ਪ੍ਰੋਗਰਾਮ 5 ਸਾਲਾਂ ਲਈ ਮੁਲਤਵੀ ਕਰਨ ਲਈ ਰਾਜ਼ੀ ਸੀ, ਪਰ ਉਸ ਨੇ ਇਸ ਨੂੰ ਪੱਕੇ ਤੌਰ 'ਤੇ ਤਿਆਗਣ ਤੋਂ ਇਨਕਾਰ ਕਰ ਦਿੱਤਾ ਹੈ। ਇਰਾਨ ਦੀ ਦਲੀਲ ਸੀ ਕਿ ਉਨ੍ਹਾਂ ਉੱਤੇ ਲਗਾਈਆਂ ਗਈਆਂ ਆਰਥਕ ਪਾਬੰਦੀਆਂ ਨੂੰ ਹਟਾਇਆ ਜਾਵੇ ਅਤੇ ਅਮਰੀਕਾ ਸਮੇਤ ਕਈ ਮੁਲਕਾਂ ਵੱਲੋਂ ਜਬਤ ਕੀਤੀ ਗਈ ਇਰਾਨ ਦੀ ਅਰਬਾਂ ਡਾਲਰ ਦੀ ਰਾਸ਼ੀ ਨੂੰ ਰਿਲੀਜ਼ ਕੀਤਾ ਜਾਵੇ। ਇਸ ਤੋਂ ਇਲਾਵਾ ਇਰਾਨ ਨੇ ਇਹ ਸ਼ਰਤ ਵੀ ਰੱਖੀ ਕਿ ਉਸ 'ਤੇ 28 ਫਰਵਰੀ ਨੂੰ ਕੀਤੇ ਗਏ ਹਮਲੇ ਤੋਂ ਬਾਅਦ ਹੋਏ ਨੁਕਸਾਨ ਦੀ ਭਰਪਾਈ (ਮੁਆਵਜ਼ਾ) ਕੀਤੀ ਜਾਵੇ। ਇਰਾਨ ਦੀਆਂ ਇਨ੍ਹਾਂ ਮੰਗਾਂ 'ਤੇ ਅਮਰੀਕਾ ਨੇ ਕੰਨ ਧਰਨ ਤੋਂ ਇਨਕਾਰ ਕਰ ਦਿੱਤਾ। ਅਸਲ ਵਿੱਚ ਹੁਣ ਤੱਕ ਦੇ ਸੀਜ਼ਫਾਇਰ ਦੌਰਾਨ ਦੋਵੇਂ ਧਿਰਾਂ ਇੱਕ-ਦੂਜੇ ਦੀਆਂ ਸ਼ਰਤਾਂ ਨਜ਼ਰ ਅੰਦਾਜ਼ ਕਰਕੇ ਅੱਗੇ ਵਧਣ ਦਾ ਯਤਨ ਕਰ ਰਹੀਆਂ ਹਨ। ਜਾਂ ਕਹੋ ਕਿ ਦੋਨੋਂ ਪੱਖ ਇੱਕ-ਦੂਜੇ 'ਤੇ ਆਪਣੀਆਂ ਸ਼ਰਤਾਂ ਲੱਦਣ ਦਾ ਯਤਨ ਕਰ ਰਹੇ ਹਨ। ਇਸ ਤਰ੍ਹਾਂ ਦੋਹਾਂ ਧਿਰਾਂ ਵੱਲੋਂ ਕਿਆਸੋਂ ਵਧਵੀਆਂ ਸ਼ਰਤਾਂ ਨੇ ਗੱਲ ਕਿਸੇ ਕੰਢੇ ਲੱਗਣ ਤੋਂ ਰੋਕ ਦਿੱਤੀ ਹੈ। ਪਹਿਲੇ ਗੇੜ ਦੀ ਗੱਲਬਾਤ ਤੋਂ ਬਾਅਦ ਅਮਰੀਕਾ ਦੇ ਉੱਪ ਰਾਸ਼ਟਰਪਤੀ ਜੇ.ਡੀ. ਵੈਂਸ ਨੇ ਕਿਹਾ ਸੀ ਕਿ ਗੱਲਬਾਤ ਦਾ ਕੋਈ ਨਤੀਜਾ ਨਹੀਂ ਨਿਕਲ ਸਕਿਆ, ਪਰ ਗੱਲਬਾਤ ਨੂੰ ਅੱਗੇ ਵਧਾਉਣ ਦਾ ਯਤਨ ਕੀਤਾ ਜਾ ਰਿਹਾ ਹੈ। ਪਾਕਿਸਤਾਨ ਨੇ ਸੀਜ਼ਫਾਇਰ ਦੀ ਸਮਾਂ ਸੀਮਾ ਖਤਮ ਹੋਣ ਤੋਂ ਪਹਿਲਾਂ ਦੂਜੇ ਗੇੜ ਦੀ ਗੱਲਬਾਤ ਕਰਵਾਉਣ ਦੀ ਪੂਰੀ ਵਾਹ ਲਾਈ, ਪਰ ਇਸ ਵਾਰ ਇਰਾਨ ਵਾਰਤਾ ਤੋਂ ਪੂਰੀ ਤਰ੍ਹਾਂ ਮੁਕਰੀ ਖਾ ਗਿਆ। ਅਸਲ ਵਿੱਚ ਜਦੋਂ ਪਹਿਲੇ ਗੇੜ ਦੀ ਗੱਲਬਾਤ ਚੱਲ ਰਹੀ ਸੀ ਤਾਂ ਅਮਰੀਕਾ ਦੇ ਇੱਕ ਅਖ਼ਬਾਰ ਵਿੱਚ ਇੱਕ ਪੱਤਰਕਾਰ/ਵਿਦਵਾਨ ਦਾ ਲੇਖ ਛਪ ਗਿਆ, ਜਿਸ ਵਿੱਚ ਪਾਕਿਸਤਾਨ ਤੋਂ ਵਾਪਸ ਪਰਤ ਰਹੀ ਸਮੁੱਚੀ ਇਰਾਨੀ ਲੀਡਰਸ਼ਿੱਪ ਨੂੰ ਮਾਰ ਦੇਣ ਦੀ ਦਲੀਲ ਦਿੱਤੀ ਗਈ ਸੀ। ਇਸੇ ਲਈ ਪਾਕਿਸਤਾਨ ਤੋਂ ਵਾਪਸ ਪਰਤਦਿਆਂ ਇਰਾਨ ਦੇ ਕਈ ਆਗੂ ਜ਼ਮੀਨੀ ਰੂਟ ਰਾਹੀਂ ਵਾਪਸ ਪਰਤੇ ਸਨ।

ਇਜ਼ਰਾਇਲ ਅਤੇ ਅਮਰੀਕਾ ਵਿਚਲੀ ਜੀਓਨਿਸਟ ਲਾਬੀ ਵਿਰੋਧੀ ਸਿਆਸੀ ਆਗੂਆਂ ਤੇ ਪੱਤਰਕਾਰਾਂ ਜਾਂ ਬੁੱਧੀਜੀਵੀਆਂ ਅਤੇ ਆਮ ਲੋਕਾਂ ਨੂੰ ਮਾਰਨ ਵਿੱਚ ਰੱਤੀ ਭਰ ਵੀ ਗੁਰੇਜ਼ ਨਹੀਂ ਕਰਦੀ। ਇਹ ਅੰਤਰਰਾਸ਼ਟਰੀ ਕਾਨੂੰਨਾਂ ਦੀ ਉਲੰਘਣਾ ਹੈ। ਇਜ਼ਰਾਇਲ ਅੱਜ ਸਾਰੇ ਅੰਤਰਾਸ਼ਟਰੀ ਕਾਨੂੰਨਾਂ ਨੂੰ ਛਿੱਕੇ ਟੰਗ ਕੇ ਆਪਣੀ ਹੋਂਦ ਨੂੰ ਕਾਇਮ ਰੱਖਣ ਦਾ ਯਤਨ ਕਰ ਰਿਹਾ ਹੈ। ਨੇਤਨਯਾਹੂ ਅੰਤਰਰਾਸ਼ਟਰੀ ਕਾਨੂੰਨਾਂ ਦੀ ਉਲੰਘਣਾ ਕਰਨ ਦਾ ਦੋਸ਼ੀ ਹੈ ਅਤੇ ਅੰਤਰਰਾਸ਼ਟਰੀ ਅਦਾਲਤ ਨੇ ਉਸ ਨੂੰ ਵਾਰੰਟਡ ਕਰਾਰ ਦਿੱਤਾ ਹੋਇਆ ਹੈ। ਕਈ ਯੂਰਪੀਅਨ ਮੁਲਕਾਂ ਨੇ ਉਸ ਨੂੰ ਗ੍ਰਿਫਤਾਰ ਕਰਨ ਦਾ ਐਲਾਨ ਵੀ ਕੀਤਾ ਹੋਇਆ ਹੈ। ਡੋਨਾਲਡ ਟਰੰਪ ਅਤੇ ਨੇਤਨਯਾਹੂ ਦੀਆਂ ਲਿੱਚ-ਗੜਿੱਚੀਆਂ ਨੇ ਇਰਾਨ ਨੂੰ ਵੀ ਫਿਰ ਸੋਚਣ ਲਈ ਮਜਬੂਰ ਕਰ ਦਿੱਤਾ ਹੈ ਕਿ ਜੰਗਬੰਦੀ ਦਾ ਇਹ ਦੂਜਾ ਦੌਰ ਵੀ ਅਮਰੀਕਾ ਅਤੇ ਇਜ਼ਰਾਇਲ ਦਾ ਟੈਕਟੀਕਲ ਪਾਜ਼ ਹੀ ਹੈ।

ਇਸ ਦੌਰਾਨ ਇਨ੍ਹਾਂ ਮੁਲਕਾਂ ਵੱਲੋਂ ਆਪਣੇ ਹਥਿਆਰਾਂ ਦੇ ਭੰਡਾਰ ਨਵਿਆਏ ਜਾ ਰਹੇ ਹਨ। ਇਰਾਨ ਦੇ ਦੁਆਲੇ 16-17 ਸਮੁੰਦਰੀ ਬੇੜੇ ਘੇਰਾ ਪਾਈ ਖੜ੍ਹੇ ਹਨ। ਇਰਾਨ ਦੇ ਤੇਲ ਐਕਸਪੋਰਟ ਨੂੰ ਤਬਾਹ ਕਰਨ ਦਾ ਯਤਨ ਕੀਤਾ ਜਾ ਰਿਹਾ ਹੈ। ਇਸ ਤੋਂ ਇਲਾਵਾ ਇਰਾਨ ਦੁਆਲੇ ਦੁਸ਼ਮਣਾਂ ਦੀਆਂ ਫੌਜੀ ਪਲਟਣਾਂ ਦੀ ਗਿਣਤੀ ਵਧ ਰਹੀ ਹੈ। ਇਸ ਨੂੰ ਵੇਖਦਿਆਂ ਬੀਤੇ ਦਿਨੀਂ ਰੂਸ ਨੇ ਕਿਹਾ ਸੀ ਕਿ ਇਰਾਨ ਅਮਰੀਕਾ ਦੇ ਚੱਕਰਵਿਊ ਵਿੱਚ ਫਸ ਚੁੱਕਾ ਹੈ। ਲਗਦਾ ਇੰਜ ਹੈ ਕਿ ਇਜ਼ਰਾਇਲ ਅਤੇ ਅਮਰੀਕਾ ਇੱਕ ਵਾਰ ਹੋਰ ਇਰਾਨੀ ਲੀਡਰਸ਼ਿੱਪ ਦੇ ਸਮੂਹਿਕ ਖਾਤਮੇ ਦਾ ਯਤਨ ਕਰ ਸਕਦੇ ਹਨ। ਇਜ਼ਰਾਇਲ ਦੀ ਸਮੱਸਿਆ ਇਹ ਹੈ ਕਿ ਉਹ ਅਮਰੀਕਾ ਦੀ ਹਮਾਇਤ ਤੋਂ ਬਿਨਾ ਕਿਸੇ ਜਾਨਦਾਰ ਮੁਲਕ 'ਤੇ ਹਮਲਾ ਕਰਨ ਦੇ ਸਮਰੱਥ ਨਹੀਂ ਹੈ। ਆਪਣੀ ਖੁਫੀਆ ਏਜੰਸੀ ਮੋਸਾਦ ਰਾਹੀਂ ਇਹ ਕਿਸੇ ਮੁਲਕ ਦੀ ਚੋਟੀ ਦੀ ਲੀਡਰਸ਼ਿਪ ਨੂੰ ਲੁਕ ਛਿਪ ਕੇ ਮਾਰਨ, ਮਾਰਨ ਦੀ ਸਾਜ਼ਿਸ਼ ਘੜਨ ਅਤੇ ਨਵੇਂ ਨਵੇਂ ਤਰੀਕਿਆਂ (ਇਨੋਵੇਟਿਵ ਢੰਗ) ਨਾਲ ਹਮਲੇ ਕਰਨ ਦੇ ਸਮਰੱਥ ਹੈ। ਮੋਸਾਦ ਦੀ ਇਸ ਸਮਰੱਥਾ ਤੋਂ ਇੱਥੋਂ ਤੱਕ ਕਿ ਅਮਰੀਕਾ ਦੀ ਖੁਦ ਦੀ ਲੀਡਰਸ਼ਿੱਪ ਵੀ ਤ੍ਰਹਿੰਦੀ ਹੈ। ਬੀਤੇ ਦਿਨੀਂ ਇੱਕ ਪ੍ਰੈਸ ਕਾਨਫਰੰਸ ਵਿੱਚ ਡੋਨਾਲਡ ਟਰੰਪ 'ਤੇ ਹੋਏ ਹਮਲੇ ਦੇ ਦੋਸ਼ ਵੀ ਮੋਸਾਦ 'ਤੇ ਲੱਗੇ ਸਨ। ਹਮਲਾ ਕਰਨ ਵਾਲਾ ਨੌਜਵਾਨ ਇੱਕ ਯਹੂਦੀ ਇੰਜੀਨੀਅਰ ਸੀ। ਉਸ ਬਾਰੇ ਬਾਅਦ ਵਿੱਚ ਕੋਈ ਉੱਘ-ਸੁੱਘ ਨਹੀਂ ਨਿਕਲੀ। ਇਸ ਨੂੰ ਅਮਰੀਕਾ ਅਤੇ ਇਰਾਨ ਵਿਚਾਲੇ ਹੋਣ ਵਾਲੇ ਸੰਭਾਵਤ ਸਮਝੌਤੇ ਨੂੰ ਰੋਕਣ ਦੇ ਯਤਨ ਵਜੋਂ ਦੇਖਿਆ ਜਾ ਰਿਹਾ ਹੈ। ਇਜ਼ਰਾਇਲ ਦੀ ਜਿਓ-ਪੁਲਿਟੀਕਲ ਹਸਤੀ ਫਿਰ ਵੀ ਅਮਰੀਕੀ ਹਮਾਇਤ ਤੋਂ ਬਿਨਾ ਸੰਭਵ ਨਹੀਂ। ਇਸ ਤੋਂ ਇਲਾਵਾ ਦੋਹਾਂ ਮੁਲਕਾਂ ਦੇ ਆਗੂ ਆਪੋ ਆਪਣੇ ਮੁਲਕਾਂ ਅਤੇ ਆਪੋ ਆਪਣੀਆਂ ਪਾਰਟੀਆਂ ਦੇ ਵਿਰੋਧ ਦਾ ਵੀ ਸਾਹਮਣਾ ਕਰ ਰਹੇ ਹਨ। ਦੋਨੋਂ ਭ੍ਰਿਸ਼ਟਾਚਾਰ ਦੇ ਗੰਭੀਰ ਦੋਸ਼ਾਂ ਦਾ ਸਾਹਮਣਾ ਕਰ ਰਹੇ ਹਨ। ਨਵੰਬਰ ਵਿੱਚ ਅਮਰੀਕੀ ਪ੍ਰਤੀਨਿਧੀ ਸਦਨ ਦੀਆਂ ਮੱਧਵਰਤੀ ਚੋਣਾਂ ਹੋਣ ਜਾ ਰਹੀਆਂ। ਇਨ੍ਹਾਂ ਵਿੱਚ ਹਾਰ ਡੋਨਾਲਡ ਟਰੰਪ ਲਈ ਗੰਭੀਰ ਸੰਕਟ ਖੜ੍ਹਾ ਕਰ ਸਕਦੀ ਹੈ। ਅਮਰੀਕਾ ਵੱਲੋਂ ਇਰਾਨ ਖਿਲਾਫ ਜੰਗ ਦੇ ਹੱਕ ਵਿੱਚ ਇਸ ਦੇਸ਼ ਦੇ ਸਿਰਫ 33 ਫੀਸਦੀ ਲੋਕ ਹਨ। ਕਿਹਾ ਜਾ ਰਿਹਾ ਹੈ ਕਿ ਇਹ ਅਮਰੀਕੀ ਇਤਿਹਾਸ ਦੀ ਸਭ ਤੋਂ ਵੱਧ ਗੈਰ-ਪਾਪੂਲਰ ਜੰਗ ਹੈ। ਇਸ ਜੰਗ ਵਿੱਚ ਸਭ ਤੋਂ ਹਾਸੋਹੀਣੀ ਸਥਿਤੀ ਅਸਲ ਵਿੱਚ ਇਸਲਾਮਿਕ ਦੇਸ਼ ਅਖਵਾਉਣ ਵਾਲੇ ਖਾੜੀ ਮੁਲਕਾਂ ਦੀ ਬਣੀ ਹੋਈ ਹੈ। ਇਹ ਮੁਲਕ ਦਿਨ ਵੇਲੇ ਅਮਰੀਕਾ ਅਤੇ ਇਜ਼ਰਾਇਲ ਵੱਲੋਂ ਇਰਾਨ 'ਤੇ ਹੋਣ ਵਾਲੇ ਹਮਲਿਆ ਦਾ ਰਸਮੀ ਜਿਹਾ ਵਿਰੋਧ ਕਰਦੇ ਹਨ, ਜਦਕਿ ਰਾਤਾਂ ਨੂੰ ਦੋਨੋਂ ਇਰਾਨ 'ਤੇ ਕੀਤੇ ਜਾਣ ਵਾਲੇ ਹਵਾਈ ਹਮਲਿਆਂ ਲਈ ਆਪਣੀਆਂ ਹਵਾਈ ਪੱਟੀਆਂ ਹਮਲਾਵਰ ਮੁਲਕਾਂ ਦੇ ਹਵਾਲੇ ਕਰਦੇ ਹਨ। ਇਨ੍ਹਾਂ ਮੁਲਕਾਂ ਦੀ ਹਾਲਤ ਦੁਬਿਧਾ ਭਰੀ ਹੈ। ਕਦੀ ਚੀਨ ਅਤੇ ਰੂਸ ਜਿਹੇ ਮੁਲਕਾਂ ਦੀ ਚੜ੍ਹ ਰਹੀ ਸ਼ਕਤੀ ਵੱਲ ਵੇਖਦੇ ਹਨ ਤੇ ਕਿਧਰੇ ਪੁਰਾਣੀ ਮਹਾਂਸ਼ਕਤੀ ਤੋਂ ਆਪਣੀ ਸੁਰੱਖਿਆ ਦੀ ਆਸ ਬਣਾਈ ਰੱਖਣ ਦਾ ਯਤਨ ਕਰਨ ਲਗਦੇ ਹਨ, ਜਿਸ ਵਿੱਚ ਕਿ ਅਮਰੀਕਾ ਪਹਿਲਾਂ ਹੀ ਅਸਫਲ ਰਿਹਾ ਹੈ। ਹੌਰਮੂਜ਼ ਦਾ ਕੰਟਰੋਲ ਹਾਲੇ ਵੀ ਇਰਾਨ ਦੇ ਹੱਥ ਵਿੱਚ ਹੈ। ਉੱਪਰ ਦੀਂ ਅਮਰੀਕਾ ਇਰਾਨ ਦੀਆਂ ਬੰਦਰਗਾਹਾਂ ਅਤੇ ਹੌਰਮੂਜ਼ ਨੂੰ ਘੇਰਾ ਪਾਈ ਬੈਠਾ ਹੈ। ਚੀਨ ਅਤੇ ਰੂਸ ਦੇ ਤਾਰਪੀਡੋ ਅਤੇ ਪਣਡੁੱਬੀਆਂ ਤੀਹਰਾ ਘੇਰਾ ਅਮਰੀਕੀ ਫੌਜਾਂ ਦੁਆਲੇ ਘੱਤ ਰਹੀਆਂ ਹਨ। ਇਸ ਹਾਲਤ ਵਿੱਚ ਇਸ ਲੜਾਈ ਦੇ ਮੁੜ ਛਿੜ ਜਾਣ ਦੇ ਖਤਰੇ ਕਾਇਮ ਹਨ। ਜੇ ਇਹ ਜੰਗ ਇੱਕ ਵਾਰ ਫਿਰ ਛਿੜ ਜਾਂਦੀ ਹੈ ਤਾਂ ਇਸ ਦਾ ਘੇਰਾ ਮੱਧ ਏਸ਼ੀਆ ਤੱਕ ਸੀਮਤ ਨਹੀਂ ਰਹੇਗਾ। ਨੇਤਨਯਾਹੂ ਦੀ ਬਿਮਾਰ ਜ਼ਿੱਦ ਇਸ ਨੂੰ ਸੰਸਾਰ ਜੰਗ ਵਿੱਚ ਵੀ ਬਦਲ ਸਕਦੀ ਹੈ।







# ਈਰਾਨ ਜੰਗ: ਦੁਨੀਆ ਮੰਦੀ ਦੇ ਕਾਲ਼ੇ ਪਰਛਾਵੇਂ ਹੇਠ

## ਅਮਰੀਕਾ ਨੇ 95 ਲੱਖ ਕਰੋੜ ਰੁਪਏ ਖਰਚੇ, ਈਰਾਨ ਵਿੱਚ 3,600 ਤੋਂ ਜ਼ਿਆਦਾ ਮੌਤਾਂ; ਚੀਨ-ਰੂਸ ਨੂੰ ਫ਼ਾਇਦਾ

ਪੰਜਾਬੀ ਪਰਵਾਜ਼ ਬਿਊਰੋ

ਅਮਰੀਕਾ ਦੀ ਈਰਾਨ ਦੇ ਖਿਲਾਫ 28 ਫਰਵਰੀ ਨੂੰ ਸ਼ੁਰੂ ਹੋਈ ਜੰਗ ਨੂੰ ਦੋ ਮਹੀਨੇ ਤੋਂ ਵੱਧ ਸਮਾਂ ਹੋ ਚੁਕਾ ਹੈ। ਅਮਰੀਕੀ ਰਾਸ਼ਟਰਪਤੀ ਟਰੰਪ ਨੇ ਇਸਨੂੰ ਛੋਟੀ ਅਤੇ ਫ਼ੈਸਲਾਕੁੰਨ ਲੜਾਈ ਦੱਸਿਆ ਸੀ, ਪਰ ਹੁਣ ਹਾਲਾਤ ਉਲਟ ਦਿਖ ਰਹੇ ਹਨ। ਜੰਗ ਰੁਕੀ ਜ਼ਰੂਰ ਹੈ, ਪਰ ਖ਼ਤਮ ਨਹੀਂ ਹੋਈ। ਇਸ ਜੰਗ ਵਿੱਚ ਹੁਣ ਤੱਕ ਈਰਾਨ ਦੇ 3,600 ਤੋਂ ਵੱਧ ਲੋਕਾਂ ਦੀ ਮੌਤ ਹੋ ਚੁੱਕੀ ਹੈ, ਜਿਨ੍ਹਾਂ ਵਿੱਚ 1,700 ਤੋਂ ਵੱਧ ਆਮ ਨਾਗਰਿਕ ਹਨ।

ਅੰਤਰਰਾਸ਼ਟਰੀ ਮੁਦਰਾ ਕੋਸ਼ (ਆਈ.ਐੱਮ.ਐਫ.) ਦੇ ਮੁੱਖ ਅਰਥਸ਼ਾਸਤਰੀ ਪਿਯਰੇ-ਓਲਿਵਿਯਰ ਗੋਰਿਨਸ਼ਾਸ ਨੇ ਚੇਤਾਵਨੀ ਦਿੱਤੀ ਹੈ ਕਿ ਜੇ ਇਹ ਜੰਗੀ ਸੰਘਰਸ਼ ਲੰਮਾ ਚੱਲਦਾ ਹੈ ਅਤੇ ਤੇਲ ਦੀਆਂ ਕੀਮਤਾਂ ਉੱਚੀਆਂ ਬਣੀਆਂ ਰਹਿੰਦੀਆਂ ਹਨ, ਤਾਂ ਗਲੋਬਲ ਆਰਥਿਕ ਗ੍ਰੋਥ ਰੇਟ ਘਟ ਕੇ ਲਗਭਗ 2 ਫ਼ੀਸਦੀ ਤੱਕ ਆ ਸਕਦੀ ਹੈ, ਜਿਸਨੂੰ ਆਮ ਤੌਰ 'ਤੇ ਗਲੋਬਲ ਮੰਦੀ ਮੰਨਿਆ ਜਾਂਦਾ ਹੈ। ਆਈ.ਐੱਮ.ਐਫ. ਨੇ ਦੱਸਿਆ ਕਿ ਜੰਗ ਤੋਂ ਪਹਿਲਾਂ ਉਮੀਦ ਸੀ ਕਿ ਇਸ ਸਾਲ ਵਿਸ਼ਵ ਪੱਧਰੀ ਮਹਿੰਗਾਈ 4.1 ਫ਼ੀਸਦੀ ਤੋਂ ਘਟ ਕੇ 3.8 ਫ਼ੀਸਦੀ ਹੋ ਜਾਵੇਗੀ, ਪਰ ਹੁਣ 4.4 ਫ਼ੀਸਦੀ ਤੱਕ ਪਹੁੰਚਣ ਦਾ ਅਨੁਮਾਨ ਹੈ।

ਉਧਰ ਹਾਰਵਰਡ ਦੀ ਅਰਥਸ਼ਾਸਤਰੀ ਲਿੰਡਾ ਬਿਲਮਜ਼ ਦਾ ਅਨੁਮਾਨ ਹੈ ਕਿ ਅਮਰੀਕਾ ਨੇ ਇਸ ਯੁੱਧ 'ਤੇ ਕਰੀਬ 1 ਟ੍ਰਿਲੀਅਨ ਡਾਲਰ ਯਾਨੀ 95 ਲੱਖ ਕਰੋੜ ਰੁਪਏ ਖ਼ਰਚ ਕੀਤੇ ਹਨ। ਹਾਲਾਂਕਿ ਅਮਰੀਕੀ ਸਰਕਾਰ ਨੇ 25 ਅਰਬ ਡਾਲਰ ਖ਼ਰਚ ਕਰਨ ਦੀ ਗੱਲ ਕਹੀ ਹੈ। ਦੂਜੇ ਪਾਸੇ ਇਸ ਜੰਗ ਤੋਂ ਚੀਨ ਅਤੇ ਰੂਸ ਨੂੰ ਫ਼ਾਇਦਾ ਮਿਲ ਰਿਹਾ ਹੈ। ਚੀਨ ਇਸ ਜੰਗ ਤੋਂ ਤੁਲਨਾਤਮਕ ਤੌਰ 'ਤੇ ਮਜਬੂਤ ਸਥਿਤੀ ਵਿੱਚ ਦਿਖ ਰਿਹਾ ਹੈ। ਚੀਨ ਨੇ ਪਹਿਲਾਂ ਹੀ ਤੇਲ ਦੇ ਭੰਡਾਰ ਜੋੜ ਰੱਖੇ ਸਨ ਅਤੇ ਬਦਲਵੀਂ ਊਰਜਾ 'ਤੇ ਵੀ ਕਈ ਦਹਾਕਿਆਂ ਤੋਂ ਧਿਆਨ ਦੇ ਰਿਹਾ ਸੀ। ਨਾਲ ਹੀ, ਅਮਰੀਕਾ ਦਾ ਅਕਸ ਕਮਜ਼ੋਰ ਹੋਣ ਨਾਲ ਉਸਨੂੰ ਕੂਟਨੀਤਿਕ ਫ਼ਾਇਦਾ ਮਿਲਿਆ ਹੈ।

ਚੀਨ ਦੀਆਂ ਤੇਲ ਅਤੇ ਗੈਸ ਕੰਪਨੀਆਂ ਵੀ ਮੁਨਾਫ਼ਾ ਕਮਾ ਰਹੀਆਂ ਹਨ। ਸੀ.ਐਨ.ਐਨ. ਮੁਤਾਬਕ 6 ਵੱਡੀਆਂ ਕੰਪਨੀਆਂ ਇਸ ਸਾਲ 94 ਅਰਬ ਡਾਲਰ ਤੱਕ ਦਾ ਲਾਭ ਕਮਾ ਸਕਦੀਆਂ ਹਨ। ਇਸ ਤੋਂ ਇਲਾਵਾ ਇਸ ਜੰਗ ਤੋਂ ਰੂਸ ਦੀ ਅਰਥਵਿਵਸਥਾ ਨੂੰ ਵੀ ਫ਼ਾਇਦਾ ਮਿਲਦਾ ਦਿਖ ਰਿਹਾ ਹੈ। ਤੇਲ ਅਤੇ ਅਨਾਜ ਦੀਆਂ ਉੱਚੀਆਂ ਕੀਮਤਾਂ ਦੀ ਵਜ੍ਹਾ ਨਾਲ ਰੂਸ ਦੀ ਕਮਾਈ ਵਧੀ ਹੈ। ਨਾਲ ਹੀ ਜਦੋਂ ਤੇਲ ਦੀਆਂ ਕੀਮਤਾਂ ਤੇਜ਼ੀ ਨਾਲ ਵੱਧ ਰਹੀਆਂ ਸਨ, ਤਦ ਅਮਰੀਕਾ ਨੇ ਸਮੁੰਦਰ ਵਿੱਚ ਮੌਜੂਦ ਰੂਸੀ ਤੇਲ 'ਤੇ ਕੁਝ ਸਮੇਂ ਲਈ ਪਾਬੰਦੀਆਂ ਢਿੱਲੀਆਂ ਕਰ ਦਿੱਤੀਆਂ, ਜਿਸ ਨਾਲ ਸਪਲਾਈ ਵੱਧ ਸਕੇ, ਇਸ ਨਾਲ ਰੂਸ ਨੂੰ ਹੋਰ ਲਾਭ ਹੋਇਆ। ਅੰਤਰਰਾਸ਼ਟਰੀ ਊਰਜਾ ਏਜੰਸੀ (ਆਈ.ਈ.ਏ) ਮੁਤਾਬਕ ਮਾਰਚ ਵਿੱਚ ਰੂਸ ਦੀ ਐਨਰਜੀ ਕਮਾਈ ਕਰੀਬ ਦੋਗੁਣੀ ਹੋ ਕੇ 19 ਅਰਬ ਡਾਲਰ ਪਹੁੰਚ ਗਈ, ਜੋ ਫਰਵਰੀ ਵਿੱਚ 9.75 ਅਰਬ ਡਾਲਰ ਸੀ।

### ਇਸ ਜੰਗ ਵਿੱਚ ਕੋਈ ਅਸਲੀ ਜੇਤੂ ਨਹੀਂ

ਬਰੂਕਿੰਗਸ ਇੰਸਟੀਟਿਊਟ ਦੀ ਸੀਨੀਅਰ ਫੈਲੋ ਮੇਲਾਨੀ ਸਿਸਨ ਨੇ ਸੀ.ਐਨ.ਐਨ. ਨੂੰ ਕਿਹਾ ਕਿ ਜੰਗ ਵਿੱਚ ਕੋਈ ਅਸਲੀ ਜੇਤੂ ਨਹੀਂ ਹੈ। ਅਮਰੀਕਾ ਨੂੰ ਵੀ ਰਣਨੀਤਿਕ ਲਾਭ ਨਹੀਂ ਮਿਲਿਆ ਹੈ। ਜੰਗ ਦਾ ਅਸਰ ਪੂਰੀ ਦੁਨੀਆ 'ਤੇ ਦਿਖ ਰਿਹਾ ਹੈ। ਈਰਾਨ, ਲੇਬਨਾਨ ਅਤੇ ਖਾੜੀ ਦੇਸ਼ਾਂ ਤੋਂ ਲੈ ਕੇ ਭਾਰਤ ਤੱਕ ਪੂਰੀ ਦੁਨੀਆ ਦੇ ਲੋਕ ਇਸਦੀ ਕੀਮਤ ਚੁਕਾ ਰਹੇ ਹਨ।

### ਈਰਾਨ 'ਚ ਆਮ ਜਨਤਾ 'ਤੇ ਸਰਕਾਰ ਦੀ ਸਖ਼ਤੀ

ਈਰਾਨ ਦੀ ਸਰਕਾਰ ਨੇ ਵੀ ਅੰਦਰੂਨੀ ਵਿਰੋਧ 'ਤੇ ਸਖ਼ਤੀ ਵਧਾ ਦਿੱਤੀ ਹੈ। ਸਾਲ ਦੀ ਸ਼ੁਰੂਆਤ ਤੋਂ ਹੁਣ ਤੱਕ 600 ਤੋਂ ਵੱਧ ਲੋਕਾਂ ਨੂੰ ਫਾਂਸੀ ਦਿੱਤੀ ਜਾ ਚੁੱਕੀ ਹੈ। ਦੇਸ਼ ਵਿੱਚ ਅੱਠ ਹਫ਼ਤਿਆਂ ਤੋਂ ਇੰਟਰਨੈੱਟ ਬੰਦ ਹੈ ਅਤੇ ਅਰਥਵਿਵਸਥਾ ਵੀ ਬੁਰੀ ਤਰ੍ਹਾਂ ਪ੍ਰਭਾਵਿਤ ਹੋਈ ਹੈ। ਜਿਸ ਨਾਲ ਨੌਕਰੀਆਂ ਜਾ ਰਹੀਆਂ ਹਨ ਤੇ ਗਰੀਬੀ ਵੱਧ ਰਹੀ ਹੈ।

ਰਿਪੋਰਟ ਮੁਤਾਬਕ ਇਜ਼ਰਾਇਲ ਨੇ ਲੇਬਨਾਨ ਦੇ ਕਰੀਬ 15 ਫ਼ੀਸਦੀ ਹਿੱਸੇ 'ਤੇ ਕਬਜ਼ਾ ਕਰ ਲਿਆ ਹੈ ਅਤੇ ਉਹ ਇਸ ਇਲਾਕੇ ਨੂੰ ਬਫਰ ਜ਼ੋਨ ਦੇ ਰੂਪ ਵਿੱਚ ਬਣਾਈ ਰੱਖਣਾ ਚਾਹੁੰਦਾ ਹੈ, ਜਦ ਤੱਕ ਹਿਜਬੁੱਲਾਹ ਨੂੰ ਕਮਜ਼ੋਰ ਨਹੀਂ ਕਰ ਦਿੱਤਾ ਜਾਂਦਾ। ਸੀਨੀਅਰ ਪੱਤਰਕਾਰ ਨੋਰਾ ਬੌਸਤਾਨੀ ਦਾ ਕਹਿਣਾ ਹੈ ਕਿ ਲੇਬਨਾਨ ਦੇ ਲੋਕਾਂ ਨੂੰ ਸਭ ਤੋਂ ਵੱਡਾ ਡਰ ਇਹੀ ਹੈ ਕਿ ਦੇਸ਼ ਦਾ ਇੱਕ ਹਿੱਸਾ ਫਿਰ ਲੰਬੇ ਸਮੇਂ ਤੱਕ ਵਿਦੇਸ਼ੀ ਕਬਜ਼ੇ ਵਿੱਚ ਰਹਿ ਸਕਦਾ ਹੈ। ਇਹ ਇਲਾਕਾ ਮੁੱਖ ਤੌਰ 'ਤੇ ਬਾਰਡਰ ਤੋਂ ਲੈ ਕੇ ਲਿਤਾਨੀ ਦਰਿਆ ਤੱਕ ਫੈਲਿਆ ਹੋਇਆ ਹੈ।

ਲੇਬਨਾਨ ਦੇ ਲੋਕ ਕਈ ਦਹਾਕਿਆਂ ਤੋਂ ਹਿਜਬੁੱਲਾਹ ਅਤੇ ਇਜ਼ਰਾਇਲ ਦੇ ਵਿਚਕਾਰ ਚੱਲ ਰਹੇ ਸੰਘਰਸ਼ ਵਿੱਚ ਫਸੇ ਹੋਏ ਹਨ। ਫਰਵਰੀ ਤੱਕ ਇੱਕ ਨਾਜ਼ੁਕ ਸੀਜ਼ਫਾਇਰ ਬਣਿਆ ਹੋਇਆ ਸੀ, ਪਰ ਹਾਲਾਤ ਤਦ ਵਿਗੜ ਗਏ ਜਦ ਇਜ਼ਰਾਇਲ ਨੇ ਈਰਾਨ ਦੇ ਸੁਪਰੀਮ ਲੀਡਰ ਅਯਾਤੁੱਲਾਹ ਅਲੀ ਖਾਮੇਨੇਈ ਨੂੰ ਮਾਰ ਦਿੱਤਾ। ਇਸ ਤੋਂ ਬਾਅਦ ਹਿਜਬੁੱਲਾਹ ਨੇ ਇਜ਼ਰਾਇਲ 'ਤੇ ਹਮਲੇ ਸ਼ੁਰੂ ਕਰ ਦਿੱਤੇ। ਜਵਾਬ ਵਿੱਚ ਇਜ਼ਰਾਇਲ ਨੇ ਲੇਬਨਾਨ 'ਤੇ ਜ਼ੋਰਦਾਰ ਏਅਰਸਟਰਾਇਕ ਅਤੇ ਜ਼ਮੀਨੀ ਕਾਰਵਾਈ ਸ਼ੁਰੂ ਕੀਤੀ, ਜਿਸਦਾ ਮਕਸਦ ਹਿਜਬੁੱਲਾਹ ਨੂੰ ਖ਼ਤਮ ਕਰਨਾ ਦੱਸਿਆ ਗਿਆ। ਲੇਬਨਾਨ ਦੇ ਸਿਹਤ ਮੰਤਰਾਲੇ ਮੁਤਾਬਕ 2 ਮਾਰਚ ਤੋਂ ਹੁਣ ਤੱਕ ਇਨ੍ਹਾਂ ਹਮਲਿਆਂ ਵਿੱਚ 2500 ਤੋਂ ਵੱਧ ਲੋਕ ਮਾਰੇ ਜਾ ਚੁੱਕੇ ਹਨ।

ਸੈਟੇਲਾਈਟ ਤਸਵੀਰਾਂ ਤੋਂ ਸਾਹਮਣੇ ਆਇਆ ਹੈ ਕਿ ਇਜ਼ਰਾਇਲ ਉਹੀ ਰਣਨੀਤੀ ਅਪਣਾ ਰਿਹਾ ਹੈ, ਜੋ ਉਸਨੇ ਪਹਿਲਾਂ ਗਾਜ਼ਾ ਵਿੱਚ ਅਪਣਾਈ ਸੀ। ਯਾਨੀ ਪੂਰੇ ਦੇ ਪੂਰੇ ਪਿੰਡ ਤਬਾਹ ਕਰਨਾ। ਹਾਲਾਤ ਇੰਨੇ ਖਰਾਬ ਹਨ ਕਿ ਦੱਖਣੀ ਲੇਬਨਾਨ ਦੇ ਕਰੀਬ 6 ਲੱਖ ਲੋਕ ਆਪਣੇ ਘਰ ਛੱਡਣ ਲਈ ਮਜਬੂਰ ਹੋ ਗਏ ਹਨ। ਇਜ਼ਰਾਇਲ ਨੇ ਸਾਫ ਕਿਹਾ ਹੈ ਕਿ ਜਦ ਤੱਕ ਹਿਜਬੁੱਲਾਹ ਤੋਂ ਉੱਤਰੀ ਇਜ਼ਰਾਇਲ ਨੂੰ ਖ਼ਤਰਾ ਖਤਮ ਨਹੀਂ ਹੁੰਦਾ, ਤਦ ਤੱਕ ਇਨ੍ਹਾਂ ਲੋਕਾਂ ਨੂੰ ਵਾਪਸ ਘਰ ਨਹੀਂ ਜਾਣ ਦਿੱਤਾ ਜਾਵੇਗਾ।

### ਖਾੜੀ ਦੇਸ਼ਾਂ ਦੀ ਅਰਥਵਿਵਸਥਾ 'ਤੇ ਅਸਰ

ਖਾੜੀ ਦੇ ਕਈ ਦੇਸ਼ ਵੀ ਇਸ ਜੰਗ ਦੀ ਲਪੇਟ ਵਿੱਚ ਆ ਗਏ ਹਨ। ਸਭ ਤੋਂ ਵੱਧ ਅਸਰ ਯੂ.ਏ.ਈ. 'ਤੇ ਪਿਆ ਹੈ। ਇੱਥੇ ਈਰਾਨ ਨੇ ਸਭ ਤੋਂ ਵੱਧ ਮਿਸਾਈਲ ਅਤੇ ਡਰੋਨ ਹਮਲੇ ਕੀਤੇ। ਹਾਲਾਂਕਿ ਜ਼ਿਆਦਾਤਰ ਹਮਲੇ ਰੋਕ ਦਿੱਤੇ ਗਏ, ਪਰ ਭਾਰੀ ਨੁਕਸਾਨ ਹੋਇਆ ਹੈ ਅਤੇ ਇਸ ਨਾਲ ਯੂ.ਏ.ਈ. ਦੀ ਇੱਕ ਵੱਡੇ ਬਿਜ਼ਨਸ ਅਤੇ ਟੂਰਿਜ਼ਮ ਹਬ ਵਾਲੀ ਦਿੱਖ ਨੂੰ ਝਟਕਾ ਲੱਗਾ ਹੈ।

ਉਧਰ ਈਰਾਨ ਵੱਲੋਂ ਹੌਰਮੂਜ਼ ਸਟ੍ਰੇਟ ਨੂੰ ਬੰਦ ਕਰਨ ਨਾਲ ਇਰਾਕ, ਕਤਰ ਅਤੇ ਕੁਵੈਤ ਦੀ ਅਰਥਵਿਵਸਥਾ 'ਤੇ ਬੁਰਾ ਅਸਰ ਪਿਆ ਹੈ। ਇਹ ਦੇਸ਼ ਆਪਣੇ ਤੇਲ, ਗੈਸ ਅਤੇ ਹੋਰ ਸਮਾਨ ਦੀ ਸਪਲਾਈ ਲਈ ਇਸੇ ਰਸਤੇ 'ਤੇ ਨਿਰਭਰ ਹਨ। ਇੰਟਰਨੈਸ਼ਨਲ ਮੋਨੇਟਰੀ ਫੰਡ (ਆਈ.ਐਮ.ਐਫ.) ਨੇ ਵੀ ਇਨ੍ਹਾਂ ਦੇਸ਼ਾਂ ਦੀ ਆਰਥਿਕ ਗ੍ਰੋਥ ਦੇ ਅਨੁਮਾਨ ਘਟਾ ਦਿੱਤੇ ਹਨ ਅਤੇ ਮੰਨਿਆ ਹੈ ਕਿ ਇਸ ਸਾਲ ਇਰਾਕ, ਕਤਰ ਅਤੇ ਕੁਵੈਤ ਦੀ ਅਰਥਵਿਵਸਥਾ ਸੁੰਗੜ ਸਕਦੀ ਹੈ।

### ਅਮਰੀਕਾ ਵਿੱਚ ਮਹਿੰਗਾਈ ਦਾ ਅਸਰ

ਜੰਗ ਨਾਲ ਅਮਰੀਕਾ ਵਿੱਚ ਪੈਟਰੋਲ, ਹਵਾਈ ਟਿਕਟ ਤੇ ਕਈ ਸਰਵਿਸਜ਼ ਮਹਿੰਗੀਆਂ ਹੋ ਗਈਆਂ ਹਨ, ਕਿਉਂਕਿ ਕੰਪਨੀਆਂ ਕੀਮਤਾਂ 'ਚ ਫਿਊਲ ਸਰਚਾਰਜ ਜੋੜ ਰਹੀਆਂ ਹਨ। ਮਹਿੰਗਾਈ ਦਰ ਫਰਵਰੀ ਦੇ 2.4% ਤੋਂ ਵੱਧ ਕੇ ਮਾਰਚ 'ਚ 3.3% ਹੋ ਗਈ ਹੈ ਤੇ ਲੋਕਾਂ ਦਾ ਭਰੋਸਾ (ਕੰਜ਼ਿਊਮਰ ਸੈਂਟੀਮੈਂਟ) ਤੇਜ਼ੀ ਨਾਲ ਘਟ ਰਿਹਾ ਹੈ। ਬਰੂਕਿੰਗਸ ਇੰਸਟੀਟਿਊਟ ਮੁਤਾਬਕ ਅਮਰੀਕਾ ਦੀ ਅਰਥਵਿਵਸਥਾ ਕਾਫ਼ੀ ਹੱਦ ਤੱਕ ਤੇਲ 'ਤੇ ਨਿਰਭਰ ਹੈ ਜਦਕਿ ਰਿਨਿਊਏਬਲ ਐਨਰਜੀ (ਜਿਵੇਂ ਸੋਲਰ, ਵਿੰਡ) ਵਿੱਚ ਨਿਵੇਸ਼ ਅਜੇ ਵੀ ਘੱਟ ਹੈ ਤੇ ਇਹੀ ਹੁਣ ਕਮਜ਼ੋਰੀ ਬਣ ਰਹੀ ਹੈ।

### ਗਲੋਬਲ ਗ੍ਰੋਥ ਰੇਟ 3.3 ਫ਼ੀਸਦੀ ਤੋਂ ਘਟ ਕੇ 3.1 ਫ਼ੀਸਦੀ ਹੋਇਆ

ਆਈ.ਐਮ.ਐਫ. ਨੇ ਗਲੋਬਲ ਗ੍ਰੋਥ ਦਾ ਅਨੁਮਾਨ ਵੀ ਘਟਾ ਦਿੱਤਾ ਹੈ। ਹੁਣ ਇਸ ਸਾਲ ਦੁਨੀਆ ਦੀ ਅਰਥਵਿਵਸਥਾ 3.1 ਫ਼ੀਸਦੀ ਦੀ ਦਰ ਨਾਲ ਵਧਣ ਦੀ ਉਮੀਦ ਹੈ, ਜਦਕਿ ਜਨਵਰੀ ਵਿੱਚ ਇਹ ਅਨੁਮਾਨ 3.3 ਫ਼ੀਸਦੀ ਸੀ। ਅਨਾਜ ਦੀਆਂ ਕੀਮਤਾਂ ਵਿੱਚ ਵੀ ਤੇਜ਼ ਵਾਧਾ ਹੋਇਆ ਹੈ। ਜਿਨ੍ਹਾਂ ਦੇਸ਼ਾਂ ਵਿੱਚ ਲੋਕ ਖੇਤੀ 'ਤੇ ਵੱਧ ਨਿਰਭਰ ਹਨ ਅਤੇ ਆਪਣੀ ਕਮਾਈ ਦਾ ਵੱਡਾ ਹਿੱਸਾ ਖਾਣ 'ਤੇ ਖਰਚ ਕਰਦੇ ਹਨ, ਉਨ੍ਹਾਂ 'ਤੇ ਇਸ ਮਹਿੰਗਾਈ ਦਾ ਅਸਰ ਸਿੱਧਾ ਅਤੇ ਵੱਧ ਪੈਂਦਾ ਹੈ।

### ਜੰਗ ਕਾਰਨ ਟਰੰਪ ਦੀ ਲੋਕਪ੍ਰਿਯਤਾ ਘਟੀ

ਡੋਨਾਲਡ ਟਰੰਪ ਲਈ ਇਹ ਜੰਗ ਇੱਕ ਵੱਡਾ ਦਾਅ ਸੀ। ਉਨ੍ਹਾਂ ਨੇ ਇਸਨੂੰ ਜਲਦੀ ਖ਼ਤਮ ਕਰਨ ਦਾ ਵਾਅਦਾ ਕੀਤਾ ਸੀ, ਪਰ ਅਜੇ ਤੱਕ ਨਾ ਤਾਂ ਈਰਾਨ ਝੁਕਿਆ ਹੈ ਅਤੇ ਨਾ ਹੀ ਜੰਗ ਖ਼ਤਮ ਹੋਈ ਹੈ। ਸੀ.ਐਨ.ਐਨ. ਦੇ ਪੋਲ ਵਿੱਚ ਸਾਹਮਣੇ ਆਇਆ ਕਿ ਉਨ੍ਹਾਂ ਦੀ ਲੋਕਪ੍ਰਿਯਤਾ ਵੀ ਘਟ ਕੇ 37 ਫ਼ੀਸਦੀ ਰਹਿ ਗਈ ਹੈ। ਇਜ਼ਰਾਇਲ ਦੇ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਨੂੰ ਸ਼ੁਰੂ ਵਿੱਚ ਰਣਨੀਤਿਕ ਲਾਭ ਮਿਲਿਆ, ਪਰ ਹੁਣ ਉੱਥੇ ਵੀ ਲੋਕ ਮੰਨਦੇ ਹਨ ਕਿ ਜੰਗ ਵਿੱਚ ਜਿੱਤ ਪੱਕੀ ਨਹੀਂ ਹੈ। ਈਰਾਨ ਦੀ ਸੱਤਾ ਨੂੰ ਵੀ ਨੁਕਸਾਨ ਹੋਇਆ ਹੈ ਪਰ ਨਵੀਂ ਲੀਡਰਸ਼ਿਪ ਹੋਰ ਵੱਧ ਹਮਲਾਵਰ ਦਿਖ ਰਹੀ ਹੈ। ਨਾਲ ਹੀ ਹੌਰਮੂਜ਼ ਸਟ੍ਰੇਟ 'ਤੇ ਕੰਟਰੋਲ ਦਿਖਾ ਕੇ ਈਰਾਨ ਨੇ ਗਲੋਬਲ ਦਬਾਅ ਬਣਾਉਣ ਦੀ ਸਮਰੱਥਾ ਦਿਖਾਈ ਹੈ।

-0-



*ਸ਼ੈਰਿਰਵਿੱਲ (ਇੰਡਿਆਨਾ): ਪੰਜਾਬ ਦੇ ਵਸਨੀਕ ਤੇ ਖਾਸ ਕਰਕੇ ਸਿੱਖ ਜਿੱਥੇ ਵੀ ਜਾਂਦੇ ਹਨ, ਆਪਣੇ ਵਿਰਸੇ ਨੂੰ ਸੰਭਾਲਣ ਲਈ ਅਤੇ ਬਾਬੇ ਨਾਨਕ ਦੇ ਫ਼ਲਸਫ਼ੇ ਨੂੰ ਸਮਝਣ ਤੇ ਪ੍ਰਚਾਰਨ ਲਈ ਹਮੇਸ਼ਾ ਯਤਨਸ਼ੀਲ ਰਹਿੰਦੇ ਹਨ। ਵਿਦੇਸ਼ਾਂ 'ਚ ਤਕਰੀਬਨ ਹਰ ਸ਼ਹਿਰ ਵਿੱਚ ਬਣੇ ਗੁਰੂਘਰ ਇਸ ਕੰਮ ਵਿੱਚ ਮੋਹਰੀ ਭੂਮਿਕਾ ਨਿਭਾਉਂਦੇ ਹਨ। ਕਈ ਥਾਵਾਂ 'ਤੇ ਅਬਾਦੀ ਅਤੇ ਫਾਸਲੇ ਨੂੰ ਧਿਆਨ ਵਿੱਚ ਰੱਖਦੇ ਹੋਏ ਇੱਕ ਤੋਂ ਵੱਧ ਗੁਰੂਘਰਾਂ ਦੀ ਜ਼ਰੂਰਤ ਵੀ ਪੈਂਦੀ ਹੈ। ਇਸੇ ਲੋੜ ਨੂੰ ਧਿਆਨ ਵਿੱਚ ਰੱਖਦੇ ਹੋਏ ਮਿਲਵਾਕੀ (ਵਿਸਕਾਨਸਿਨ) ਤੋਂ ਕੁਝ ਮੋਹਤਵਰ ਸੱਜਣਾਂ ਨੇ ਗੁਰਦੁਆਰਾ ਕਰਾਊਨ ਪੁਆਇੰਟ ਦੀ ਪ੍ਰਬੰਧਕ ਕਮੇਟੀ ਨਾਲ ਮਿਲ ਕੇ ਤੰਦੂਰ ਰੈਸਟੋਰੈਂਟ ਵਿੱਚ ਫੰਡ ਇਕੱਠਾ ਕਰਨ ਲਈ ਇੱਕ ਮਿਲਣੀ ਕੀਤੀ। ਦਾਨੀ ਸੱਜਣਾਂ ਨੇ ਦਿਲ ਖੋਲ੍ਹ ਕੇ ਸਹਿਯੋਗ ਦਿੱਤਾ। ਇਸ ਮੌਕੇ ਕੁਝ ਬੁਲਾਰਿਆਂ ਨੇ ਸੁਝਾਅ ਵੀ ਦਿੱਤੇ ਜਿਸ ਨਾ:ਲ ਸਾਰਿਆਂ ਨੇ ਸਹਿਮਤੀ ਪ੍ਰਗਟਾਈ।*


### ਜ਼ਰੂਰੀ

'ਪੰਜਾਬੀ ਪਰਵਾਜ਼' ਵਿੱਚ ਵੱਖ-ਵੱਖ ਲੇਖ ਸਿਰਫ ਵਿਚਾਰਾਂ ਦੇ ਵਟਾਂਦਰੇ ਅਤੇ ਇੱਕ-ਦੂਜੇ ਤੱਕ ਜਾਣਕਾਰੀ ਜਾਂ ਅਨੁਭਵ ਪਹੁੰਚਦੇ ਕਰਨ ਦੇ ਮਕਸਦ ਨਾਲ ਛਾਪੇ ਗਏ ਹਨ। ਲੇਖਾਂ ਵਿਚਲੇ ਵਿਚਾਰਾਂ/ਤੱਥਾਂ ਨਾਲ ਸਹਿਮਤ ਹੋਣਾ ਜਾਂ ਨਾ ਹੋਣਾ ਪਾਠਕਾਂ ਦਾ ਨਿੱਜੀ ਮਸਲਾ ਹੈ। ਲੇਖਾਂ/ਰਚਨਾਵਾਂ ਵਿੱਚ ਹਲਕੀ ਕਿਸਮ ਦੀ ਭਾਸ਼ਾ ਤੋਂ ਗੁਰੇਜ ਕਰਨਾ ਅਤੇ ਲੋਕ-ਪੱਖੀ ਤੇ ਮਿਆਰੀ ਲਿਖਤਾਂ ਨੂੰ ਪਾਠਕਾਂ ਤੱਕ ਪੁੱਜਦਾ ਕਰਨਾ 'ਪੰਜਾਬੀ ਪਰਵਾਜ਼' ਦੀ ਪਹਿਲ ਹੋਵੇਗੀ।

**Punjabi Parwaz LLC - DBA Punjabi Parwaz**

**Address:**
827 E. Kings Row, Unit# 7, Palatine, IL 60074

**Managed by:**
Anureet Kaur & Kuljeet Singh

**Punjab Incharge:**
Jasvir Singh Mangat

'ਪੰਜਾਬੀ ਪਰਵਾਜ਼' ਨੂੰ ਆਪਣੇ ਫੋਨ ਉਤੇ ਪੜ੍ਹਨ ਲਈ ਫੋਨ: 224-386-4548 ਉਤੇ ਸੰਪਰਕ ਕਰੋ ਜਾਂ ਸਾਡੀ ਵੈਬਸਾਈਟ www.punjabiparwaz.com ਉਤੇ ਈਪੇਪਰ ਦਾ ਬਟਨ ਕਲਿੱਕ ਕਰੋ



ਪੰਜਾਬੀ ਪਰਵਾਜ਼ Punjabi Parwaz ਬੋਰਡ ਮੈਂਬਰ

ਬਲਵਿੰਦਰ ਸਿੰਘ (ਬੌਬ) ਸੰਧੂ
ਦਵਿੰਦਰ ਸਿੰਘ ਰੰਗੀ
ਮਨਜਿੰਦਰ ਸਿੰਘ (ਮੈਕ) ਭਮਰਾ
ਗੁਰਿੰਦਰਜੀਤ ਸਿੰਘ ਗਰੇਵਾਲ
ਦੀਦਾਰ ਸਿੰਘ ਧਨੋਆ
ਯਾਦਵਿੰਦਰ ਸਿੰਘ (ਰਿੰਪੀ) ਖੱਟੜਾ
ਅਮਰਜੀਤ ਸਿੰਘ ਢੀਂਡਸਾ
ਜੋਧ ਸਿੰਘ ਸਿੱਧੂ
ਬੇਅੰਤ ਸਿੰਘ ਬੈਂਪਾਰਾਏ
ਅਮਰੀਕ ਸਿੰਘ ਸ਼ਿਕਾਗੋ
ਕਿਰਪਾਲ ਸਿੰਘ ਰੰਧਾਵਾ
ਅੰਮ੍ਰਿਤਪਾਲ ਸਿੰਘ ਗਿੱਲ
ਬਲਵਿੰਦਰ ਸਿੰਘ ਚੱਠਾ
ਦਰਸ਼ਨ ਸਿੰਘ ਪੰਮਾ
ਗੁਰਵਿੰਦਰ ਸਿੰਘ ਬੱਬੂ (ਐਪਲਟਨ)
ਬਿਕਰਮ ਸਿੰਘ ਸਿੱਧੂ
ਲਖਵੀਰ ਸਿੰਘ (ਲੱਕੀ) ਸਹੋਤਾ
ਪਰਮਜੀਤ ਸਿੰਘ ਸਿੱਧੂ (ਮਹਿਰਾਜ)
ਮਨਮਿੰਦਰ ਸਿੰਘ ਹੀਰ
ਬਲਜੀਤ ਸਿੰਘ ਸਿੱਧੂ (ਫਲੋਰਿਡਾ)
ਮਿੰਨੀ ਮੁਲਤਾਨੀ
ਗੁਰਪ੍ਰੀਤ ਕੇ. ਸਿੰਘ
ਲਾਲੀ ਧਾਲੀਵਾਲ (ਮਿਸ਼ੀਗਨ)
ਬਿਕਰਮ ਸਿੰਘ ਸੋਹੀ
ਜਗਜੀਤ ਸਿੰਘ ਖੇੜਾ (ਓਕਲਾਹੋਮਾ)
ਜਿਗਰਦੀਪ ਸਿੰਘ ਢਿੱਲੋਂ
ਇੰਦਰ ਹੁੰਜਣ
ਅਮਨਦੀਪ ਸਿੰਘ ਕੁਲਾਰ
ਪਰਮਿੰਦਰ ਸਿੰਘ (ਯੂਬਾ ਸਿਟੀ)
ਹਰਕੇਵਲ ਸਿੰਘ ਲਾਲੀ

ਰਿਚਰਡ ਮਹਾਪਾਤਰਾ

# ਮਹਾ-ਵੰਡ ਵੱਲ ਵਧਦੀ ਦੁਨੀਆ

## ਬਦਲ ਰਹੇ ਸੰਸਾਰ ਦੇ ਖ਼ਤਰਨਾਕ ਸੰਕੇਤ



ਚਿੱਤਰਣ: ਯੋਗੇਂਦਰ ਆਨੰਦ

ਦੁਨੀਆ ਇਸ ਵੇਲੇ ਇੱਕ ਅਜਿਹੇ ਮੋੜ ‘ਤੇ ਖੜੀ ਹੈ, ਜਿੱਥੇ ਹਾਲਾਤ ਬਿਲਕੁਲ ਆਮ ਨਹੀਂ ਰਹੇ। ਗਲੋਬਲ ਪੱਧਰ ’ਤੇ ਵਧ ਰਹੇ ਟਕਰਾਅ, ਜੰਗਾਂ ਅਤੇ ਰਾਜਨੀਤਿਕ ਤਣਾਅ ਨੇ ਮਨੁੱਖਤਾ ਨੂੰ ਇੱਕ ਨਵੇਂ ਪਰ ਖ਼ਤਰਨਾਕ ਯੁੱਗ ਵੱਲ ਧੱਕ ਦਿੱਤਾ ਹੈ, ਜਿਸਨੂੰ ਕਈ ਵਿਦਵਾਨ “ਮਹਾ-ਵੰਡ” ਕਹਿ ਰਹੇ ਹਨ। ਇਹ ਉਹ ਸਮਾਂ ਹੈ, ਜਦੋਂ ਦੁਨੀਆ ਇਕੱਠੀ ਹੋਣ ਦੀ ਬਜਾਏ ਹੌਲੀ-ਹੌਲੀ ਵੱਖ-ਵੱਖ ਖੇਮਿਆਂ ਵਿੱਚ ਵੰਡੀ ਜਾ ਰਹੀ ਹੈ।

ਪਿਛਲੇ ਇੱਕ ਸਾਲ ਦੌਰਾਨ ਦੁਨੀਆ ਨੇ ਵਿਕਾਸ ਦੀਆਂ ਇੱਟਾਂ ਨਾਲੋਂ ਕਈ ਗੁਣਾ ਵੱਧ ਮਿਜ਼ਾਈਲਾਂ ਅਤੇ ਬੰਬਾਂ ਦੀ ਗਿਣਤੀ ਕੀਤੀ ਹੈ। ਜਿੱਥੇ ਇਮਾਰਤਾਂ ਬਣਨੀਆਂ ਸਨ, ਉੱਥੇ ਢਹਿ ਰਹੀਆਂ ਹਨ। ਜਿੱਥੇ ਤਰੱਕੀ ਹੋਣੀ ਸੀ, ਉੱਥੇ ਤਬਾਹੀ ਹੋ ਰਹੀ ਹੈ। ਇਸ ਸਮੇਂ ਕਰੀਬ 35 ਦੇਸ਼ ਕਿਸੇ ਨਾ ਕਿਸੇ ਸੰਘਰਸ਼ ਵਿੱਚ ਫਸੇ ਹੋਏ ਹਨ, ਜੋ ਇਹ ਦਰਸਾਉਂਦਾ ਹੈ ਕਿ ਗਲੋਬਲ ਅਮਨ ਕਿੰਨਾ ਗੰਭੀਰ ਜ਼ਖ਼ਮੀ ਹੋ ਗਿਆ ਹੈ।

ਰੁਝਾਨਾਂ ਦੇ ਉਲਟ, ਹੁਣ ਜੰਗਾਂ ਅਤੇ ਹਿੰਸਕ ਟਕਰਾਅ ਕੁਦਰਤੀ ਆਫ਼ਤਾਂ ਨਾਲੋਂ ਵੱਧ ਲੋਕਾਂ ਨੂੰ ਘਰੋਂ ਬੇਘਰ ਕਰ ਰਹੇ ਹਨ ਤੇ ਉਨ੍ਹਾਂ ਦੀ ਜਾਨ ਲੈ ਰਹੇ ਹਨ। ਲੋਕ ‘ਵਿਸ਼ਵ ਯੁੱਧ’ ਬਾਰੇ ਇੰਟਰਨੈੱਟ ’ਤੇ ਵੱਧ ਖੋਜ ਕਰ ਰਹੇ ਹਨ, ਜੋ ਡਰ ਅਤੇ ਅਨਿਸ਼ਚਿਤਤਾ ਨੂੰ ਦਰਸਾਉਂਦਾ ਹੈ। ਵੱਡੇ ਟਕਰਾਵਾਂ ਦਾ ਪੱਧਰ ਦੂਜੇ ਵਿਸ਼ਵ ਯੁੱਧ ਤੋਂ ਬਾਅਦ ਸਭ ਤੋਂ ਉੱਚੇ ਦਰਜੇ ’ਤੇ ਪਹੁੰਚ ਗਿਆ ਹੈ।

ਪਹਿਲਾਂ ਜਿਸ ਹਾਲਤ ਨੂੰ ‘ਪੌਲੀਕ੍ਰਾਈਸਿਸ’ ਜਾਂ ਬਹੁ-ਸੰਕਟ ਕਿਹਾ ਜਾਂਦਾ ਸੀ, ਹੁਣ ਇਹ ਸਿੱਧੇ ਤੌਰ ‘ਤੇ ‘ਭੂ-ਰਾਜਨੀਤਿਕ ਸੰਕਟ’ ਵਿੱਚ ਬਦਲ ਚੁੱਕੀ ਹੈ। ਜੰਗ ਕਰ ਰਹੇ ਦੇਸ਼ਾਂ ਦੇ ਨੇਤਾ ਆਪਣੇ ਭਾਸ਼ਣਾਂ ਦੀ ਸ਼ੁਰੂਆਤ ਹੀ ਵੈਰੀ ਦੇਸ਼ਾਂ ’ਤੇ ਕੀਤੇ ਗਏ ਹਮਲਿਆਂ ਦੀ ਗਿਣਤੀ ਨਾਲ ਕਰਦੇ ਹਨ, ਜੋ ਇਸ ਗੱਲ ਦਾ ਸਬੂਤ ਹੈ ਕਿ ਦੁਨੀਆ ਦਾ ਧਿਆਨ ਵਿਕਾਸ ਤੋਂ ਹਟ ਕੇ ਟਕਰਾਅ ਵੱਲ ਮੋੜਿਆ ਜਾ ਰਿਹਾ ਹੈ।

ਸਿਡਨੀ ਵਿੱਚ ਸਥਿਤ ਇੱਕ ਗੈਰ-ਮੁਨਾਫ਼ਾ ਸੰਸਥਾ, ਇੰਸਟੀਟਿਊਟ ਫ਼ਾਰ ਇਕਨਾਮਿਕਸ ਐਂਡ ਪੀਸ (ਆਈ.ਈ.ਪੀ.), ਜੋ ਵਿਸ਼ਵ ਅਮਨ ’ਤੇ ਅਧਿਐਨ ਕਰਦੀ ਹੈ, ਇਸ ਦੌਰ ਨੂੰ ‘ਮਹਾ-ਵੰਡ’ ਦਾ ਨਾਮ ਦਿੰਦੀ ਹੈ। ਇਸ ਸੰਸਥਾ ਅਨੁਸਾਰ 2008 ਦੇ ਵਿਸ਼ਵ ਆਰਥਿਕ ਸੰਕਟ ਤੋਂ ਬਾਅਦ ਹਿੰਸਾ ਵਿੱਚ ਵਾਧਾ ਹੋਇਆ ਅਤੇ ਇਹ ਪਿਛਲੇ 50 ਸਾਲਾਂ ਦਾ ਤੀਜਾ ਵੱਡਾ ਭੂ-ਰਾਜਨੀਤਿਕ ਪੜਾਅ ਹੈ।

ਇੰਸਟੀਟਿਊਟ ਫ਼ਾਰ ਇਕਨਾਮਿਕਸ ਐਂਡ ਪੀਸ ਦੇ ਅੰਕੜਿਆਂ ਮੁਤਾਬਕ ਪਿਛਲੇ 17 ਸਾਲਾਂ ਵਿੱਚੋਂ 13 ਸਾਲ ਅਜਿਹੇ ਰਹੇ ਹਨ, ਜਿੱਥੇ ਵਿਸ਼ਵ ਅਮਨ ਬੁਰੀ ਤਰ੍ਹਾਂ ਜ਼ਖ਼ਮੀ ਹੋਇਆ ਹੈ। 1991 ਵਿੱਚ ਠੰਢੇ ਯੁੱਧ ਦੇ ਖ਼ਤਮ ਹੋਣ ਤੋਂ ਬਾਅਦ ਦੁਨੀਆ ਵਿੱਚ ਗਲੋਬਲਾਈਜ਼ੇਸ਼ਨ ਅਤੇ ਖੁੱਲ੍ਹੇ ਬਾਜ਼ਾਰ ਦੀ ਪ੍ਰਕਿਰਿਆ ਤੇਜ਼ੀ ਨਾਲ ਵਧੀ ਸੀ, ਪਰ 2008 ਦੇ ਆਰਥਿਕ ਸੰਕਟ ਨੇ ਇਸ ਦਿਸ਼ਾ ਨੂੰ ਬਦਲ ਦਿੱਤਾ ਅਤੇ ਇੱਕ ਨਵਾਂ ਅਸਥਿਰ ਦੌਰ ਸ਼ੁਰੂ ਹੋ ਗਿਆ।

ਕਈ ਸਰਵੇਖਣ ਦੱਸਦੇ ਹਨ ਕਿ ਅੱਜ ਦੇ ਭੂ-ਰਾਜਨੀਤਿਕ ਖ਼ਤਰੇ ਠੰਢੇ ਯੁੱਧ ਦੇ ਸਮੇਂ ਨਾਲੋਂ ਵੀ ਵੱਧ ਹਨ। ਗਲੋਬਲਾਈਜ਼ੇਸ਼ਨ ਹੁਣ ਸੀਮਿਤ ਵਪਾਰਕ ਸਮਝੌਤਿਆਂ ਤੱਕ ਹੀ ਰਹਿ ਗਿਆ ਹੈ। ਵੱਡੀਆਂ ਅੰਤਰਰਾਸ਼ਟਰੀ ਸੰਸਥਾਵਾਂ ਨੂੰ ਪਿੱਛੇ ਛੱਡ ਕੇ ਹੁਣ ਛੋਟੇ-ਛੋਟੇ ਦੇਸ਼ਾਂ ਦੇ ਗਰੁੱਪ ਬਣ ਰਹੇ ਹਨ, ਜਿਨ੍ਹਾਂ ਨੂੰ ‘ਮਿਨੀਲੈਟਰਲ’ ਪ੍ਰਬੰਧ ਕਿਹਾ ਜਾਂਦਾ ਹੈ।

ਇੰਸਟੀਟਿਊਟ ਫ਼ਾਰ ਇਕਨਾਮਿਕਸ ਐਂਡ ਪੀਸ ਦੀ ਰਿਪੋਰਟ ਦੱਸਦੀ ਹੈ ਕਿ ਇਹ ਨਵਾਂ ਦੌਰ ਕਿਸੇ ਇੱਕ ਦਿਨ ਵਿੱਚ ਨਹੀਂ ਆਇਆ, ਸਗੋਂ ਪਿਛਲੇ 15 ਸਾਲਾਂ ਦੌਰਾਨ ਹੌਲੀ-ਹੌਲੀ ਵਧਦੇ ਤਣਾਅ ਦਾ ਨਤੀਜਾ ਹੈ। ਵਪਾਰ ’ਤੇ ਟੈਕਸ (ਟੈਰਿਫ਼), ਬਰਾਮਦ-ਦਰਾਮਦ ’ਤੇ ਰੋਕਾਂ, ਨਿਵੇਸ਼ ’ਤੇ ਪਾਬੰਦੀਆਂ ਅਤੇ ਮਾਈਗ੍ਰੇਸ਼ਨ ਤੇ ਪੂੰਜੀ ’ਤੇ ਕੰਟਰੋਲ ਵਧਦੇ ਗਏ ਹਨ।

ਇਸਦੇ ਨਾਲ ਹੀ ਦੁਨੀਆ ਦੀਆਂ ਦੋ ਵੱਡੀਆਂ ਤਾਕਤਾਂ- ਅਮਰੀਕਾ ਅਤੇ ਚੀਨ ਦਾ ਪ੍ਰਭਾਵ ਵੀ 2015 ਤੋਂ ਬਾਅਦ ਘਟਣਾ ਸ਼ੁਰੂ ਹੋਇਆ ਹੈ। ਇਸਦੀ ਥਾਂ ‘ਦਰਮਿਆਨੇ ਪੱਧਰ ਦੀਆਂ ਤਾਕਤਾਂ’ ਉਭਰ ਰਹੀਆਂ ਹਨ, ਜੋ ਵੱਡੀਆਂ ਤਾਕਤਾਂ ਨਾਲ ਪੂਰੀ ਤਰ੍ਹਾਂ ਸਹਿਮਤ ਨਹੀਂ ਹਨ। ਇਹ ਹਾਲਾਤ ਹੋਰ ਟਕਰਾਅ ਅਤੇ ਖ਼ਤਰੇ ਪੈਦਾ ਕਰ ਰਹੇ ਹਨ।

ਰਿਪੋਰਟ ਮੁਤਾਬਕ ਇਸ ਤਬਦੀਲੀ ਨਾਲ ਵਿਕਾਸਸ਼ੀਲ ਦੇਸ਼ਾਂ ਵਿੱਚ ਮੁਕਾਬਲਾ ਹੋਰ ਤੇਜ਼ ਹੋ ਗਿਆ ਹੈ। ਇਹ ਦੇਸ਼ ਸਹਾਇਤਾ, ਨਿਵੇਸ਼ ਅਤੇ ਸੁਰੱਖਿਆ ਸਾਂਝੇਦਾਰੀਆਂ ਰਾਹੀਂ ਆਪਣਾ ਪ੍ਰਭਾਵ ਵਧਾਉਣ ਦੀ ਕੋਸ਼ਿਸ਼ ਕਰ ਰਹੇ ਹਨ। ਇਸ ਕਾਰਨ ‘ਪ੍ਰਾਕਸੀ ਜੰਗਾਂ’ ਵਿੱਚ ਵਾਧਾ ਹੋਇਆ ਹੈ। 2010 ਤੋਂ ਬਾਅਦ ਅਜਿਹੇ ਅੰਦਰੂਨੀ ਟਕਰਾਵਾਂ ਵਿੱਚ, ਜਿੱਥੇ ਬਾਹਰੀ ਦੇਸ਼ ਫ਼ੌਜੀ ਸਹਾਇਤਾ ਦਿੰਦੇ ਹਨ, ਲਗਭਗ 175 ਫ਼ੀਸਦੀ ਵਾਧਾ ਹੋਇਆ ਹੈ।

ਅਮਨ ਬਣਾਉਣ ਦੀ ਪ੍ਰਕਿਰਿਆ ਵੀ ਕਮਜ਼ੋਰ ਹੋ ਰਹੀ ਹੈ। 1970 ਦੇ ਦਹਾਕੇ ਵਿੱਚ ਜਿੱਥੇ 23 ਫ਼ੀਸਦੀ ਸੰਘਰਸ਼ ਸ਼ਾਂਤੀ ਸਮਝੌਤਿਆਂ ਨਾਲ ਖ਼ਤਮ ਹੁੰਦੇ ਸਨ, ਉੱਥੇ 2010 ਦੇ ਦਹਾਕੇ ਵਿੱਚ ਇਹ ਅੰਕੜਾ ਘਟ ਕੇ ਸਿਰਫ਼ 4 ਫ਼ੀਸਦੀ ਰਹਿ ਗਿਆ। ਇਸਦਾ ਮਤਲਬ ਹੈ ਕਿ ਜੰਗਾਂ ਹੁਣ ਜ਼ਿਆਦਾ ਲੰਬੀਆਂ ਅਤੇ ਖ਼ਤਰਨਾਕ ਬਣ ਰਹੀਆਂ ਹਨ।

1991 ਤੋਂ ਬਾਅਦ ਫ਼ੌਜੀ ਖ਼ਰਚੇ ਲਗਾਤਾਰ ਵਧ ਰਹੇ ਹਨ। 2022 ਵਿੱਚ ਰੂਸ ਵੱਲੋਂ ਯੂਕਰੇਨ ’ਤੇ ਹਮਲੇ ਤੋਂ ਬਾਅਦ ਯੂਰਪ ਦੇ ਕਈ ਦੇਸ਼ਾਂ ਨੇ ਆਪਣੇ ਰੱਖਿਆ ਬਜਟ ਵਿੱਚ ਵੱਡਾ ਵਾਧਾ ਕੀਤਾ ਹੈ। ਇਸਦਾ ਸਿੱਧਾ ਅਸਰ ਇਹ ਹੋਇਆ ਹੈ ਕਿ ਵਿਕਾਸ ਅਤੇ ਮੌਸਮੀ ਤਬਦੀਲੀ ਨਾਲ ਜੁੜੇ ਕੰਮਾਂ ਲਈ ਘੱਟ ਪੈਸਾ ਬਚਦਾ ਹੈ।

ਯੂਰਪ ਦੀਆਂ ਕਈ ਵਿਕਸਿਤ ਅਰਥਵਿਵਸਥਾਵਾਂ ਨੇ ਸਿੱਖਿਆ ਅਤੇ ਸਿਹਤ ’ਤੇ ਖਰਚ ਘਟਾਉਣਾ ਸ਼ੁਰੂ ਕਰ ਦਿੱਤਾ ਹੈ। ਸੰਯੁਕਤ ਰਾਸ਼ਟਰ ਦੇ ਟਿਕਾਊ ਵਿਕਾਸ ਨਿਸ਼ਾਨਿਆਂ (SDGs) ਨੂੰ ਵੇਖ ਕੇ ਇਹ ਸਪਸ਼ਟ ਹੁੰਦਾ ਹੈ ਕਿ ਜਿਹੜੇ ਦੇਸ਼ ਟਕਰਾਅ ਵਿੱਚ ਫਸੇ ਹਨ, ਉਹ ਇਹ ਨਿਸ਼ਾਨੇ ਹਾਸਲ ਨਹੀਂ ਕਰ ਸਕਣਗੇ। ਅਧਿਐਨ ਇਹ ਵੀ ਦੱਸਦੇ ਹਨ ਕਿ ਜੰਗਾਂ ਦੀ ਸਭ ਤੋਂ ਵੱਡੀ ਕੀਮਤ ਗਰੀਬ ਅਤੇ ਵਿਕਾਸਸ਼ੀਲ ਦੇਸ਼ਾਂ ਨੂੰ ਚੁਕਾਉਣੀ ਪੈਂਦੀ ਹੈ। ਇਸਦਾ ਅਸਰ ਦਹਾਕਿਆਂ ਤੱਕ ਰਹਿੰਦਾ ਹੈ ਅਤੇ ਵਿਕਾਸ ਦੀ ਗਤੀ ਕਈ ਸਾਲ ਪਿੱਛੇ ਚਲੀ ਜਾਂਦੀ ਹੈ।

ਕੁੱਝ ਹੋਰ ਖ਼ਤਰਨਾਕ ਤੱਥ ਵੀ ਹਨ; ਜਿਵੇਂ ਦੁਨੀਆ ਭਰ ਵਿੱਚ ਹਥਿਆਰਾਂ ਦੀ ਖਰੀਦ ਵਿੱਚ ਲਗਾਤਾਰ ਵਾਧਾ ਹੋ ਰਿਹਾ ਹੈ, ਪਰਮਾਣੂ ਹਥਿਆਰ ਰੱਖਣ ਵਾਲੇ ਦੇਸ਼ਾਂ ਦੀ ਗਿਣਤੀ ਅਤੇ ਤਣਾਅ- ਦੋਵੇਂ ਵਧ ਰਹੇ ਹਨ, ਇੰਟਰਨੈੱਟ ਤੇ ਸਾਈਬਰ ਜੰਗ ਵੀ ਨਵੇਂ ਖ਼ਤਰੇ ਵਜੋਂ ਉਭਰ ਰਹੇ ਹਨ ਅਤੇ ਆਰਥਿਕ ਪਾਬੰਦੀਆਂ (ਸੈਂਕਸ਼ਨ) ਹੁਣ ਜੰਗਾਂ ਦਾ ਇੱਕ ਨਵਾਂ ਹਥਿਆਰ ਬਣ ਗਈਆਂ ਹਨ।

ਸੋ, ਨਤੀਜਾ ਇਹ ਹੈ ਕਿ ਦੁਨੀਆ ਇਸ ਵੇਲੇ ਇੱਕ ਅਜਿਹੇ ਦੌਰ ਵਿੱਚੋਂ ਲੰਘ ਰਹੀ ਹੈ, ਜਿੱਥੇ ਇਕੱਠ ਅਤੇ ਸਹਿਯੋਗ ਦੀ ਥਾਂ ਵੰਡ ਤੇ ਟਕਰਾਅ ਵੱਧ ਰਹੇ ਹਨ। ‘ਮਹਾ-ਵੰਡ’ ਸਿਰਫ਼ ਇੱਕ ਸ਼ਬਦ ਨਹੀਂ, ਸਗੋਂ ਇਸ ਸਮੇਂ ਦੀ ਤਲਖ਼ ਹਕੀਕਤ ਹੈ। ਜੇਕਰ ਇਹ ਰੁਝਾਨ ਜਾਰੀ ਰਹਿੰਦਾ ਹੈ ਤਾਂ ਆਉਣ ਵਾਲੇ ਸਮੇਂ ਵਿੱਚ ਦੁਨੀਆ ਹੋਰ ਵੱਧ ਖੇਮਿਆਂ ਵਿੱਚ ਵੰਡੀ ਜਾ ਸਕਦੀ ਹੈ, ਜਿਸਦਾ ਨੁਕਸਾਨ ਸਾਰੀ ਮਨੁੱਖਤਾ ਨੂੰ ਭੁਗਤਣਾ ਪਵੇਗਾ। ਇਸ ਲਈ ਅੱਜ ਦੀ ਸਭ ਤੋਂ ਵੱਡੀ ਲੋੜ ਹੈ- ਅਮਨ, ਸਹਿਯੋਗ ਅਤੇ ਸੰਵਾਦ; ਤਾਂ ਜੋ ਦੁਨੀਆ ਨੂੰ ਇਸ ਖ਼ਤਰਨਾਕ ਸੰਕਟ ਤੋਂ ਬਚਾਇਆ ਜਾ ਸਕੇ।

Prepare for Tomorrow Now With Comprehensive Retirement Planning

■Annuities ■Life Insurance ■Long-Term Care
■Medicare Planning ■Disability Income



Call Gurpreet Singh
Retirement and Insurance Advisor
Cell: 630-677-6144
Email: Preetisingh@ffig.com

FUTURITY FIRST
Retirement | Life | Health

Futurity First Insurance Group

Certified Regenerative Medical Therapy Specialist

ਪ੍ਰਮਾਣਿਤ ਰੀਜਨਰੇਟਿਵ ਮੈਡੀਕਲ ਥੈਰੇਪੀ ਸਪੈਸ਼ਲਿਸਟ



Dr. Sutpal Singh

ਪੈਰ, ਗਿੱਟੇ ਤੇ ਲੱਤ ਦੇ ਹੇਠਲੇ ਹਿੱਸੇ ਦੇ ਮਾਹਰ ਡਾ. ਸੁਤਪਾਲ ਸਿੰਘ

■ਲੇਜ਼ਰ ਥੈਰੇਪੀ, ਸ਼ੌਕਵੇਵ ਥੈਰੇਪੀ, ਸਟੈਮ ਸੈੱਲ ਥੈਰੇਪੀ,
■ਲਿਪੋਸੋਨ ਫੈਟ ਪੈਡ ਦਾ ਟੀਕਾ, ਪੇਪਟਾਈਡਜ਼
■ਘੱਟੋ ਘੱਟ ਤੋਂ ਲੈ ਕੇ ਕੋਈ ਚੀਰਾ ਨਹੀਂ ਸਰਜੀਕਲ ਸਪੈਸ਼ਲਿਸਟ
■ਕੋਈ ਨੁਕਸਾਨਦਾਇਕ ਕੋਰਟੀਸੋਨ ਜਾਂ ਸਟੀਰੌਇਡ ਟੀਕੇ ਨਾ ਲਗਾਓ
■ਪੈਰ, ਗਿੱਟੇ ਅਤੇ ਲੱਤ ਦੇ ਹੇਠਲੇ ਹਿੱਸੇ ਵਿੱਚ ਦਰਦ: ਗੈਰ-ਸਰਜੀਕਲ ਤੇ ਸਰਜੀਕਲ ਵਿਕਲਪ
■ਸਰਜਰੀ ਤੋਂ ਬਿਨਾ ਖੇਡ ਸੱਟ ਦਾ ਇਲਾਜ: ਕਾਕੜੀ, ਕ੍ਰਿਕਟ, ਦੌੜ, ਵਾਲੀਬਾਲ... ਆਦਿ।

Ph: 847-310-1600
1555 Barrington Rd., Suite 235, Hoffman Estates, IL 60169

# ਕੋਹੇਨੂਰ ਹੀਰਾ

## 'ਰੌਸ਼ਨੀ ਦਾ ਪਹਾੜ, ਤਾਕਤ ਦੀ ਨਿਸ਼ਾਨੀ' ਜਾਂ ਇਤਿਹਾਸ ਦਾ ਸਭ ਤੋਂ ਵੱਡਾ ਵਿਵਾਦ?



ਪੰਜਾਬੀ ਪਰਵਾਜ਼ ਬਿਊਰੋ

ਕੋਹੇਨੂਰ ਹੀਰਾ, ਜਿਸਦਾ ਨਾਮ ਸੁਣਦੇ ਹੀ ਸ਼ਾਨੋ-ਸ਼ੌਕਤ, ਰਾਜਸੀ ਤਾਕਤ ਅਤੇ ਸਦੀਆਂ ਪੁਰਾਣੇ ਇਤਿਹਾਸ ਦੀਆਂ ਕਹਾਣੀਆਂ ਮਨ ਵਿੱਚ ਤਾਜ਼ਾ ਹੋ ਜਾਂਦੀਆਂ ਹਨ, ਅੱਜ ਵੀ ਦੁਨੀਆ ਭਰ ਵਿੱਚ ਚਰਚਾ ਦਾ ਕੇਂਦਰ ਬਣਿਆ ਹੋਇਆ ਹੈ। ਇਹ ਹੀਰਾ ਇਸ ਸਮੇਂ ਲੰਡਨ ਵਿੱਚ ਸੰਭਾਲ ਕੇ ਰੱਖਿਆ ਗਿਆ ਹੈ ਅਤੇ ਬ੍ਰਿਟਿਸ਼ ਰਾਜਘਰਾਣੇ ਦੇ ਕੀਮਤੀ ਗਹਿਣਿਆਂ ਵਿੱਚ ਸ਼ਾਮਲ ਹੈ। ਕਦੇ ਇਹ ਮਹਾਰਾਣੀ ਐਲਿਜ਼ਾਬੇਥ ਦੇ ਤਾਜ ਵਿੱਚ ਜੜਿਆ ਹੋਇਆ ਸੀ ਅਤੇ ਹੁਣ ਵੀ ਇਹ ਰਾਜਸੀ ਵਿਰਾਸਤ ਦਾ ਮਹੱਤਵਪੂਰਨ ਹਿੱਸਾ ਹੈ।

ਇਸ ਹੀਰੇ ਦੀ ਖਾਸ ਗੱਲ ਇਹ ਹੈ ਕਿ ਇਹ ਸਿਰਫ਼ ਇੱਕ ਕੀਮਤੀ ਪੱਥਰ ਨਹੀਂ, ਸਗੋਂ ਇੱਕ ਲੰਬੀ ਇਤਿਹਾਸਕ ਯਾਤਰਾ ਦਾ ਗਵਾਹ ਹੈ। ਇਹ ਮੁਗਲ ਬਾਦਸ਼ਾਹਾਂ ਤੋਂ ਲੈ ਕੇ ਇਰਾਨ ਦੇ ਸ਼ਾਹਾਂ, ਅਫਗਾਨ ਅਮੀਰਾਂ ਅਤੇ ਸਿੱਖ ਮਹਾਰਾਜਿਆਂ ਦੇ ਹੱਥਾਂ ਵਿੱਚੋਂ ਲੰਘਦਾ ਹੋਇਆ ਆਖ਼ਿਰਕਾਰ ਬ੍ਰਿਟਿਸ਼ ਹਕੂਮਤ ਤੱਕ ਪਹੁੰਚਿਆ।

### ਕੋਹੇਨੂਰ ਮੁੜ ਚਰਚਾ ਵਿੱਚ ਕਿਉਂ?

ਲੰਘੇ ਦਿਨੀਂ ਨਿਊ ਯਾਰਕ ਸਿਟੀ ਦੇ ਮੇਅਰ ਜ਼ੋਹਰਾਨ ਮਮਦਾਨੀ ਦੇ ਇੱਕ ਬਿਆਨ ਨੇ ਕੋਹੇਨੂਰ ਨੂੰ ਫਿਰ ਸੁਰਖੀਆਂ ਵਿੱਚ ਲਿਆ ਦਿੱਤਾ ਹੈ। ਉਨ੍ਹਾਂ ਨੇ ਕਿਹਾ ਕਿ ਜੇ ਉਨ੍ਹਾਂ ਨੂੰ ਮੌਕਾ ਮਿਲਦਾ ਤਾਂ ਉਹ ਬ੍ਰਿਟੇਨ ਦੇ ਰਾਜਾ ਕਿੰਗ ਚਾਰਲਜ਼ ਤੀਜੇ ਨਾਲ ਗੱਲ ਕਰਕੇ ਕੋਹੇਨੂਰ ਨੂੰ ਭਾਰਤ ਵਾਪਸ ਕਰਨ ਦੀ ਮੰਗ ਕਰਦੇ। ਉਨ੍ਹਾਂ ਦੇ ਇਸ ਬਿਆਨ ਤੋਂ ਬਾਅਦ ਇਹ ਮਸਲਾ ਫਿਰ ਤੋਂ ਅੰਤਰਰਾਸ਼ਟਰੀ ਪੱਧਰ 'ਤੇ ਚਰਚਾ ਦਾ ਵਿਸ਼ਾ ਬਣ ਗਿਆ ਹੈ।

ਕੋਹੇਨੂਰ ਨੂੰ ਦੁਨੀਆ ਦੇ ਸਭ ਤੋਂ ਮਸ਼ਹੂਰ ਅਤੇ ਕੀਮਤੀ ਹੀਰਿਆਂ ਵਿੱਚੋਂ ਇੱਕ ਮੰਨਿਆ ਜਾਂਦਾ ਹੈ। ਹਾਲਾਂਕਿ ਕੁਝ ਲੋਕ ਇਸਨੂੰ 'ਸਰਾਪਿਆ ਹੋਇਆ ਹੀਰਾ' ਵੀ ਕਹਿੰਦੇ ਹਨ, ਖ਼ਾਸ ਕਰਕੇ ਮਰਦ ਸ਼ਾਸਕਾਂ ਲਈ ਇਸਨੂੰ ਅਪਸ਼ਗੁਨ ਮੰਨਿਆ ਜਾਂਦਾ ਹੈ।

### ਕੋਹੇਨੂਰ ਦੀ ਸ਼ੁਰੂਆਤ: ਭਾਰਤ ਦੀ ਧਰਤੀ ਤੋਂ

ਕੋਹੇਨੂਰ ਦੀ ਸ਼ੁਰੂਆਤ ਦੱਖਣੀ ਭਾਰਤ ਤੋਂ ਹੋਈ ਮੰਨੀ ਜਾਂਦੀ ਹੈ। ਉੜੀਸਾ ਸਟੇਟ ਆਰਕਾਈਵਜ਼ ਮੁਤਾਬਕ ਇਹ ਹੀਰਾ ਕਾਕਤੀਆ ਵੰਸ਼ ਦੇ ਸਮੇਂ ਗੋਲਕੋਂਡਾ ਖੇਤਰ ਦੀਆਂ ਕੋਲੂਰ ਖਾਨਾਂ (ਮੌਜੂਦਾ ਤੇਲੰਗਾਨਾ) ਵਿੱਚ ਲੱਭਿਆ ਗਿਆ ਸੀ। ਗੋਲਕੋਂਡਾ ਖੇਤਰ ਉਸ ਸਮੇਂ ਦੁਨੀਆ ਦੇ ਸਭ ਤੋਂ ਵਧੀਆ ਹੀਰਿਆਂ ਲਈ ਮਸ਼ਹੂਰ ਸੀ। ਇਹ ਹੀਰਾ ਆਪਣੇ ਵੱਡੇ ਆਕਾਰ ਅਤੇ ਚਮਕ ਕਾਰਨ ਜਲਦੀ ਹੀ ਰਾਜਸੀ ਤਾਕਤ ਦੀ ਨਿਸ਼ਾਨੀ ਬਣ ਗਿਆ। ਜਿਸ ਸ਼ਾਸਕ ਕੋਲ ਕੋਹੇਨੂਰ ਹੁੰਦਾ, ਉਸਨੂੰ ਬਹੁਤ ਸ਼ਕਤੀਸ਼ਾਲੀ ਮੰਨਿਆ ਜਾਂਦਾ ਸੀ। ਇਸੇ ਕਰਕੇ ਕਈ ਰਾਜਿਆਂ ਨੇ ਇਸਨੂੰ ਹਾਸਲ ਕਰਨ ਲਈ ਜੰਗਾਂ ਵੀ ਲੜੀਆਂ।

### ਮੁਗਲਾਂ ਦੇ ਖਜ਼ਾਨੇ ਦਾ ਹਿੱਸਾ

ਕੋਹੇਨੂਰ ਮੁਗਲ ਸਾਮਰਾਜ ਵਿੱਚ ਆ ਗਿਆ ਅਤੇ ਕਈ ਸਾਲਾਂ ਤੱਕ ਉਨ੍ਹਾਂ ਦੇ ਖਜ਼ਾਨੇ ਦਾ ਹਿੱਸਾ ਬਣਿਆ ਰਿਹਾ। ਬਾਬਰ ਨੇ ਆਪਣੀ ਆਤਮਕਥਾ ਵਿੱਚ ਵੀ ਇੱਕ ਵੱਡੇ ਹੀਰੇ ਦਾ ਜ਼ਿਕਰ ਕੀਤਾ ਹੈ, ਜਿਸਨੂੰ ਬਾਅਦ ਵਿੱਚ ਕੋਹੇਨੂਰ ਨਾਲ ਜੋੜਿਆ ਗਿਆ। ਮੁਗਲ ਬਾਦਸ਼ਾਹ ਸ਼ਾਹਜਹਾਂ ਨੇ ਇਸਨੂੰ ਆਪਣੇ ਸਿੰਘਾਸਨ ਵਿੱਚ ਜੜਵਾਇਆ। ਉਸ ਸਮੇਂ ਇਹ ਹੀਰਾ ਰਾਜਸੀ ਸ਼ਾਨ ਅਤੇ ਦੌਲਤ ਦਾ ਸਭ ਤੋਂ ਵੱਡਾ ਪ੍ਰਤੀਕ ਸੀ। ਪਰ ਜਿਵੇਂ ਜਿਵੇਂ ਮੁਗਲ ਸਾਮਰਾਜ ਕਮਜ਼ੋਰ ਹੋਇਆ, ਕੋਹੇਨੂਰ ਵੀ ਵੱਖ-ਵੱਖ ਹੱਥਾਂ ਵਿੱਚ ਜਾਣ ਲੱਗਾ।

### ਨਾਦਿਰ ਸ਼ਾਹ ਦਾ ਹਮਲਾ ਅਤੇ ਨਾਮਕਰਨ

1739 ਵਿੱਚ ਇਰਾਨ ਦੇ ਸ਼ਾਸਕ ਨਾਦਿਰ ਸ਼ਾਹ ਨੇ ਦਿੱਲੀ 'ਤੇ ਹਮਲਾ ਕੀਤਾ ਅਤੇ ਮੁਗਲ ਖਜ਼ਾਨੇ ਨੂੰ ਲੁੱਟ ਲਿਆ। ਉਹ ਕੋਹੇਨੂਰ ਵੀ ਆਪਣੇ ਨਾਲ ਲੈ ਗਿਆ। ਕਿਹਾ ਜਾਂਦਾ ਹੈ ਕਿ ਇਸਦੀ ਚਮਕ ਦੇਖ ਕੇ ਉਸਨੇ ਇਸਦਾ ਨਾਮ 'ਕੋਹ-ਏ-ਨੂਰ' ਰੱਖਿਆ, ਜਿਸਦਾ ਅਰਥ ਹੈ- 'ਰੌਸ਼ਨੀ ਦਾ ਪਹਾੜ।' ਇਹ ਘਟਨਾ ਕੋਹੇਨੂਰ ਦੀ ਯਾਤਰਾ ਵਿੱਚ ਇੱਕ ਵੱਡਾ ਮੋੜ ਸੀ, ਕਿਉਂਕਿ ਇਸ ਤੋਂ ਬਾਅਦ ਇਹ ਭਾਰਤ ਤੋਂ ਬਾਹਰ ਚਲਾ ਗਿਆ।

### ਅਫਗਾਨਿਸਤਾਨ ਤੇ ਮਹਾਰਾਜਾ ਰਣਜੀਤ ਸਿੰਘ

ਨਾਦਿਰ ਸ਼ਾਹ ਦੀ ਮੌਤ ਤੋਂ ਬਾਅਦ ਇਹ ਹੀਰਾ ਅਫਗਾਨਿਸਤਾਨ ਦੇ ਸ਼ਾਸਕਾਂ ਕੋਲ ਚਲਾ ਗਿਆ। ਬਾਅਦ ਵਿੱਚ ਸ਼ਾਹ ਸੁਜਾ ਦੁਰਾਨੀ ਨੇ ਇਹ ਹੀਰਾ ਪੰਜਾਬ ਦੇ ਮਹਾਨ ਸਿੱਖ ਸ਼ਾਸਕ ਮਹਾਰਾਜਾ ਰਣਜੀਤ ਸਿੰਘ ਨੂੰ ਦੇ ਦਿੱਤਾ। ਮਹਾਰਾਜਾ ਰਣਜੀਤ ਸਿੰਘ ਨੇ ਕੋਹੇਨੂਰ ਨੂੰ ਆਪਣੀ ਸ਼ਾਨ ਦਾ ਪ੍ਰਤੀਕ ਬਣਾਇਆ। ਕਿਹਾ ਜਾਂਦਾ ਹੈ ਕਿ ਉਹ ਇਸਨੂੰ ਖਾਸ ਮੌਕਿਆਂ 'ਤੇ ਹੀ ਪਹਿਨਦੇ ਸਨ। ਇੱਕ ਦਿਲਚਸਪ ਗੱਲ ਇਹ ਵੀ ਹੈ ਕਿ ਉਨ੍ਹਾਂ ਨੇ ਆਪਣੀ ਮੌਤ ਤੋਂ ਪਹਿਲਾਂ ਇਸਨੂੰ ਧਾਰਮਿਕ ਸਥਾਨ ਨੂੰ ਦਾਨ ਕਰਨ ਦੀ ਇੱਛਾ ਜਤਾਈ ਸੀ, ਪਰ ਇਹ ਕਦੇ ਸੰਭਵ ਨਾ ਹੋ ਸਕਿਆ।

### ਬ੍ਰਿਟਿਸ਼ ਹਕੂਮਤ ਤੇ ਕੋਹੇਨੂਰ ਦੀ ਨਵੀਂ ਕਹਾਣੀ

1849 ਵਿੱਚ ਜਦੋਂ ਪੰਜਾਬ ਬ੍ਰਿਟਿਸ਼ ਰਾਜ ਦੇ ਅਧੀਨ ਆਇਆ ਤਾਂ ਕੋਹੇਨੂਰ ਨੂੰ ਲਾਹੌਰ ਸੰਧੀ ਦੇ ਤਹਿਤ ਅੰਗਰੇਜ਼ਾਂ ਨੂੰ ਸੌਂਪ ਦਿੱਤਾ ਗਿਆ। ਇਸਨੂੰ ਇੰਗਲੈਂਡ ਭੇਜਿਆ ਗਿਆ ਅਤੇ ਰਾਣੀ ਵਿਕਟੋਰੀਆ ਦੇ ਹਵਾਲੇ ਕਰ ਦਿੱਤਾ ਗਿਆ। ਬਾਅਦ ਵਿੱਚ ਇਸਨੂੰ ਦੁਬਾਰਾ ਤਰਾਸ਼ਿਆ ਗਿਆ ਤਾਂ ਜੋ ਇਸਦੀ ਚਮਕ ਹੋਰ ਵਧ ਸਕੇ। ਇਸ ਸਮੇਂ ਇਸਦਾ ਵਜ਼ਨ 105.6 ਕੈਰਟ ਹੈ ਅਤੇ ਇਹ ਬ੍ਰਿਟਿਸ਼ ਕਰਾਊਨ ਜਿਊਲਜ਼ ਦਾ ਹਿੱਸਾ ਹੈ।

### ਸਰਾਪ: ਸੱਚ ਜਾਂ ਕਹਾਣੀ?

ਕੋਹੇਨੂਰ ਨਾਲ ਜੁੜੀ ਸਭ ਤੋਂ ਦਿਲਚਸਪ ਗੱਲ ਇਸਦਾ ਕਥਿਤ ਸਰਾਪਿਆ ਹੋਣਾ ਹੈ। ਕਿਹਾ ਜਾਂਦਾ ਹੈ ਕਿ ਇਹ ਹੀਰਾ ਮਰਦ ਸ਼ਾਸਕਾਂ ਲਈ ਬਦਕਿਸਮਤੀ ਲਿਆਉਂਦਾ ਹੈ। ਇਤਿਹਾਸ ਵਿੱਚ ਕਈ ਅਜਿਹੀਆਂ ਘਟਨਾਵਾਂ ਦੱਸੀਆਂ ਜਾਂਦੀਆਂ ਹਨ, ਜਿੱਥੇ ਇਸਦੇ ਮਾਲਕਾਂ ਨੂੰ ਨੁਕਸਾਨ ਝੱਲਣਾ ਪਿਆ। ਇਸੇ ਕਾਰਨ ਬ੍ਰਿਟਿਸ਼ ਰਾਜਘਰਾਣੇ ਵਿੱਚ ਇਹ ਹੀਰਾ ਸਿਰਫ਼ ਮਹਿਲਾਵਾਂ ਦੁਆਰਾ ਹੀ ਪਹਿਨਿਆ ਜਾਂਦਾ ਹੈ। ਹਾਲਾਂਕਿ ਇਸ ਗੱਲ ਦਾ ਕੋਈ ਵਿਗਿਆਨਕ ਸਬੂਤ ਨਹੀਂ ਹੈ, ਪਰ ਇਹ ਕਹਾਣੀ ਲੋਕਾਂ ਵਿੱਚ ਬਹੁਤ ਮਸ਼ਹੂਰ ਹੈ।

### ਕੋਹੇਨੂਰ 'ਤੇ ਹੱਕ ਦੀ ਲੜਾਈ

ਅੱਜ ਕੋਹੇਨੂਰ ਸਿਰਫ਼ ਇੱਕ ਹੀਰਾ ਨਹੀਂ, ਸਗੋਂ ਇੱਕ ਰਾਜਨੀਤਿਕ ਅਤੇ ਸੱਭਿਆਚਾਰਕ ਮਸਲਾ ਬਣ ਗਿਆ ਹੈ। ਭਾਰਤ, ਪਾਕਿਸਤਾਨ, ਅਫਗਾਨਿਸਤਾਨ ਅਤੇ ਇਰਾਨ ਵੱਲੋਂ ਇਸ 'ਤੇ ਆਪਣਾ ਹੱਕ ਜਤਾਇਆ ਜਾਂਦਾ ਹੈ। ਭਾਰਤ ਕਹਿੰਦਾ ਹੈ ਕਿ ਇਹ ਹੀਰਾ ਉਸਦੀ ਸੱਭਿਆਚਾਰਕ ਵਿਰਾਸਤ ਦਾ ਹਿੱਸਾ ਹੈ ਅਤੇ ਇਸਨੂੰ ਵਾਪਸ ਕੀਤਾ ਜਾਣਾ ਚਾਹੀਦਾ ਹੈ। ਦੂਜੇ ਪਾਸੇ ਬ੍ਰਿਟੇਨ ਦਾ ਮੰਨਣਾ ਹੈ ਕਿ ਇਹ ਕਾਨੂੰਨੀ ਤੌਰ 'ਤੇ ਉਨ੍ਹਾਂ ਦੇ ਕੋਲ ਹੈ।

### ਦਿਲਚਸਪ ਤੱਥ ਅਤੇ ਘਟਨਾਵਾਂ

*ਕੋਹੇਨੂਰ ਪਹਿਲਾਂ ਲਗਭਗ 186 ਕੈਰਟ ਦਾ ਸੀ, ਪਰ ਤਰਾਸ਼ਣ ਤੋਂ ਬਾਅਦ ਇਹ 105.6 ਕੈਰਟ ਰਹਿ ਗਿਆ।

*ਇਹ ਦੁਨੀਆ ਦੇ ਸਭ ਤੋਂ ਪੁਰਾਣੇ ਅਤੇ ਮਸ਼ਹੂਰ ਹੀਰਿਆਂ ਵਿੱਚੋਂ ਇੱਕ ਹੈ।

*ਕਈ ਰਾਜਿਆਂ ਨੇ ਇਸਨੂੰ ਆਪਣੀ ਜਿੱਤ ਦੀ ਨਿਸ਼ਾਨੀ ਵਜੋਂ ਰੱਖਿਆ।

*ਇਸਨੂੰ ਲੈ ਕੇ ਕਈ ਕਹਾਣੀਆਂ, ਦੰਤਕਥਾਵਾਂ ਅਤੇ ਫਿਲਮਾਂ ਵੀ ਬਣ ਚੁੱਕੀਆਂ ਹਨ।

### ਇਕ ਹੀਰਾ, ਕਈ ਕਹਾਣੀਆਂ

ਕੋਹੇਨੂਰ ਦੀ ਕਹਾਣੀ ਸਿਰਫ਼ ਇੱਕ ਕੀਮਤੀ ਹੀਰੇ ਦੀ ਕਹਾਣੀ ਨਹੀਂ ਹੈ। ਇਹ ਸਦੀਆਂ ਦੀ ਰਾਜਨੀਤੀ, ਜੰਗਾਂ, ਤਾਕਤ ਅਤੇ ਮਨੁੱਖੀ ਲਾਲਚ ਦੀ ਕਹਾਣੀ ਵੀ ਹੈ। ਇਸਦੀ ਚਮਕ ਜਿੰਨੀ ਖ਼ੂਬਸੂਰਤ ਹੈ, ਇਸਦਾ ਇਤਿਹਾਸ ਉਤਨਾ ਹੀ ਜਟਿਲ ਅਤੇ ਦੁਖਦਾਈ ਵੀ ਹੈ। ਅੱਜ ਵੀ ਇਹ ਸਵਾਲ ਬਰਕਰਾਰ ਹੈ ਕਿ ਕੀ ਕੋਹੇਨੂਰ ਨੂੰ ਉਸਦੇ ਮੂਲ ਦੇਸ਼ ਨੂੰ ਵਾਪਸ ਕੀਤਾ ਜਾਣਾ ਚਾਹੀਦਾ ਹੈ ਜਾਂ ਨਹੀਂ? ਪਰ ਇੱਕ ਗੱਲ ਸਾਫ਼ ਹੈ ਕਿ ਕੋਹੇਨੂਰ ਸਿਰਫ਼ ਇੱਕ ਹੀਰਾ ਨਹੀਂ, ਸਗੋਂ ਦੁਨੀਆ ਦੇ ਇਤਿਹਾਸ ਦਾ ਇੱਕ ਅਨਮੋਲ ਚੈਪਟਰ ਹੈ, ਜੋ ਸਦਾ ਲਈ ਲੋਕਾਂ ਦੀ ਦਿਲਚਸਪੀ ਦਾ ਕੇਂਦਰ ਬਣਿਆ ਰਹੇਗਾ।

# ਕੰਮ ਦਾ ਦਬਾਅ ਲੈ ਰਿਹੈ ਹਰ ਸਾਲ 8.4 ਲੱਖ ਤੋਂ ਵੱਧ ਜਾਨਾਂ

## ਖ਼ਾਮੋਸ਼ ਕਾਤਲ...

ਪੰਜਾਬੀ ਪਰਵਾਜ਼ ਬਿਊਰੋ



ਅੰਤਰਰਾਸ਼ਟਰੀ ਮਜ਼ਦੂਰ ਸੰਗਠਨ (ਆਈ.ਐੱਲ.ਓ.) ਦੀ ਨਵੀਂ ਰਿਪੋਰਟ ਵਿੱਚ ਸਾਹਮਣੇ ਆਇਆ ਹੈ ਕਿ ਕੰਮ ਨਾਲ ਜੁੜਿਆ ਵਧਦਾ ਦਬਾਅ ਹਰ ਸਾਲ 8.4 ਲੱਖ ਤੋਂ ਵੱਧ ਜਾਨਾਂ ਨਿਗਲ ਰਿਹਾ ਹੈ। ਕੰਮ ਦਾ ਵਧਦਾ ਦਬਾਅ ਹੁਣ ਸਿਰਫ਼ ਥਕਾਵਟ ਨਹੀਂ ਰਿਹਾ, ਸਗੋਂ ਸਿਹਤ ਲਈ ਇੱਕ ਗੰਭੀਰ ਸੰਕਟ ਬਣਦਾ ਜਾ ਰਿਹਾ ਹੈ। ਰਿਪੋਰਟ ਮੁਤਾਬਕ ਲੰਮੇ ਕੰਮ ਦੇ ਘੰਟੇ, ਨੌਕਰੀ ਜਾਣ ਦਾ ਡਰ, ਦਫ਼ਤਰ ਵਿੱਚ ਪ੍ਰੇਸ਼ਾਨੀ ਅਤੇ ਲਗਾਤਾਰ ਤਣਾਅ ਵਰਗੇ ਮਨੋ-ਸਮਾਜਿਕ ਖ਼ਤਰੇ ਹਰ ਸਾਲ 8.4 ਲੱਖ ਤੋਂ ਵੱਧ ਲੋਕਾਂ ਦੀ ਜਾਨ ਲੈ ਰਹੇ ਹਨ।

ਇਹ ਹੀ ਨਹੀਂ, ਇਨ੍ਹਾਂ ਕਾਰਨਾਂ ਕਰਕੇ ਹਰ ਸਾਲ ਲਗਭਗ 4.5 ਕਰੋੜ ਸਿਹਤਮੰਦ ਸਾਲਾਂ ਦਾ ਵੀ ਨੁਕਸਾਨ ਹੋ ਰਿਹਾ ਹੈ। ਇਸਦਾ ਮਤਲਬ ਹੈ ਕਿ ਲੱਖਾਂ ਲੋਕ ਆਪਣੀ ਜ਼ਿੰਦਗੀ ਦੇ ਕੀਮਤੀ ਸਾਲ ਬਿਮਾਰੀ, ਤਣਾਅ ਅਤੇ ਸਮੇਂ ਤੋਂ ਪਹਿਲਾਂ ਆਈਆਂ ਮੌਤਾਂ ਵਿੱਚ ਗੁਆ ਰਹੇ ਹਨ।

ਰਿਪੋਰਟ ਦੱਸਦੀ ਹੈ ਕਿ ਇਨ੍ਹਾਂ ਖ਼ਤਰਿਆਂ ਦਾ ਸਿੱਧਾ ਸੰਬੰਧ ਦਿਲ ਦੀਆਂ ਬਿਮਾਰੀਆਂ, ਮਾਨਸਿਕ ਰੋਗਾਂ ਅਤੇ ਇੱਥੋਂ ਤੱਕ ਕਿ ਆਤਮਹੱਤਿਆ ਨਾਲ ਵੀ ਹੈ। ਇਸਦਾ ਅਸਰ ਸਿਰਫ਼ ਮਨੁੱਖੀ ਸਿਹਤ ਤੱਕ ਸੀਮਿਤ ਨਹੀਂ, ਸਗੋਂ ਵਿਸ਼ਵ ਅਰਥਵਿਵਸਥਾ ਦਾ ਵੀ ਵੱਡਾ ਨੁਕਸਾਨ ਹੋ ਰਿਹਾ ਹੈ। ਅੰਦਾਜ਼ਾ ਹੈ ਕਿ ਇਸ ਕਾਰਨ ਵਿਸ਼ਵ ਦੀ ਕੁੱਲ ਜੀ.ਡੀ.ਪੀ. ਨੂੰ ਲਗਭਗ 1.37 ਫ਼ੀਸਦੀ ਦਾ ਨੁਕਸਾਨ ਹੋ ਰਿਹਾ ਹੈ। ਇਸਦਾ ਮਤਲਬ ਹੈ ਕਿ ਖ਼ਰਾਬ ਕੰਮਕਾਜੀ ਹਾਲਾਤ ਸਿਰਫ਼ ਲੋਕਾਂ ਦੀ ਸਿਹਤ ਨਹੀਂ, ਸਗੋਂ ਦੇਸ਼ਾਂ ਦੀ ਤਰੱਕੀ ਨੂੰ ਵੀ ਪ੍ਰਭਾਵਿਤ ਕਰ ਰਹੇ ਹਨ।

ਰਿਪੋਰਟ ਇਹ ਵੀ ਦੱਸਦੀ ਹੈ ਕਿ ਡਿਜੀਟਲ ਤਕਨਾਲੋਜੀ, ਮਸ਼ੀਨੀ ਬੁੱਧੀ (ਏ.ਆਈ.), ਘਰੋਂ ਕੰਮ ਅਤੇ ਨਵੇਂ ਰੋਜ਼ਗਾਰ ਮਾਡਲ ਕੰਮ ਕਰਨ ਦੇ ਤਰੀਕਿਆਂ ਨੂੰ ਤੇਜ਼ੀ ਨਾਲ ਬਦਲ ਰਹੇ ਹਨ। ਇੱਕ ਪਾਸੇ ਇਹ ਬਦਲਾਅ ਲਾਭਦਾਇਕ ਹੋ ਸਕਦੇ ਹਨ, ਪਰ ਜੇ ਇਨ੍ਹਾਂ ਨੂੰ ਠੀਕ ਤਰੀਕੇ ਨਾਲ ਨਾ ਸੰਭਾਲਿਆ ਗਿਆ ਤਾਂ ਇਹ ਤਣਾਅ ਅਤੇ ਮਾਨਸਿਕ ਦਬਾਅ ਨੂੰ ਹੋਰ ਵਧਾ ਸਕਦੇ ਹਨ।

ਰਿਪੋਰਟ ਸਾਫ਼ ਕਹਿੰਦੀ ਹੈ ਕਿ ਜੇ ਕੰਮ ਦੇ ਘੰਟੇ ਸੰਤੁਲਿਤ ਕੀਤੇ ਜਾਣ, ਕਰਮਚਾਰੀਆਂ ਨੂੰ ਸੁਰੱਖਿਆ ਅਤੇ ਇੱਜ਼ਤ ਮਿਲੇ ਅਤੇ ਮਾਨਸਿਕ ਸਿਹਤ ਨੂੰ ਤਰਜੀਹ ਦਿੱਤੀ ਜਾਵੇ, ਤਾਂ ਇਸ ਸੰਕਟ ਨੂੰ ਕਾਫ਼ੀ ਹੱਦ ਤੱਕ ਘਟਾਇਆ ਜਾ ਸਕਦਾ ਹੈ। ਹਰ ਸਵੇਰ ਲੋਕ ਆਪਣੀ ਰੋਜ਼ੀ-ਰੋਟੀ ਲਈ ਕੰਮ 'ਤੇ ਜਾਂਦੇ ਹਨ, ਪਰ ਹੁਣ ਉਹੀ ਕੰਮ ਉਨ੍ਹਾਂ ਦੀ ਸਿਹਤ ਅਤੇ ਜ਼ਿੰਦਗੀ 'ਤੇ ਭਾਰੀ ਪੈ ਰਿਹਾ ਹੈ। ਦੁਨੀਆ ਵਿੱਚ ਕੰਮ ਦਾ ਦਬਾਅ, ਅਸੁਰੱਖਿਆ ਅਤੇ ਤਣਾਅ ਹੁਣ ਸਿਰਫ਼ ਥਕਾਵਟ ਨਹੀਂ ਰਹੇ ਸਗੋਂ ਇੱਕ 'ਖ਼ਾਮੋਸ਼ ਕਾਤਲ' ਬਣ ਚੁੱਕੇ ਹਨ।

### ਟੁੱਟਦਾ ਸਰੀਰ, ਬਿਖਰਦਾ ਮਨ

ਰਿਪੋਰਟ ਦੱਸਦੀ ਹੈ ਕਿ ਇਨ੍ਹਾਂ ਖ਼ਤਰਿਆਂ ਦਾ ਸਭ ਤੋਂ ਵੱਡਾ ਅਸਰ ਦਿਲ ਦੀਆਂ ਬਿਮਾਰੀਆਂ ਅਤੇ ਮਾਨਸਿਕ ਸਮੱਸਿਆਵਾਂ ਦੇ ਰੂਪ ਵਿੱਚ ਹੁੰਦਾ ਹੈ। ਕਈ ਮਾਮਲਿਆਂ ਵਿੱਚ ਲੋਕ ਆਤਮਹੱਤਿਆ ਤੱਕ ਕਰ ਲੈਂਦੇ ਹਨ। ਪਾਠਕਾਂ ਨੂੰ ਜਾਣ ਕੇ ਹੈਰਾਨੀ ਹੋਵੇਗੀ ਕਿ ਇਨ੍ਹਾਂ ਕਾਰਨਾਂ ਕਰਕੇ ਹਰ ਸਾਲ ਲਗਭਗ 4.5 ਕਰੋੜ ਸਿਹਤਮੰਦ ਸਾਲਾਂ ਦਾ ਨੁਕਸਾਨ ਹੁੰਦਾ ਹੈ। ਇਹ ਉਹ ਕੀਮਤੀ ਸਾਲ ਹਨ, ਜੋ ਲੋਕ ਆਪਣੇ ਪਰਿਵਾਰ ਨਾਲ ਖ਼ੁਸ਼ੀ ਨਾਲ ਬਿਤਾਉਣਾ ਚਾਹੁੰਦੇ ਹਨ, ਪਰ ਕੰਮ ਦਾ ਦਬਾਅ ਉਨ੍ਹਾਂ ਨੂੰ ਇਹ ਮੌਕਾ ਨਹੀਂ ਦਿੰਦਾ। ਇਹ ਸਿਰਫ਼ ਮਨੁੱਖੀ ਦੁੱਖ ਨਹੀਂ, ਸਗੋਂ ਵੱਡਾ ਆਰਥਿਕ ਸੰਕਟ ਵੀ ਹੈ।

### 'ਸਾਈਕੋਸੋਸ਼ਲ ਵਰਕਿੰਗ ਐਨਵਾਇਰਨਮੈਂਟ' ਕੀ ਹੈ?

ਇਹ ਸਿਰਫ਼ ਕੰਮ ਦਾ ਬੋਝ ਨਹੀਂ, ਸਗੋਂ ਪੂਰੀ ਕੰਮ ਪ੍ਰਣਾਲੀ ਨਾਲ ਜੁੜਿਆ ਮਾਮਲਾ ਹੈ। ਕੰਮ ਦੀ ਕਿਸਮ, ਉਸ 'ਤੇ ਤੁਹਾਡਾ ਕਿੰਨਾ ਕੰਟਰੋਲ ਹੈ, ਬੌਸ ਅਤੇ ਸਾਥੀਆਂ ਦਾ ਵਿਹਾਰ ਕਿਵੇਂ ਹੈ ਅਤੇ ਕੰਪਨੀ ਦੀਆਂ ਨੀਤੀਆਂ ਕਿੰਨੀਆਂ ਸੁਰੱਖਿਅਤ ਹਨ; ਇਹ ਸਭ ਇਸ ਵਿੱਚ ਸ਼ਾਮਲ ਹੈ। ਜਦੋਂ ਇਹ ਸੰਤੁਲਨ ਖ਼ਰਾਬ ਹੋ ਜਾਂਦਾ ਹੈ ਤਾਂ ਕੰਮ ਦੀ ਥਾਂ ਤਣਾਅ ਤੇ ਡਰ ਦਾ ਮਾਹੌਲ ਬਣ ਜਾਂਦਾ ਹੈ ਅਤੇ ਇੱਥੋਂ ਹੀ ਸਰੀਰ ਤੇ ਮਨ ਦੀ ਭੱਜ-ਟੁੱਟ ਸ਼ੁਰੂ ਹੋ ਜਾਂਦੀ ਹੈ।

### ਵਧਦਾ ਵਰਕ ਸਟ੍ਰੈੱਸ ਕਿਉਂ?

ਰਿਪੋਰਟ ਮੁਤਾਬਕ ਇਸ ਦੇ ਤਿੰਨ ਮੁੱਖ ਕਾਰਨ ਹਨ: ਕੰਮ ਦੀ ਕਿਸਮ- ਜ਼ਿਆਦਾ ਕੰਮ, ਘੱਟ ਸਾਧਨ ਅਤੇ ਹੁਨਰ ਦਾ ਠੀਕ ਇਸਤੇਮਾਲ ਨਾ ਹੋਣਾ।

⇒ ਬਾਕੀ ਅਗਲੇ ਸਫ਼ੇ ਉਤੇ ਪੜ੍ਹੋ

# ਕਲਾਨੌਰ, ਜਿੱਥੇ ਬਾਦਸ਼ਾਹ ਅਕਬਰ ਦੀ ਤਾਜ਼ਪੋਸ਼ੀ ਹੋਈ ਸੀ

***ਪਿੰਡ ਦਾ ਕਿੱਸਾ ਫਰੋਲਣ/ਲੱਭਣ ਲਈ ਬਹੁਤ ਅਤੇ ਬਹੁਪਰਤੀ ਊਰਜਾ ਲੱਗਦੀ ਹੈ। ਪਿੰਡ ਦਾ ਇਤਿਹਾਸ ਲਿਖਣ ਦੀ ਵੱਡੀ ਕਠਿਨਾਈ ਇਹ ਹੈ ਕਿ ਇਹ ਕਿਸੇ ਵੀ ਰੂਪ 'ਚ ਲਿਖਤੀ ਨਹੀਂ ਮਿਲਦਾ। ਕਿਸੇ-ਕਿਸੇ ਪਿੰਡ ਦੇ ਵੱਸਣ-ਰਸਣ ਦੀ, ਉਹ ਵੀ ਨਾ-ਮਾਤਰ, ਗਜ਼ਟੀਅਰ'ਜ਼, ਮਾਲ ਰਿਕਾਰਡ ਜਾਂ ਕਿਸੇ ਦਸਤਾਵੇਜ਼ ਵਿੱਚ ਸਤਹੀ ਜਿਹਾ ਵਰਨਣ ਜਾਂ ਕਨਸੋਅ ਮਿਲਦੀ ਸੀ/ਹੈ, ਜਿਹੜਾ ਸਥਾਨਕ ਇਤਿਹਾਸ ਦੀ ਮਹੱਤਤਾ ਨਾ ਬੁੱਝਣ ਕਾਰਨ ਸਾਂਭਿਆ ਨਹੀਂ ਗਿਆ। 'ਪਿੰਡ ਵਸਿਆ' ਕਾਲਮ ਵਿੱਚ ਸਬੰਧਿਤ ਪਿੰਡ ਦੇ ਵਸਣ ਅਤੇ ਉਗਮਣ ਦੀ ਬਾਤ ਪਾਈ ਹੁੰਦੀ ਹੈ। ਪੇਸ਼ ਹੈ, ਪਿੰਡ ਕਲਾਨੌਰ ਦਾ ਕਿੱਸਾ, ਜਿੱਥੇ ਬਾਦਸ਼ਾਹ ਅਕਬਰ ਦੀ ਤਾਜਪੋਸ਼ੀ ਹੋਈ ਸੀ -ਪ੍ਰਬੰਧਕੀ ਸੰਪਾਦਕ***

## ਪਿੰਡ ਵਸਿਆ

**ਵਿਜੈ ਬੰਬੇਲੀ**
**ਫੋਨ: +91-9463439075**



ਕਿਹਾ ਜਾਂਦਾ ਹੈ ਕਿ ਕਲਾਨੌਰ ਦੀ ਮੋੜ੍ਹੀ, ਕਿਸੇ ਖੇੜੇ ਦੇ ਥੇਹ ਉੱਤੇ ਕਾਲੇ ਅਤੇ ਨੌਰਾ- ਦੋ ਸਕੇ ਮੁਸਲਮਾਨ ਭਾਈਆਂ ਨੇ ਗੱਡੀ ਸੀ। ਉਨ੍ਹਾਂ ਦੇ ਨਾਂ ਦੇ ਜੁੜਵੇਂ ਸੁਮੇਲ ਨਾਲ ਇਸ ਵਸੇਬ ਦਾ ਨਾਂ ਕਲਾਨੌਰ ਵਜੋਂ ਪੱਕ ਪਕਾਅ ਗਿਆ; ਪਰ ਉਨ੍ਹਾਂ ਇਸਦਾ ਪਿੜ ਕਦੋਂ ਅਤੇ ਕਿਨ੍ਹਾਂ ਹਾਲਤਾਂ ਵਿੱਚ ਬੰਨਿਆਂ, ਇਤਿਹਾਸ ਇਸ ਬਾਰੇ ਚੁੱਪ ਹੈ। ਉਂਜ ਕਿਹਾ ਇਹ ਵੀ ਜਾਂਦਾ ਹੈ ਕਿ ਇਹ ਕਿਸੇ ਹਿੰਦੂ ਰਾਜੇ ਵੱਲੋਂ ਵਸਾਈ ਬੜੀ ਪ੍ਰਚੀਨ ਨਗਰੀ ਸੀ/ਹੈ, ਜਿਹੜੀ ਸਮਾਂ ਪਾ ਜਲ-ਪਰਲੋ ਦੀ ਸ਼ਿਕਾਰ ਹੋ ਗਈ ਸੀ। ਜਿਸਦੀ ਗਵਾਹੀ ਇੱਥੋਂ ਦੇ ਕਈ ਧੜਵੈਲ ਖੰਡਰਾਤ ਭਰਦੇ ਹਨ। ਦੱਸਿਆ ਗਿਆ: "ਇੱਥੇ ਤਾਮੀਰ, ਸ਼ਿਵ ਜੀ ਦੇ ਘਰ ਵਜੋਂ ਪ੍ਰਚਾਰਿਆ-ਸਤਿਕਾਰਿਆ ਜਾਂਦਾ 'ਕਮਲੇਸ਼ਵਰ' ਮੰਦਿਰ ਬਚਿਆ ਰਿਹਾ, ਜਿਸ ਤੋਂ ਹੀ ਇਸਦਾ ਹੁਣ ਵਾਲਾ ਨਾਂ, ਵਿਗੜਦਾ-ਸੰਵਰਦਾ, ਲੋਕ ਮਨਾ ਵਿੱਚ ਉੱਕਰ ਗਿਆ।" ਪ੍ਰੰਤੂ ਬਹੁਮਤ ਦਾ ਕਹਿਣਾ ਹੈ ਕਿ ਉਹ ਮੰਦਿਰ ਤਾਂ ਕਿਤੇ ਬਾਅਦ ਮਾਸਟਰ ਰਣਜੀਤ ਸਿੰਘ ਦੇ ਪੁੱਤਰ ਖੜਕ ਸਿੰਘ ਜਾਂ ਸ਼ੇਰ ਸਿੰਘ ਨੇ ਬਣਵਾਇਆ ਜਾਂ ਮੁੜ ਮੁਰੰਮਤਿਆ ਸੀ।

ਖੈਰ! ਇਤਿਹਾਸ ਵਿੱਚ ਇਸ ਨਗਰੀ ਦੇ ਦਰਜ਼ ਹੋਣ ਦਾ ਪੁਖਤਾ ਰੂਪ 1556 ਦੀ ਉਹ ਘਟਨਾ ਹੈ, ਜਦ ਹਾਲਾਤਾਂ ਵੱਸ, ਆਪਣੇ ਬਾਪ ਹਮਾਯੂੰ ਦੀ ਅਚਨਚੇਤ ਮੌਤ ਉਪਰੰਤ ਇਧਰ ਭ੍ਰਮਣ ਕਰਨ ਆਏ 13 ਵਰ੍ਹਿਆਂ ਦੇ ਅਕਬਰ ਨੂੰ ਹਮਾਯੂੰ ਦੇ ਭਰੋਸੇਮੰਦ ਜੰਗੀ ਸਰਦਾਰ ਬਹਿਰਾਮ ਖਾਨ, ਜਿਹੜਾ ਅਕਬਰ ਦਾ ਟਹਿਲੂਆ ਸੀ, ਵੱਲੋਂ ਇੱਥੇ ਕਾਹਲੀ ਨਾਲ ਤਿਆਰ ਕੀਤੇ ਗਏ ਇੱਕ ਥੜ੍ਹੇ ਉੱਤੇ ਤਖ਼ਤ-ਨਸ਼ੀਨ ਕਰਵਾਇਆ ਗਿਆ ਸੀ। ਹਾਂ! ਮਗਰੋਂ ਇਸ ਥੜ੍ਹੇ ਨੂੰ ਕੁੱਝ ਕਲਾਤਮਿਕ ਰੂਪ ਦੇ ਕੇ 'ਤਖ਼ਤ-ਏ-ਅਕਬਰੀ' ਦਾ ਨਾਮ ਦੇ ਦਿੱਤਾ ਗਿਆ ਅਤੇ ਲਾਗੇ ਹੀ 'ਅਕਬਰੀ ਮਸਜਿਦ', ਜਿਹੜੀ ਅੱਜ ਵੀ ਅਕਬਰ ਵਾਂਗ ਸਿਰ ਉੱਚਾ ਕਰਕੇ ਖੜੀ ਹੈ, ਵੀ ਉਸਾਰੀ ਗਈ। ਬਾਦਸ਼ਾਹ ਅਕਬਰ ਤਾਅ-ਉਮਰ ਇਸ ਅਸਥਾਨ ਪ੍ਰਤੀ ਮੋਹ-ਵੰਤਾ ਰਿਹਾ ਅਤੇ ਉਸਦੀ ਨਜ਼ਰ-ਏ-ਨਿਆਇਤ ਸਦਕਾ ਕਲਾਨੌਰ ਆਬਾਦੀ ਅਤੇ ਬਾਜ਼ਾਰ ਪੱਕੋਂ ਵਾਹ-ਬੁਲੰਦ ਵੀ ਹੋਇਆ। ਕਹਿੰਦੇ ਹਨ ਕਿ ਉਦੋਂ ਇਸ ਖੇੜੇ ਪ੍ਰਤੀ ਇਹ 'ਵਾਜ਼ ਵੀ ਪ੍ਰਚਲਤ ਹੋਈ, "ਜਿਹਨੂੰ ਲਾਹੌਰ ਵੇਖਣਾ ਨਸੀਬ ਨਹੀਂ, ਉਹ ਘੱਟੋ-ਘੱਟ ਕਲਾਨੌਰ ਤਾਂ ਜਰੂਰ ਵੇਖ ਲਵੇ।"

ਦੱਸਦੇ ਹਨ ਕਿ ਉਨ੍ਹੀਂ ਵਕਤੀਂ ਅੰਮ੍ਰਿਤਸਰ ਆਏ ਲਾਹੌਰ ਦੇ ਵਪਾਰੀ ਕਲਾਨੌਰ ਦੇ ਅਨਾਰਕਲੀ ਬਾਜ਼ਾਰ ਵਿੱਚ ਵੀ ਗੇੜ੍ਹਾ ਮਾਰਦੇ। ਇਹ ਗੱਲਾਂ ਸੱਚ ਹਨ ਜਾਂ ਝੂਠ, ਪਰ ਇਹ ਕਲਾਨੌਰ ਦੀ ਕਿਸੇ ਵਕਤ ਦੀ ਚੜ੍ਹਤ ਦਾ ਇਸ਼ਾਰਾ ਜਰੂਰ ਕਰਦੀਆਂ ਹਨ। ਸਮਾਂ ਪਾ ਇਸਨੂੰ ਚੰਗੇ-ਮਾੜੇ ਮੁਗਲ ਚਹੇਤੇ ਹੁਕਮਰਾਨ ਮਿਲਦੇ ਰਹੇ ਅਤੇ ਮਾੜਿਆਂ ਦੀ ਕਾਰਗੁਜ਼ਾਰੀ ਕਾਰਨ ਬਾਬਾ ਬੰਦਾ ਸਿੰਘ ਜੀ ਬਹਾਦੁਰ ਦੇ ਉਥਾਨ ਵਕਤ ਇਸ ਨਗਰ ਨੂੰ ਸਖ਼ਤ ਉਜਾੜੇ ਦਾ ਮੂੰਹ ਵੇਖਣਾ ਪਿਆ।

ਇਤਿਹਾਸ-ਮਿਥਿਹਾਸ ਅਤੇ ਦੰਦ-ਕਥਾਵਾਂ ਅਨੁਸਾਰ ਜਿੱਥੇ ਹਿੰਦੋਸਤਾਨ ਫਤਿਹ ਕਰਨ ਤੁਰਿਆ ਸਿਕੰਦਰ ਮਹਾਨ, 325 ਈ. ਪੂਰਵ ਇਸ ਕਸਬੇ ਪੁੱਜਾ ਸੀ, ਉਥੇ ਗੱਖੜਾਂ ਦੇ ਹਮਲਿਆਂ ਵੇਲੇ 1422-23 ਈ. 'ਚ ਦਿੱਲੀ ਦੇ ਬਾਦਸ਼ਾਹ ਮੁਬਾਰਕ ਸ਼ਾਹ ਦੀ ਹਦਾਇਤ ਅਨੁਸਾਰ ਜੰਮੂ ਦੇ ਰਾਜਾ ਭੀਮ ਸੈਨ ਨੇ ਜਸਰਤ ਗੱਖੜ ਦਾ ਸਿਰ-ਵਾਰਵਾਂ ਮੁਕਾਬਲਾ ਕੀਤਾ ਸੀ। ਇਹੀ ਨਹੀਂ, 1526 ਵਿੱਚ ਇਬਰਾਹੀਮ ਲੋਧੀ ਦੇ ਵਿਦਰੋਹੀ ਗਵਰਨਰ ਜਰਨੈਲ ਦੌਲਤ ਖਾਂ ਨੇ ਕਲਾਨੌਰ 'ਤੇ ਕਬਜ਼ਾ ਜਮਾਅ ਬਾਬਰ ਨੂੰ ਹਿੰਦੋਸਤਾਨ 'ਤੇ ਹਮਲਾ ਕਰਨ ਲਈ ਇਸੇ ਸਥਾਨ ਤੋਂ ਉਕਸਾਇਆ ਸੀ। ਮਗਰੋਂ ਪਸਰੂਰ ਰਾਹੀਂ ਇੱਥੇ ਪੁੱਜੇ ਬਾਬਰ ਨੇ ਦੌਲਤ ਖਾਂ ਦੀ ਬਜਾਏ ਆਪਣੇ ਤਾਜ਼ਿਕ ਕਮਾਂਡਰ ਅਲੀ ਮੁਹੰਮਦ ਨੂੰ ਇਸ ਨਗਰ ਦੇ ਹੱਕ-ਹਕੂਕ ਸੰਭਾਲ ਦਿੱਤੇ ਸਨ। ਮਗਰੋਂ ਕਲਾਨੌਰ 'ਸੂਬਾ ਲਾਹੌਰ' ਦੀ 'ਸਰਕਾਰ ਬਟਾਲਾ' ਨਾਲ ਸਬੰਧਿਤ 'ਕਲਾਨੌਰ ਅਕਬਰੀ' ਨਾਂ ਤਹਿਤ ਮੁੱਖ ਪਰਗਨਾ ਘੋਸ਼ਿਤ ਕੀਤਾ ਗਿਆ। ਦਸਤਾਵੇਜ਼ੀ ਪੁਸਤਕ 'ਆਇਨੇ ਅਕਬਰੀ' ਵਿੱਚ ਇਨ੍ਹਾਂ ਗੱਲਾਂ ਦੇ ਪੁਖਤਾ ਜ਼ਿਕਰ ਸਮੇਤ, ਗਾਹੇ-ਬਗਾਹੇ ਕਈ ਹੋਰ ਇਤਿਹਾਸ ਪੁਸਤਕਾਂ ਵਿੱਚ ਇਸ ਨਗਰ ਬਾਰੇ ਕੁੱਝ-ਨਾ-ਕੁੱਝ ਦਰਜ਼ ਹੈ।

ਹਾਂ! ਇਸ ਸ਼ਹਿਰ ਨੇ 1617 ਈ. ਵਿੱਚ ਨੂਰਪੁਰ ਦੀ ਪਹਾੜੀ ਰਿਆਸਤ ਦੇ ਰਾਜਾ ਜਗਤ ਸਿੰਘ-ਰਾਜਾ ਸੂਰਜ ਮੱਲ ਦੀ ਅਉਧ ਵੀ ਹੰਢਾਈ ਅਤੇ ਜਕਰੀਆਂ ਖਾ (1739-450 ਦੇ ਨੇੜ੍ਹਆਂ, ਇੱਥੋਂ ਦੇ ਵਾਸੀ, ਦੀਵਾਨ ਜਸਪਤ ਰਾਏ-ਲ਼ਖਪਤ ਰਾਏ ਦਾ ਸੰਤਾਪ ਵੀ ਹੰਢਾਇਆ। ਕਦੇ ਇੱਥੋਂ ਦਾ ਹੀ ਗਾਲਿਬ ਖਾਂ ਕਲਾਨੌਰੀ ਸੂਬਾ ਲਾਹੌਰ ਦੇ ਗਵਰਨਰ ਸਿਕੰਦਰ ਮਲਿਕ (1427-29) ਦਾ ਡਿਪਟੀ ਵੀ ਰਿਹਾ ਸੀ, ਫੇਰ ਸੰਯੋਗ ਵੱਸ ਇਸੇ ਲਾਹੌਰ ਦਾ ਜੰਗੀ ਰੁਕਨ ਅਦੀਨਾ ਬੇਗ ਇਸਦਾ ਹੁਕਮਰਾਨ ਬਣਿਆ ਸੀ ਅਤੇ ਉਸਤੋਂ ਬਾਅਦ ਸਿੱਖ ਮਿਸਲਚੀ ਤੇ ਮਗਰੋਂ ਮਾਸਟਰ ਰਣਜੀਤ ਸਿੰਘ ਦਾ ਕੁਨਬਾ।

ਬਕੌਲ ਬੂਟੇ ਸ਼ਾਹ, ਉੱਘਾ ਕਾਲਮਨਵੀਸ, ਆਪਣੀ ਢੇਰ ਪੁਰਾਣੀ ਪੁਸਤਕ 'ਪੰਜਾਬ ਦੀ ਜੋਗਰਾਫਯਾਈ ਤਵਾਰੀਖ' ਵਿੱਚ ਇਸ ਬਾਰੇ ਕਲਮਬੱਧ ਇੰਜ ਕਰਦਾ ਹੈ, "ਕਲਾਨੌਰ ਇੱਕ ਵੱਡਾ ਪੁਰਾਣਾ ਸ਼ਹਿਰ ਰਾਵੀ 'ਤੇ ਪੰਜ ਕੋਹ ਹੈ; ਉਹ ਦੇ ਹੇਠ ਉੱਤਰ ਦੇ ਰੁਕ ਇੱਕ ਨਹਿਰ ਵਗਦੀ ਹੈ, ਜਿਹਨੂੰ ਕਰਨ ਕਰਕੇ ਆਖਦੇ ਹਨ। ਬਹਿਰਾਮਪੁਰ ਤੇ ਲਾਕੇ ਕਲਾਨੌਰ ਤੀਕੁਰ ਸਾਰੀ ਧਰਤੀ ਵਿਖੇ ਚੁਸਮੇ ਫੁਟਦੇ ਹਨ, ਅਤੇ ਤਿਨਾਂ ਦਾ ਪਾਣੀ ਕੱਠਾ ਹੋ ਕੇ ਕਰਨ ਸਦਾਉਂਦਾ ਹੈ; ਅਤੇ ਇਹ ਕਰਨ ਪਾਤਸਾਹੀ ਬਾਗ ਦੇ ਹੇਠ, ਜੋ ਸ਼ਹਿਰੋਂ ਪੂਰਬ ਦੇ ਦਾਉ ਹੈ, ਅਜਿਹੀ ਡੂੰਘੀ ਹੈ, ਜੋ ਕਦੇ ਗਾਹਣ ਨਹੀਂ ਹੁੰਦੀ ਅਤੇ ਬੇੜੀ ਬਿਨਾ ਉਥੋਂ ਲੰਘਿਆ ਨਹੀਂ ਜਾਂਦਾ।... ਇਸ ਪਰਗਣੇ ਦੀ ਭੋਂ ਕੁਛ ਕਰਨ ਦੇ ਕੰਢੇ, ਕੁਛ ਹਰਟਾਂ ਅਰ ਬਾਰਿਆਂ, ਅਰਥਾਤ ਚੜਸਾਂ ਦੇ ਪਾਣੀ ਪੁਰ, ਕੁਛ ਬਰਖਾ ਦੇ ਪਾਣੀ ਨਾਲ ਹੁੰਦੀ ਹੈ।



ਇਹ ਬਾਗ ਅਕਬਰ ਪਾਤਸਾਹ ਦੇ ਹੁਕਮ ਨਾਲ ਬਣਿਆ ਸਾ; ਕਿਉਂਕਿ ਉਹ ਇਸੀ ਜਾਗਾ ਤਖਤ ਪੁਰ ਬੈਠਾ ਸੀ। ਅਤੇ ਇਸ ਬਾਗ ਦੇ ਚੁਗਿਰਦ ਪੱਕੀ ਅ.ਲੰਗ ਅਤੇ ਵੱਡਾ ਸ਼ਾਨਦਾਰ ਦਰਵੱਜਾ ਸਾ; ਅਤੇ ਉਹ ਦੇ ਗੱਭੇ ਇੱਕ ਫੁਆਰਿਆਂ ਵਾਲਾ ਹੌਦ, ਅਤੇ ਉਸ ਦੇ ਕੰਢੇ ਪੱਕਾ ਚੂਨੇ ਗੱਚ ਤਖਤ ਸਾ, ਜੋ ਪਾਤਸਾਹ ਦੇ ਬੈਠਣ ਦਾ ਠਿਕਾਣਾ ਸੀ। ਅਤੇ ਬਾਗ ਦੇ ਚੜਦੇ ਰੁਕ ਵੱਡਾ ਮਜਬੂਤ ਹਮਾਮ, ਤੇ ਉੱਤਰ ਦੇ ਪਾਸੇ ਨਹਿਰ ਦੇ ਕੰਢੇ ਇੱਕ ਵੱਡੀ ਖੁੱਲੀ ਅਰ ਉੱਚੀ ਚੌਦਰੀ ਬਣੀ ਹੋਈ ਸੀ; ਹੁਣ ਓਹ ਸਭੋ ਅੰਬਾਰਤਾਂ ਬੈਰਾਨ ਪਈਆਂ ਹਨ; ਬਾਗ ਦੇ ਆਇਰਿਆਂ ਛੁੱਟ ਹੋਰ ਕੁਝ ਨਜ਼ਰੀਂ ਨਹੀਂ ਆਉਂਦਾ। ਇਸ ਸ਼ਹਿਰ ਵਿਖੇ ਅਕਬਰ ਪਾਤਸਾਹ ਦੇ ਰਾਜ ਵਿੱਚ ਵੱਡੀ ਰੌਣਕ ਅਰ ਆਬਾਦੀ ਸੀ, ਉਸ ਤੇ ਪਿਛੇ ਬੀ ਚਿਰ ਤੀਕੁਰ ਉਹੋ ਜਿਹੀ ਰਹੀ; ਪਰ ਜਾਂ ਸਿੱਖਾਂ ਨੈ ਸਾਰੀ ਪੰਜਾਬ ਨੂੰ ਲੁਟ ਫੂਕ ਸਿੱਟਿਆ, ਤਾਂ ਇਹ ਸ਼ਹਿਰ ਭੀ ਬੈਰਾਨ ਹੋ ਗਿਆ। ਤਿਸ ਪਿਛੇ ਜਾਂ ਰਾਮਗੜੀਆਂ ਸਿੱਖਾਂ ਦੇ ਹੱਥ ਆਇਆ, ਤਾਂ ਥੁਹੁੜਾ ਜਿਹਾ ਬਸਦਾ ਸੀ; ਅਤੇ ਜਾ ਕਨਈਆ ਨੈ ਰਾਮਗੜੀਆਂ ਨੂੰ ਲਤਾੜ ਲੀਤਾ, ਤਾਂ ਹਕੀਕਤ ਸਿੰਘੁ ਕਨਈਆ ਇਸ ਸ਼ਹਿਰ ਉੱਤੇ ਝੜਾਈ ਕਰਿ ਆਇਆ, ਅਤੇ ਆਉਂਦੇ ਨੈ ਹੀ ਫੂਕ ਸਿਟਿਆ। ਉਸ ਸਮੇਂ ਇਹ ਸ਼ਹਿਰ ਅਜਿਹਾ ਬੈਰਾਨ ਹੋਇਆ, ਜੋ ਇਸ ਵਿੱਚ ਸੀਂਹ ਬੁਕਦੇ ਫਿਰਦੇ ਸੇ॥

ਤਿਸ ਪਿਛੇ ਹਕੀਕਤ ਸਿੰਘੁ ਦਾ ਪੁੱਤ ਜੈਮਲ ਸਿੰਘੁ, ਜਾਂ ਇਸ ਸ਼ਹਿਰ ਦੇ ਬਸਾਉਣ ਦੇ ਆਹਰ ਵਿੱਚ ਹੋਇਆ, ਤਾਂ ਤੀਹਾਂ ਬਰਸਾਂ ਤੀਕੁਰ ਉਸ ਦੇ ਪਾਹ ਰਿਹਾ, ਅਰ ਉਹ ਬਸਾਉਂਦਾ ਹੀ ਰਿਹਾ; ਇੱਥੇ ਤੀਕੁ ਕਿ ਉਹ ਦੇ ਨਿਆਉਂ ਦੇ ਕਾਰਣ ਤਿੰਨ ਚਾਰ ਸੈ ਹੱਟ, ਅਰ ਤਿੰਨ ਹਜਾਰ ਘਰ ਬਸ ਪਿਆ; ਫੇਰ ਜਾਂ ਜੈਮਲ ਸਿੰਘੁ ਮਰ ਗਿਆ, ਤਾਂ ਇਹ ਸ਼ਹਿਰ ਮਹਾਰਾਜੇ ਰਣਜੀਤ ਸਿੰਘੁ ਕੋਲ ਆ ਗਿਆ; ਹੁਣ ਤੀਕੁਰ ਉਹ ਉਸੇ ਦੇ ਅਮਲ ਵਿੱਚ ਹੈ, ਪਰ ਅੱਗੇ ਵਰਗੀ ਰੌਣਕ ਨਹੀਂ; ਸਗਵਾਂ ਉੱਜੜਦਾ ਜਾਂਦਾ ਹੈ...।"

ਪਰ "ਖੰਡਰਾਤ ਹੀ ਬਤਾਤੇ ਹੈ, ਇਮਾਰਤ ਖ਼ੂਬਸੂਰਤ ਹੋਗੀ।" ਹਾਂ! ਕਲਾਨੌਰ ਦੀ ਸਿਫਤਜ਼ਰੀਫੀ ਅਤੇ ਸਿਤਮਜ਼ਰੀਫੀ ਸਿਰਫ ਹੁਕਮਰਾਨੀ ਲਹਿਜੇ ਤੋਂ ਹੀ ਨਹੀਂ, ਤਾਲੀਮੀ ਲਹਿਜੇ ਤੋਂ ਵੀ ਰਹੀ ਹੈ। ਇਹ ਵਸੇਬ ਕਦੇ ਇਸਲਾਮੀ ਮਰਕਜ਼ ਅਤੇ ਵਿੱਦਿਆ ਦਾ ਵੀ ਕੇਂਦਰ ਰਿਹਾ ਸੀ। ਇਹ ਸਾਰਾ ਕੁੱਝ ਇਤਿਹਾਸ ਦੀ ਕਬਰ ਵਿੱਚ ਦਫ਼ਨ ਹੈ ਅਤੇ ਕਲਾਨੌਰ ਦੇ ਧਰੋਹਰ ਇਸਦੀ ਮਿੱਟੀ ਵਿੱਚ। ਕਾਸ਼ ਅਸੀਂ ਸਾਂਭਿਆਂ ਹੁੰਦਾ!



(ਉਪਰ) ਬਾਦਸ਼ਾਹ ਅਕਬਰ ਅਤੇ (ਹੇਠਾਂ) ਉਹ ਥੜਾ, ਜਿੱਥੇ ਅਕਬਰ ਦੀ ਤਾਜਪੋਸ਼ੀ ਹੋਈ ਸੀ

## ਕੰਮ ਦਾ ਦਬਾਅ ਲੈ ਰਿਹੈ ਹਰ ਸਾਲ 8.4 ਲੱਖ ਤੋਂ ਵੱਧ ਜਾਨਾਂ

ਪ੍ਰਬੰਧਨ ਦੀ ਕਮੀ- ਜ਼ਿੰਮੇਵਾਰੀਆਂ ਅਸਪਸ਼ਟ ਹੋਣਾ ਅਤੇ ਕੰਟਰੋਲ ਘੱਟ ਹੋਣਾ।

ਕੰਮਕਾਜੀ ਮਾਹੌਲ- ਨੌਕਰੀ ਜਾਣ ਦਾ ਡਰ, ਲੰਮੇ ਘੰਟੇ, ਘੱਟ ਤਨਖ਼ਾਹ, ਡਿਜੀਟਲ ਨਿਗਰਾਨੀ ਅਤੇ ਪ੍ਰੇਸ਼ਾਨੀ।

ਇਹ ਸਾਰੇ ਕਾਰਨ ਮਿਲ ਕੇ ਕੰਮ ਨੂੰ ਤਣਾਅ ਅਤੇ ਅਸੁਰੱਖਿਆ ਦਾ ਜਾਲ ਬਣਾ ਦਿੰਦੇ ਹਨ।

### ਬਦਲਦੀ ਦੁਨੀਆ, ਵਧਦਾ ਖ਼ਤਰਾ

ਡਿਜੀਟਲ ਤਕਨਾਲੋਜੀ, ਏ.ਆਈ. ਅਤੇ ਘਰੋਂ ਕੰਮ ਵਰਗੇ ਨਵੇਂ ਤਰੀਕੇ ਕੰਮ ਨੂੰ ਬਦਲ ਰਹੇ ਹਨ, ਪਰ ਜੇ ਇਨ੍ਹਾਂ ਨੂੰ ਠੀਕ ਤਰੀਕੇ ਨਾਲ ਨਾ ਸੰਭਾਲਿਆ ਗਿਆ ਤਾਂ ਇਹ ਮਾਨਸਿਕ ਦਬਾਅ ਹੋਰ ਵਧਾ ਸਕਦੇ ਹਨ।

### ਹੱਲ ਕੀ ਹੈ?

ਆਈ.ਐੱਲ.ਓ. ਦਾ ਕਹਿਣਾ ਹੈ ਕਿ ਇਹ ਸੰਕਟ ਰੋਕਿਆ ਜਾ ਸਕਦਾ ਹੈ। ਇਸ ਲਈ:

ਕੰਮ ਦੇ ਘੰਟੇ ਸੰਤੁਲਿਤ ਕਰਨੇ

ਕਰਮਚਾਰੀਆਂ ਨੂੰ ਸੁਰੱਖਿਆ ਅਤੇ ਸਤਿਕਾਰ ਦੇਣਾ

ਮਾਨਸਿਕ ਸਿਹਤ ਨੂੰ ਤਰਜੀਹ ਦੇਣੀ

ਫੈਸਲਿਆਂ ਵਿੱਚ ਕਰਮਚਾਰੀਆਂ ਦੀ ਹਿੱਸੇਦਾਰੀ ਵਧਾਉਣੀ

ਇਹ ਕਦਮ ਕੰਮਕਾਜੀ ਥਾਂ ਨੂੰ ਸੁਰੱਖਿਅਤ ਅਤੇ ਮਾਨਵ-ਪੱਖੀ ਬਣਾ ਸਕਦੇ ਹਨ।

ਸੋ; ਇਹ ਸਮਝਣਾ ਜ਼ਰੂਰੀ ਹੈ ਕਿ ਕੰਮ ਸਿਰਫ਼ ਰੋਜ਼ਗਾਰ ਨਹੀਂ ਸਗੋਂ ਜੀਵਨ ਦਾ ਹਿੱਸਾ ਹੈ, ਪਰ ਜੇ ਇਹੀ ਕੰਮ ਜ਼ਿੰਦਗੀ ਖੋਹਣ ਲੱਗ ਪਏ ਤਾਂ ਵਿਕਾਸ ਦਾ ਕੋਈ ਮਤਲਬ ਨਹੀਂ ਰਹਿੰਦਾ। ਸਿਹਤਮੰਦ ਕਰਮਚਾਰੀ ਹੀ ਮਜਬੂਤ ਅਰਥਵਿਵਸਥਾ ਦੀ ਬੁਨਿਆਦ ਹਨ।



## ਪੀ.ਸੀ.ਐੱਸ. ਦਾ 'ਰੰਗਲਾ ਪੰਜਾਬ-26'

# 'ਗਿੱਧੇ-ਭੰਗੜੇ' ਦੀਆਂ ਵੱਖ-ਵੱਖ ਪੇਸ਼ਕਾਰੀਆਂ ਦੇ ਰੰਗ ਖਿੜੇ

■'ਕਮਿਊਨਿਟੀ ਬਿਲਡਿੰਗ' ਖਰੀਦਣ ਦੀ ਖੁਸ਼ਖਬਰੀ ਸਾਂਝੀ ਕੀਤੀ ■ਫਾਊਂਡਰ ਮੈਂਬਰ ਸਵਰਗੀ ਸਨੀ ਕੁਲਾਰ ਨੂੰ ਸ਼ਰਧਾਂਜਲੀ ਭੇਟ












**ਕੁਲਜੀਤ ਸਿੰਘ**

**ਸ਼ਿਕਾਗੋ:** ਜਿਸ ਤਰ੍ਹਾਂ ਸਿਖਰ ਦੁਪਹਿਰ ਵਿੱਚ ਦੁਪਹਿਰ-ਖਿੜੀ ਯਾਨੀ ਫੁੱਲਬੂਟੀ ਪੂਰੇ ਜੋਬਨ 'ਤੇ ਹੁੰਦੀ ਹੈ ਤੇ ਉਸ ਦੇ ਰੰਗ-ਬਰੰਗੇ ਖਿੜੇ ਫੁੱਲ ਮਨਮੋਹਣੇ ਤੇ ਦਿਲਕਸ਼ ਲੱਗਦੇ ਹਨ, ਇਸੇ ਤਰ੍ਹਾਂ ਵੱਖ-ਵੱਖ ਰੰਗਾਂ ਦੇ ਪਹਿਰਾਵਿਆਂ ਵਿੱਚ ਸਜੇ ਬੱਚੇ ਅਤੇ ਹੋਰ ਕਲਾਕਾਰ ਇੱਕ-ਮਿੱਕ ਹੋਏ ਇੰਜ ਲੱਗ ਰਹੇ ਸਨ ਜਿਵੇਂ ਪਿਉਂਦ ਚੜ੍ਹਾਈ ਹੋਵੇ। ਸਬੱਬ ਬਣਿਆ ਹੋਇਆ ਸੀ, ਪੰਜਾਬੀ ਸੱਭਿਆਚਾਰਕ ਸਭਾ (ਪੀ.ਸੀ.ਐੱਸ.) ਸ਼ਿਕਾਗੋ ਦੇ 'ਰੰਗਲਾ ਪੰਜਾਬ' ਸਮੇਂ ਕੋਪਰਨਿਕਸ ਥੀਏਟਰ ਵਿੱਚ। ਪਰਿਵਾਰਕ ਮਾਹੌਲ ਵਿੱਚ ਵੰਨ-ਸੁਵੰਨੀਆਂ ਪੇਸ਼ਕਾਰੀਆਂ ਰਾਹੀਂ ਪੰਜਾਬੀ ਵਿਰਾਸਤ ਦਾ ਪ੍ਰਦਰਸ਼ਨ ਕੀਤਾ ਗਿਆ। ਤਿਆਰ ਹੋਏ ਵਾਰੀ ਦੀ ਉਡੀਕ ਕਰਦੇ ਇੱਧਰ-ਉਧਰ ਭੱਜੇ ਫਿਰਦੇ ਛੋਟੇ-ਛੋਟੇ ਕਲਾਕਾਰ ਅਤੇ ਸ਼ੀਸ਼ੇ ਵਿੱਚੋਂ ਦੀ ਤੇ ਸਾਥੀਆਂ/ਦਰਸ਼ਕਾਂ ਦੀ ਨਜ਼ਰ ਵਿੱਚੋਂ ਦੀ ਖੁਦ ਨੂੰ ਨਿਹਾਰਦੀਆਂ ਮੁਟਿਆਰਾਂ-ਤ੍ਰੀਮਤਾਂ ਉਡੂੰ-ਉਡੂੰ ਕਰ ਰਹੀਆਂ ਸਨ। ਦੂਜੇ ਪਾਸੇ, ਪੀ.ਸੀ.ਐੱਸ. ਦੇ ਸਾਰੇ ਹੀ ਨੁਮਾਇੰਦੇ ਆਪਣੀਆਂ ਜ਼ਿੰਮੇਵਾਰੀਆਂ ਨਿਭਾਉਂਦੇ ਪੱਬਾਂ ਭਾਰ ਹੋਏ ਪਏ ਸਨ; ਤੇ ਸਿਕਿਉਰਿਟੀ ਵਾਲੇ ਤਲਾਸ਼ੀ ਲੈ ਕੇ ਲੋਕਾਂ ਨੂੰ ਥੀਏਟਰ 'ਚ ਵੜਨ ਦੇ ਰਹੇ ਸਨ।

ਖ਼ੈਰ! ਸਟੇਜ ਉਤੇ ਪੇਸ਼ਕਾਰੀਆਂ ਦੌਰਾਨ ਇੱਕ ਵਾਰ ਨਜ਼ਾਰਾ ਇਹ ਬਣ ਗਿਆ ਸੀ, ਜਿਵੇਂ ਘੁੱਗੀਆਂ ਇੱਕ ਟਾਹਣੀ ਤੋਂ ਉਡ ਦੂਜੀ ਟਾਹਣੀ 'ਤੇ ਜਾ ਬੈਠਦੀਆਂ ਹੋਣ! ਇੱਕ ਟੀਮ ਤਾਂ ਸਟੇਜ 'ਤੇ ਨੱਚਦੀ ਇਉਂ ਲੱਗ ਰਹੀ ਸੀ, ਜਿਵੇਂ ਇਰਦ-ਗਿਰਦ ਤਿਤਲੀਆਂ ਉਡਦੀਆਂ ਫਿਰ ਰਹੀਆਂ ਹੋਣ। ਜੇ ਕੋਈ ਟੀਮ ਪੱਖੀਆਂ ਦੀ ਝੱਲ ਮਾਰਦੀ ਤੇ ਹੋਰ ਮਨਪ੍ਰਚਾਵੇ ਖੇਖਣ ਕਰ ਰਹੀ ਸੀ ਤਾਂ ਕੋਈ ਟੀਮ ਦੰਦਾਂ ਨਾਲ ਘੜਾ ਚੁੱਕ ਤੇ ਛੱਜ ਕੁੱਟਦੀ ਆਮ ਜੀਵਨ ਨਾਲ ਸਬੰਧਤ ਅਤੇ ਨੋਕ-ਝੋਕ ਵਾਲੀਆਂ ਬੋਲੀਆਂ ਉਤੇ ਤਾੜੀਆਂ ਤੇ ਅੱਡੀਆਂ ਦੀ ਧਮਕ ਨਾਲ ਰੰਗ ਬੰਨ੍ਹ ਰਹੀ ਸੀ। ਦੋ ਟੀਮਾਂ ਨੇ ਤਾਂ ਜਾਗੋ ਵੀ ਕੱਢੀ। ਮਰਹੂਮ ਗਾਇਕ ਰਾਜਵੀਰ ਜਵੰਦਾ ਦੇ ਇੱਕ ਗੀਤ ਦੇ ਅੰਤਰੇ 'ਤੇ ਪੇਸ਼ਕਾਰੀ ਕਰਕੇ ਉਸ ਨੂੰ ਸ਼ਰਧਾਂਜਲੀ ਵੀ ਦਿੱਤੀ ਗਈ। ਹਾਲ ਦੇ ਅੰਦਰ ਅਤੇ ਹਾਲ ਦੇ ਬਾਹਰ ਆਪੋ-ਆਪਣੀ ਮੌਜ ਬਣੀ ਹੋਈ ਸੀ। ਕਿਸੇ ਨੂੰ ਗਿੱਧੇ-ਭੰਗੜੇ ਦਾ ਸਰੂਰ ਸੀ ਤੇ ਕੋਈ ਹਵਾ-ਪਿਆਜ਼ੀ ਹੋਇਆ ਆਪਣੀ ਲੋਰ ਵਿੱਚ ਸੀ।

ਮੰਚ ਸੰਭਾਲਦਿਆਂ ਸੰਸਥਾ ਦੇ ਮੀਤ ਪ੍ਰਧਾਨ ਗੁਰਲਾਲ ਸਿੰਘ ਭੱਠਲ ਨੇ ਪੀ.ਸੀ.ਐੱਸ. ਦੇ ਫਾਊਂਡਿੰਗ ਮੈਂਬਰ ਸਵਰਗੀ ਸਨੀ ਸਿੰਘ ਕੁਲਾਰ ਨੂੰ ਯਾਦ ਕਰਦਿਆਂ ਕਿਹਾ ਕਿ ਉਨ੍ਹਾਂ ਦੀ ਉਤਸ਼ਾਹੀ ਊਰਜਾ ਤੇ ਸਮਰਪਿਤ ਭਾਵਨਾ ਦੇ ਨਾਲ ਅੱਜ ਸੰਸਥਾ ਇੱਥੇ ਤੱਕ ਅੱਪੜ ਸਕੀ ਹੈ। ਉਨ੍ਹਾਂ (ਸਨੀ ਕੁਲਾਰ) ਨੇ ਸੱਭਿਆਚਾਰਕ ਸੰਸਥਾਵਾਂ, ਸਥਾਨਕ ਮੀਡੀਆ, ਗੁਰਦੁਆਰਿਆਂ ਅਤੇ ਸਥਾਨਕ ਭਾਈਚਾਰੇ ਨੂੰ ਹਮੇਸ਼ਾ ਸਹਿਯੋਗ ਦਿੱਤਾ। ਇਸ ਮੌਕੇ ਸਨੀ ਕੁਲਾਰ ਦੀਆਂ ਭਾਈਚਾਰਕ ਸੇਵਾਵਾਂ ਨੂੰ ਯਾਦ ਕਰਦਿਆਂ ਇੱਕ ਮਿੰਟ ਦਾ ਮੌਨ ਧਾਰ ਕੇ ਸ਼ਰਧਾਂਜਲੀ ਭੇਟ ਕੀਤੀ ਗਈ। ਜ਼ਿਕਰਯੋਗ ਹੈ ਕਿ ਸਨੀ ਕੁਲਾਰ ਪਿੱਛੇ ਜਿਹੇ ਅਕਾਲ ਚਲਾਣਾ ਕਰ ਗਏ ਸਨ, ਪਰ ਭਾਈਚਾਰੇ ਵਿੱਚ ਉਨ੍ਹਾਂ ਦੀ ਸਾਂਝ ਤੇ ਸਹਿਯੋਗ ਲਈ ਹਾਲੇ ਵੀ ਉਨ੍ਹਾਂ ਨੂੰ ਯਾਦ ਕੀਤਾ ਜਾਂਦਾ ਹੈ।

ਇਸ ਉਪਰੰਤ ਗੁਰਲਾਲ ਸਿੰਘ ਭੱਠਲ ਨੇ ਪੀ.ਸੀ.ਐੱਸ. ਵੱਲੋਂ ਹਾਲ ਹੀ ਵਿੱਚ ਖਰੀਦੀ ਗਈ ਕਮਿਊਨਿਟੀ ਬਿਲਡਿੰਗ ਦੀ ਖੁਸ਼ਖਬਰੀ ਹਾਜ਼ਰੀਨ ਨਾਲ ਸਾਂਝੀ ਕੀਤੀ, ਜੋ ਕਿ ਭਾਈਚਾਰੇ ਨੂੰ ਸਮਰਪਿਤ ਹੋਵੇਗੀ। ਉਨ੍ਹਾਂ ਕਿਹਾ ਕਿ ਇਹ ਪ੍ਰਾਪਤੀ ਸੰਸਥਾ ਲਈ ਇੱਕ ਮੀਲ ਪੱਥਰ ਹੈ, ਜਿੱਥੇ ਅਸੀਂ ਆਪਣੇ ਮਿਸ਼ਨ ਦੀ ਸਿੱਖਿਆ ਸਾਂਝੀ ਕਰਾਂਗੇ। ਇਸ ਪਿੱਛੋਂ ਮਿੰਨੀ ਸਿੰਘ ਨੇ ਅਮਰੀਕੀ ਕੌਮੀ ਤਰਾਨਾ ਗਾ ਕੇ 'ਰੰਗਲਾ ਪੰਜਾਬ' ਦੀ ਰਸਮੀ ਸ਼ੁਰੂਆਤ ਕੀਤੀ। ਬੱਚਿਆਂ ਦੀ ਇੱਕ ਟੀਮ ਨੇ 'ਦੇਹ ਸਿਵਾ ਬਰੁ ਮੋਹਿ ਇਹੈ' ਦੇ ਸ਼ਬਦ ਗਾਇਨ ਨਾਲ ਪਰਮਾਤਮਾ ਨੂੰ ਯਾਦ ਕੀਤਾ। ਇਹ ਟੀਮ ਭੰਗੜੇ ਦੀ ਵਰਦੀ ਵਿੱਚ ਸਜੀ ਹੋਈ ਸੀ। ਅਸਲ ਵਿੱਚ ਇਨ੍ਹਾਂ ਬੱਚਿਆਂ ਨੇ ਭੰਗੜੇ ਦੀ ਪੇਸ਼ਕਾਰੀ ਵੀ ਕਰਨੀ ਸੀ। ਇਸ ਮੌਕੇ ਸਟੇਜ ਉੱਤੇ ਪਿੱਛੇ ਵੱਡੀ ਸਕਰੀਨ 'ਤੇ ਦਰਬਾਰ ਸਾਹਿਬ ਦੀ ਤਸਵੀਰ ਲਾਈ ਗਈ, ਜਦਕਿ ਹੋਰਨਾਂ ਪੇਸ਼ਕਾਰੀਆਂ ਵਿੱਚ ਕਦੇ ਕਣਕ ਦੇ ਖੇਤਾਂ ਜਾਂ ਹੋਰ ਤਸਵੀਰਾਂ ਬਦਲਦੀਆਂ ਰਹੀਆਂ।





ਮੰਚ ਸੰਭਾਲਦਿਆਂ ਕਿਰਨਦੀਪ ਕੌਰ ਨੇ ਸ਼ੇਅਰ ਸੁਣਾਇਆ:

ਅਸੀਂ ਜੰਮੇ ਹਾਂ ਖੰਡੇ ਦੀ ਧਾਰ ਵਿੱਚੋਂ,
ਵਧੇ ਫੁਲੇ ਹਾਂ ਅਸੀਂ ਕਿਰਪਾਨ ਦੇ ਨਾਲ।
ਜੇਕਰ ਜੀਵਾਂਗੇ, ਜੀਵਾਂਗੇ ਅਣਖ ਦੇ ਨਾਲ;
ਤੇ ਮਰਾਂਗੇ ਵੀ ਸ਼ਾਨ ਦੇ ਨਾਲ।

ਮੰਚ ਸੰਚਾਲਕਾ ਨੇ ਹਾਜ਼ਰੀਨ ਦੀ ਤਾਰੀਫ ਵਿੱਚ ਕਿਹਾ ਕਿ ਹਰ ਬੰਦਾ ਆਪਣੀ ਮਿੱਟੀ, ਆਪਣੀ ਪਹਿਚਾਣ ਤੇ ਆਪਣੀ ਸ਼ਾਨ ਨਾਲ ਸੱਜ ਕੇ ਆਇਆ ਹੈ। ਫਿਰ ਮੰਚ ਸੰਭਾਲਦਿਆਂ ਗੁਰਨਾਜ਼ ਸੋਹੀ ਨੇ 'ਵੱਖਰੀ ਟੌਹਰ ਪੰਜਾਬੀਆਂ ਦੀ' ਸ਼ਬਦਾਂ ਨਾਲ ਵੱਖ-ਵੱਖ ਟੀਮਾਂ ਨੂੰ ਪੇਸ਼ਕਾਰੀ ਲਈ ਸਟੇਜ 'ਤੇ ਸੱਦਿਆ। ਉਸ ਨੇ ਹੋਰਨਾਂ ਸ਼ੇਅਰਾਂ ਨਾਲ ਸਮਾਗਮ ਨੂੰ ਅੱਗੇ ਤੋਰੀ ਰੱਖਿਆ। ਰੀਤ ਸਿੱਧੂ, ਹਰਨੂਰ ਸਿੱਧੂ, ਕਬੀਰ ਵਿਰਕ, ਜਸਕੀਰਤ ਸਿੰਘ ਤੇ ਨਵਪ੍ਰੀਤ ਸਿੰਘ ਨੇ ਵੀ ਵਾਰੋ-ਵਾਰੀ ਮੰਚ ਸੰਚਾਲਨ ਕੀਤਾ।

**ਤਸਵੀਰਾਂ: ਸੁਰੇਸ਼ ਬੋਦੀਵਾਲਾ (ਏਸ਼ੀਅਨ ਮੀਡੀਆ ਯੂ.ਐੱਸ.ਏ.)**

ਸਮਾਗਮ ਦੀ ਪਹਿਲੀ ਪੇਸ਼ਕਾਰੀ 'ਮਿਸ ਕੌਰਜ਼' ਸੀ, ਜਿਸ ਵਿੱਚ ਛੋਟੀ ਛੋਟੀ ਉਮਰ ਦੇ ਬੱਚਿਆਂ ਨੇ ਵੱਖ-ਵੱਖ ਗੀਤਾਂ ਦੇ ਮੁਖੜਿਆਂ ਉੱਤੇ ਕੋਰਿਓਗ੍ਰਾਫੀ ਕੀਤੀ। ਇਹ ਟੀਮ ਰਸ਼ਮੀਤ ਕੌਰ ਵੱਲੋਂ ਤਿਆਰ ਕੀਤੀ ਗਈ ਸੀ। ਇਸ ਉਪਰੰਤ ਰੁਪਿੰਦਰ ਗਿੱਲ ਤੇ ਪ੍ਰਾਂਜਲੀ ਕੇਸਰਵਾਨੀ ਦੀ ਤਿਆਰ ਟੀਮ 'ਭੰਗੜਾ ਬਨੀਜ਼' ਨੇ ਪੇਸ਼ਕਾਰੀ ਕੀਤੀ। ਪੂਨਮ ਭੱਠਲ ਵੱਲੋਂ ਤਿਆਰ ਟੀਮ 'ਛੋਟੇ ਗੱਭਰੂ ਪੰਜਾਬ ਦੇ' ਅਤੇ ਖੇਮ ਕੌਰ ਸੋਹੀ ਤੇ ਮੋਹਕਮ ਸਿੰਘ ਸੋਹੀ ਦੀ ਟੀਮ 'ਰਾਈਜ਼ਿੰਗ ਸਟਾਰਜ਼' ਨੇ ਵੀ ਸਟੇਜ ਉੱਤੇ ਪੂਰੀ ਰੌਣਕ ਲਾਈ। ਸਹਿਜ ਕੌਰ ਸਿੱਧੂ ਤੇ ਐਸ਼ਵੀਰ ਕੌਰ ਬਾਲਾ ਦੀ ਤਿਆਰ 'ਰੂਹ ਪੰਜਾਬ ਦੀ' ਟੀਮ ਦਾ ਵੀ ਆਪਣਾ ਹੀ ਰੰਗ ਸੀ। ਟੀਮ ਦੀਆਂ ਕੁੜੀਆਂ ਦੀ ਮਿਹਨਤ ਪੇਸ਼ਕਾਰੀ ਦੌਰਾਨ ਸਪਸ਼ਟ ਝਲਕ ਰਹੀ ਸੀ। 'ਫੁਲਵਾੜੀ' ਟੀਮ ਦੇ ਬੱਚਿਆਂ ਨੇ ਵੀ ਪੇਸ਼ਕਾਰੀ ਦੇ ਫੁੱਲ ਖਿੜਾਏ। ਕੀਰਤੀ ਦੇਵ ਤੇ ਏਕਮ ਕੌਰ ਬੱਲ ਦੀ 'ਅਸ਼ਕੇ' ਟੀਮ ਅਤੇ ਗਗਨਦੀਪ ਸੂਈ ਤੇ ਸਿੰਮੀ ਦੁੱਲਤ ਸੂਈ ਦੀ ਤਿਆਰ 'ਸ਼ਿਕਾਗੋ ਰੰਗਲਾ ਸਕੁਆਡ' ਟੀਮਾਂ ਦੀ ਪੇਸ਼ਕਾਰੀ ਵੀ ਵਧੀਆ ਸੀ। ਇਸੇ ਦੌਰਾਨ ਅਦਿਤੀ ਤੇ ਅਨੀਕਾ ਵਿਜ ਨੇ ਗੀਤ 'ਬਾਜਰੇ ਦਾ ਸਿੱਟਾ' ਗਾ ਕੇ ਅਤੇ ਲਾਜਵਿੰਦਰ ਕੌਰ ਗਿੱਲ ਤੇ ਸੁਰਿੰਦਰ ਸਿੰਘ ਸੇਠੀ ਨੇ ਇੱਕ-ਇਕ ਗੀਤ ਗਾ ਕੇ ਹਾਜ਼ਰੀ ਲਵਾਈ। ਕਵਿਤਰੀ ਰਾਕਿੰਦ ਕੌਰ ਨੇ ਵੀ ਕਵਿਤਾ ਪੇਸ਼ ਕੀਤੀ।

'ਖਿੜੇ ਫੁੱਲ', 'ਸ਼ਿਕਾਗੋ ਗੱਬਰੂ', 'ਬੌਲੀ ਭੰਗੜਾ ਯੂ.ਐਸ.ਏ', 'ਟਵਿੰਕਲਿੰਗ ਸਟਾਰਜ਼', 'ਆਰ.ਵੀ.ਡੀ. ਅਕੈਡਮੀ ਕੋਡ ਕਿਡਜ਼' ਅਤੇ 'ਸ਼ਿਕਾਗੋ ਪੌਣ ਪਰਾਈ' ਟੀਮਾਂ ਨੇ ਆਪੋ ਆਪਣੀ ਸਮਰੱਥਾ ਮੁਤਾਬਕ ਪੇਸ਼ਕਾਰੀ ਕੀਤੀ। ਇਨ੍ਹਾਂ ਟੀਮਾਂ ਦੇ ਕ੍ਰਮਵਾਰ ਕੋਆਰਡੀਨੇਟਰ ਨਵਜੋਧ ਬਾਜਵਾ, ਹਰਮੀਕ ਸਿੰਘ, ਹਰਮਨ ਕੌਰ, ਪ੍ਰੇਰਨਾ ਆਰੀਆ ਤੇ ਕਰਮਵੀਰ ਸਿੰਘ, ਲਕਸ਼ਮੀ ਵਿਜੇ, ਸਨੀ ਅਹੀਰ ਤੇ ਬੰਟੀ ਭੁੱਲਰ ਅਤੇ ਲਕਸ਼ਮੀ ਸਨ। ਆਰ.ਵੀ.ਡੀ. ਅਕੈਡਮੀ ਦੀ ਨੌਜਵਾਨਾਂ ਦੀ ਟੀਮ ਨੇ ਵੀ ਮੰਚ ਉੱਤੇ ਪੇਸ਼ਕਾਰੀ ਕੀਤੀ।

ਇਨ੍ਹਾਂ ਟੀਮਾਂ ਤੋਂ ਪਹਿਲਾਂ ਰਾਜਪ੍ਰੀਤ ਕੌਰ ਤੇ ਕੰਵਲਜੀਤ ਕੌਰ ਵੱਲੋਂ ਤਿਆਰ ਟੀਮ 'ਸ਼ੌਕਣਾਂ ਸ਼ਿਕਾਗੋ ਦੀਆਂ' ਦੀ ਬਾਕਮਾਲ ਤੇ ਪ੍ਰਭਾਵਸ਼ਾਲੀ ਪੇਸ਼ਕਾਰੀ ਨੇ ਹਾਲ ਵਿੱਚ ਬੈਠੇ ਸਾਰਿਆਂ ਦਾ ਧਿਆਨ ਆਪਣੇ ਵੱਲ ਖਿੱਚਿਆ। ਰਵਾਇਤੀ ਪਹਿਰਾਵੇ ਵਿੱਚ ਹਾਰ-ਸ਼ਿੰਗਾਰ ਲਾ ਕੇ ਪੂਰੀ ਤਿਆਰੀ ਨਾਲ ਆਈ ਇਸ ਟੀਮ ਨੇ ਰਿਕਾਰਡ ਕੀਤੀਆਂ ਬੋਲੀਆਂ ਉੱਤੇ ਗਿੱਧੇ ਦਾ ਪੂਰਾ ਭੜਥੂ ਪਾਇਆ। ਇਸੇ ਤਰ੍ਹਾਂ 'ਮੁਟਿਆਰਾਂ ਸਾਊਥ ਵੈਸਟ ਦੀਆਂ' ਟੀਮ ਨੇ ਵੀ ਪੂਰੇ ਰੰਗ ਬੰਨ੍ਹੇ। 'ਸੰਮੀ-




ਲੋਕ ਨਾਚ' ਪੇਸ਼ ਕਰਦੀ ਟੀਮ ਦਾ ਵੀ ਆਪਣਾ ਹੀ ਜਲੌਅ ਸੀ। ਇਨ੍ਹਾਂ ਟੀਮਾਂ ਵਿੱਚ ਨੌਜਵਾਨ ਤੇ ਅਧਰੇੜ ਉਮਰ ਦੀਆਂ ਬੀਬੀਆਂ ਸ਼ਾਮਲ ਸਨ।

ਉਂਝ ਪਾਇਲ ਵਿਰਦੀ ਤੇ ਨਵਨੀਤ ਕੌਰ ਵੱਲੋਂ ਤਿਆਰ 'ਗਿੱਧਾ ਧੀਆਂ ਦਾ' ਟੀਮ ਆਪਣੀ ਮਿਸਾਲ ਆਪ ਸੀ। ਟੀਮ ਦੀਆਂ ਕੁੜੀਆਂ ਨੇ ਖੂਬ ਧਮੱਚੜ ਪਾਇਆ। ਟੀਮ ਦੇ ਐਨ ਵਿਚਕਾਰ ਤੇ ਮੂਹਰਲੀ ਕਤਾਰ ਵਿੱਚ ਨੱਚਦੀ ਛੋਟੀ ਬੱਚੀ ਦੀ ਮਿਹਨਤ ਡੁੱਲ੍ਹ ਡੁੱਲ੍ਹ ਪੈ ਰਹੀ ਸੀ; ਜੇ ਇਹ ਕਹਿਣਾ ਹੋਵੇ ਕਿ ਇਸ ਟੀਮ ਦੀ 'ਰਾਣੀ ਮੱਖੀ' ਉਹੋ ਹੀ ਸੀ, ਤਾਂ ਰਤਾ ਵੀ




ਦੀ ਲੋੜ ਨਹੀਂ, ਕਿਉਂਕਿ ਮਿਡਵੈਸਟ ਵਿੱਚ ਜਦੋਂ ਵੀ ਕੋਈ ਸੱਭਿਆਚਾਰਕ ਪ੍ਰੋਗਰਾਮ ਜਾਂ ਖੇਡ ਮੇਲਾ ਹੁੰਦਾ ਹੈ ਤਾਂ ਇਹ ਹਮੇਸ਼ਾ ਸੁਪੋਰਟ ਲਈ ਹਾਜ਼ਰ ਹੁੰਦੇ ਹਨ।

ਗੈਸਟ ਆਫ ਆਨਰਜ਼ ਅਮਰਜੀਤ ਸਿੰਘ ਢੀਂਡਸਾ ਅਤੇ ਡਾ. ਪ੍ਰਿਮਲ ਕੌਰ ਨੇ ਸਪਾਂਸਰਾਂ ਦਾ ਪਲੇਕ ਦੇ ਕੇ ਸਨਮਾਨ ਕੀਤਾ। ਇਸ ਮੌਕੇ ਸਾਰੇ ਪੇਸ਼ਕਾਰਾਂ ਦੀ ਹੌਸਲਾ ਅਫਜ਼ਾਈ ਕਰਦਿਆਂ ਅਮਿੱਤਪਾਲ ਗਿੱਲ ਅਤੇ ਜਿਗਰਦੀਪ ਸਿੰਘ ਢਿੱਲੋਂ ਨੇ ਸਪਾਂਸਰਾਂ ਨੂੰ ਸਟੇਜ 'ਤੇ ਆਉਣ ਦਾ ਸੱਦਾ ਦਿੱਤਾ ਸੀ ਤੇ ਕਿਹਾ ਕਿ ਸਾਰਿਆਂ ਨੇ ਰਲ ਕੇ 'ਰੰਗਲਾ







ਗਲਤ ਨਹੀਂ; ਉਂਜ ਇਸ ਟੀਮ ਦੀਆਂ ਹੋਰ ਕੁੜੀਆਂ-ਚਿੜੀਆਂ ਵੀ ਗਿੱਧੇ-ਭੰਗੜੇ ਦੇ ਸਟੈੱਪ ਕਰਦੀਆਂ ਉਡੀਆਂ ਫਿਰਦੀਆਂ ਸਨ।

ਕੁਝ ਹੋਰ ਟੀਮਾਂ ਦੀ ਪੇਸ਼ਕਾਰੀ ਨੇ ਵੀ ਨਜ਼ਾਰੇ ਨੂੰ ਦਿਲਕਸ਼ ਬਣਾਇਆ ਹੋਇਆ ਸੀ। ਨਵਤੇਜ ਸੋਹੀ ਦੀਆਂ ਤਿਆਰ ਦੋਵੇਂ- 'ਪੀ.ਸੀ.ਐੱਸ. ਰੰਗਲਾ ਪੰਜਾਬ ਜੀ.ਓ.ਏ.ਟੀ' ਅਤੇ 'ਪੀ.ਸੀ.ਐੱਸ. ਯੂਥ ਝੂਮਰ' ਟੀਮਾਂ ਦੀ ਪੇਸ਼ਕਾਰੀ ਵੀ ਖੂਬ ਸੀ। ਕੁਝ ਬੱਚਿਆਂ ਦੀ ਪ੍ਰਤਿਭਾ ਤਾਂ ਇੰਨੀ ਨਿਖਰ ਕੇ ਸਾਹਮਣੇ ਆਈ ਕਿ ਟੀਮ ਕੋਚ ਵੱਲੋਂ ਚੰਡੇ ਹੋਣ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਅੰਮ੍ਰਿਤਪਾਲ ਮਾਂਗਟ ਦੀ ਟੀਮ 'ਮਲਵਈ ਗਿੱਧਾ/ਝੂਮਰ' ਵੀ ਸਟੇਜ ਉੱਤੇ ਆਪਣਾ ਪ੍ਰਭਾਵ ਛੱਡ ਗਈ। ਇਹ ਟੀਮ ਭੰਗੜੇ ਦੀਆਂ ਪੈੜ ਚਾਲਾਂ ਚਲਦੀ ਹੋਈ ਕਿਤੇ ਕਿਤੇ ਇਉਂ ਲੱਗ ਰਹੀ ਸੀ ਜਿਵੇਂ




ਪੰਜਾਬ' ਮਨਾਇਆ ਹੈ, ਸਾਰੇ ਹੀ ਇਸਦੀ ਸਫਲਤਾ ਲਈ ਸ਼ਲਾਘਾ ਦੇ ਹੱਕਦਾਰ ਹਨ।

ਇਸ ਮੌਕੇ ਆਪਣੀ ਤਕਰੀਰ ਵਿੱਚ ਡਾ. ਪ੍ਰਿਮਲ ਕੌਰ ਨੇ ਕਿਹਾ ਕਿ ਪੀ.ਸੀ.ਐੱਸ. ਸ਼ਿਕਾਗੋ ਦੀ ਚੇਅਰਪਰਸਨ ਹੋਣਾ ਮੇਰੇ ਲਈ ਮਾਣ ਦੀ ਗੱਲ ਹੈ। ਉਨ੍ਹਾਂ ਨੇ ਬਜ਼ੁਰਗਾਂ ਦੇ ਸਨਮਾਨ ਹਿਤ ਕਿਹਾ ਕਿ ਤੁਸੀਂ ਪਹਿਲਾਂ ਆਏ ਤੇ ਉਹ ਨੀਂਹ ਬਣਾਈ ਜਿਸ 'ਤੇ ਅਸੀਂ ਬਾਕੀ ਖੜ੍ਹੇ ਹਾਂ। ਅੱਜ ਅਸੀਂ ਜੋ ਵੀ ਕਰਦੇ ਹਾਂ, ਉਹ ਤੁਹਾਡੇ ਕਾਰਨ ਹੁੰਦਾ ਹੈ। ਡਾ. ਪ੍ਰਿਮਲ ਕੌਰ ਨੇ ਪੀ.ਸੀ.ਐੱਸ. ਦੇ ਸਾਰੇ ਬੋਰਡ ਮੈਂਬਰਾਂ, ਵਾਲੰਟੀਅਰਾਂ ਸਮੇਤ ਸਾਰੇ ਕਲਾਕਾਰਾਂ ਦਾ ਆਪਣੀ ਪ੍ਰਤਿਭਾ ਸਾਂਝੀ ਕਰਨ ਲਈ ਧੰਨਵਾਦ ਕੀਤਾ, ਜਿਨ੍ਹਾਂ ਦੀ ਮਿਹਨਤ ਨਾਲ 'ਰੰਗਲਾ ਪੰਜਾਬ' ਸੰਭਵ ਹੁੰਦਾ ਹੈ।

ਉਨ੍ਹਾਂ ਦੱਸਿਆ ਕਿ ਮੇਰਾ ਜਨਮ ਅਤੇ ਪਾਲਣ-ਪੋਸ਼ਣ











ਕਬੂਤਰ ਸੁਨਹਿਰੀ ਕਲਗੀ ਲਾਈ ਗੁਟਕਦੇ ਫਿਰ ਰਹੇ ਹੋਣ। ਅਸਲ ਵਿੱਚ ਇਸ ਟੀਮ ਨੇ ਚਿੱਟੇ ਕੁੜਤੇ ਪਾਏ ਹੋਏ ਸਨ ਅਤੇ ਸਿਰ ਉੱਤੇ ਸੁਨਹਿਰੇ ਰੰਗ ਦੀ ਟੌਰੇ ਵਾਲੀ ਪੱਗ ਬੰਨ੍ਹੀ ਹੋਈ ਸੀ। ਦੂਜੇ ਭਾਰਤੀ ਭਾਈਚਾਰਿਆਂ ਦੀਆਂ ਦੋ ਟੀਮਾਂ ਨੇ ਵੀ ਸਟੇਜ 'ਤੇ ਆਪਣੀ ਕਲਾਕਾਰੀ ਦਿਖਾਈ।

ਸਮਾਗਮ ਦੇ ਮੱਧ ਦੌਰਾਨ ਸੰਸਥਾ ਦੇ ਪ੍ਰਧਾਨ ਬਿਕਰਮ ਸਿੰਘ ਸੋਹੀ ਨੇ ਸਭ ਦਾ ਧੰਨਵਾਦ ਕਰਦਿਆਂ ਸੰਖੇਪ ਸ਼ਬਦਾਂ ਵਿੱਚ ਪੀ.ਸੀ.ਐੱਸ. ਬਾਰੇ ਜਾਣਕਾਰੀ ਸਾਂਝੀ ਕੀਤੀ ਕਿ ਇਹ ਪੰਜਾਬੀ ਸੱਭਿਆਚਾਰ, ਭਾਸ਼ਾ, ਖੇਡਾਂ ਅਤੇ ਸਿੱਖਿਆ ਆਦਿ ਨੂੰ ਪ੍ਰੋਮੋਟ ਕਰਦੀ ਹੈ। ਉਨ੍ਹਾਂ ਕਿਹਾ ਕਿ ਕੋਆਰਡੀਨੇਟਰ, ਪੀ.ਸੀ.ਐੱਸ. ਨੁਮਾਇੰਦੇ, ਮਾਪੇ ਤੇ ਬੱਚੇ ਸਖਤ ਮਿਹਨਤ ਕਰਕੇ ਸਾਂਝੇ ਤੌਰ 'ਤੇ 'ਰੰਗਲਾ ਪੰਜਾਬ' ਦਾ ਹਿੱਸਾ ਬਣਦੇ ਹਨ। ਇਸ ਦੌਰਾਨ ਉਨ੍ਹਾਂ ਦੱਸਿਆ ਕਿ ਸੰਸਥਾ ਦੇ ਫਾਊਂਡਿੰਗ ਮੈਂਬਰਾਂ ਦੀ ਦੂਰ ਦ੍ਰਿਸ਼ਟੀ ਸਦਕਾ ਸ਼ਿਕਾਗੋਲੈਂਡ ਵਿੱਚ ਕਮਿਊਨਿਟੀ ਪਲੇਸ ਖਰੀਦੀ ਗਈ ਹੈ, ਜੋ ਸਾਡੇ ਸਾਰਿਆਂ ਲਈ 'ਪੰਜਾਬੀ ਕਮਿਊਨਿਟੀ ਸੈਂਟਰ' ਵਾਂਗ ਹੋਵੇਗੀ। ਜਲਦ ਭਵਿੱਖ ਵਿੱਚ ਇਸ ਦਾ ਰਸਮੀ ਉਦਘਾਟਨ ਤੇ ਫੰਡ ਰੇਜ਼ ਪ੍ਰੋਗਰਾਮ ਕੀਤਾ ਜਾਵੇਗਾ। ਇਸ ਉਪਰੰਤ ਉਨ੍ਹਾਂ ਪੀ.ਸੀ.ਐੱਸ. ਬੋਰਡ ਦੀ ਜਾਣ-ਪਛਾਣ ਕਰਾਉਂਦਿਆਂ ਸਟੇਜ ਉੱਤੇ ਆਉਣ ਦਾ ਸੱਦਾ ਦਿੱਤਾ ਅਤੇ ਕਿਹਾ ਕਿ ਇਨ੍ਹਾਂ ਸਭ ਦੀ ਅਣਥੱਕ ਕੋਸ਼ਿਸ਼ਾਂ ਦੇ ਨਾਲ ਹੀ 'ਰੰਗਲਾ ਪੰਜਾਬ' ਕਰਵਾਉਣਾ ਸੰਭਵ ਹੁੰਦਾ ਹੈ। ਪੀ.ਸੀ.ਐੱਸ. ਦੀ ਚੇਅਰਪਰਸਨ ਬਾਰੇ ਉਨ੍ਹਾਂ ਕਿਹਾ ਕਿ ਸੰਸਥਾ ਦੇ ਇਤਿਹਾਸ ਵਿੱਚ ਡਾ. ਪ੍ਰਿਮਲ ਕੌਰ ਪਹਿਲੀ ਔਰਤ ਚੇਅਰਪਰਸਨ ਹਨ। ਪ੍ਰਧਾਨ ਸੋਹੀ ਨੇ ਸਮਾਗਮ ਦੇ ਗੈਸਟ ਆਫ ਆਨਰਜ਼ ਨੂੰ ਸਟੇਜ 'ਤੇ ਸੱਦਿਆ ਅਤੇ ਕਿਹਾ ਕਿ ਅਮਰਜੀਤ ਸਿੰਘ ਢੀਂਡਸਾ ਤੇ ਲਖਵੀਰ ਸਿੰਘ ਢੀਂਡਸਾ ਬਾਰੇ ਜਾਣ-ਪਛਾਣ ਜਲੰਧਰ, ਪੰਜਾਬ ਵਿੱਚ ਹੋਇਆ ਸੀ। ਮੈਂ ਆਪਣੇ ਸੱਭਿਆਚਾਰ- ਸੰਗੀਤ, ਭੋਜਨ, ਤਿਉਹਾਰ, ਸਾਡੇ ਬਜ਼ੁਰਗਾਂ ਦੁਆਰਾ ਦੱਸੀਆਂ ਗਈਆਂ ਕਹਾਣੀਆਂ ਅਤੇ ਉਨ੍ਹਾਂ ਦੀਆਂ ਕਦਰਾਂ-ਕੀਮਤਾਂ ਦੇ ਨਿੱਘ ਵਿੱਚ ਵੱਡੀ ਹੋਈ। ਜਦੋਂ ਮੈਂ 1998 ਵਿੱਚ ਭਾਰਤ ਛੱਡਿਆ ਸੀ, ਤਾਂ ਮੈਂ ਇਹ ਸਭ ਆਪਣੇ ਦਿਲ ਵਿੱਚ ਨਾਲ ਲੈ ਆਈ। ਜਿਵੇਂ ਅਸੀਂ ਕਹਿੰਦੇ ਹਾਂ- ਅਸੀਂ ਪੰਜਾਬ ਛੱਡ ਆਏ, ਪਰ ਪੰਜਾਬ ਨੇ ਸਾਨੂੰ ਨਹੀਂ ਛੱਡਿਆ। ਆਪਣੇ ਕਰੀਅਰ ਅਤੇ ਇਸ ਦੇਸ਼ ਵਿੱਚ ਜ਼ਿੰਦਗੀ ਬਣਾਉਣ

⇒ ਬਾਕੀ ਸਫਾ 19 ਉਤੇ ਪੜ੍ਹੋ





















# ਪੀ.ਸੀ.ਐੱਸ. 'ਰੰਗਲਾ ਪੰਜਾਬ 2026' – ਸਾਡੇ ਸਪਾਂਸਰ, ਸਾਡਾ ਮਾਣ...



# ਸਖ਼ਤ ਗਰਮੀ ਨਾਲ ਖੇਤੀ 'ਤੇ ਵੱਡਾ ਸੰਕਟ

## ਇੱਕ ਅਰਬ ਤੋਂ ਵੱਧ ਲੋਕਾਂ ਦੀ ਰੋਜ਼ੀ ਰੋਟੀ ਖ਼ਤਰੇ ਵਿੱਚ

**ਪੰਜਾਬੀ ਪਰਵਾਜ਼ ਬਿਊਰੋ**

ਇਨ੍ਹੀਂ ਦਿਨੀਂ ਪੈ ਰਹੀ ਸਖ਼ਤ ਗਰਮੀ ਨਾਲ ਖੇਤੀ 'ਤੇ ਵੱਡਾ ਸੰਕਟ ਖੜ੍ਹਾ ਹੋ ਗਿਆ ਹੈ ਅਤੇ ਇੱਕ ਅਰਬ ਤੋਂ ਵੱਧ ਲੋਕਾਂ ਦੀ ਰੋਜ਼ੀ-ਰੋਟੀ ਖ਼ਤਰੇ ਵਿੱਚ ਪੈ ਗਈ ਹੈ। 'ਅਰਥ ਡੇਅ' ਦੇ ਮੌਕੇ 'ਤੇ ਵਿਸ਼ਵ ਮੌਸਮ ਸੰਸਥਾ ਅਤੇ ਸੰਯੁਕਤ ਰਾਸ਼ਟਰ ਦੀ ਖੁਰਾਕ ਤੇ ਖੇਤੀਬਾੜੀ ਸੰਸਥਾ ਵੱਲੋਂ ਜਾਰੀ ਕੀਤੀ ਗਈ ਰਿਪੋਰਟ ਵਿੱਚ ਇਹ ਗੱਲ ਸਾਹਮਣੇ ਆਈ ਹੈ ਕਿ ਵਧਦੀ ਗਰਮੀ ਹੁਣ ਸਿਰਫ਼ ਮੌਸਮੀ ਸਮੱਸਿਆ ਨਹੀਂ ਰਹੀ, ਸਗੋਂ ਇਹ ਇੱਕ ਵੱਡਾ ਵਿਸ਼ਵ ਪੱਧਰੀ ਸੰਕਟ ਬਣ ਚੁੱਕੀ ਹੈ। ਇਸ ਨਾਲ ਨਾ ਸਿਰਫ਼ ਲੋਕਾਂ ਦੀ ਸਿਹਤ ਪ੍ਰਭਾਵਿਤ ਹੋ ਰਹੀ ਹੈ, ਬਲਕਿ ਉਨ੍ਹਾਂ ਦੀ ਕੰਮ ਕਰਨ ਦੀ ਸਮਰੱਥਾ ਅਤੇ ਆਮਦਨ 'ਤੇ ਵੀ ਡੂੰਘਾ ਅਸਰ ਪੈ ਰਿਹਾ ਹੈ। ਖਾਸ ਕਰਕੇ ਖੇਤੀਬਾੜੀ ਅਤੇ ਇਸ ਨਾਲ ਜੁੜੇ ਮਜ਼ਦੂਰ ਇਸ ਸੰਕਟ ਦੀ ਸਭ ਤੋਂ ਪਹਿਲੀ ਲਾਈਨ 'ਚ ਖੜ੍ਹੇ ਹਨ।

ਰਿਪੋਰਟ ਅਨੁਸਾਰ ਪਿਛਲੇ 50 ਸਾਲਾਂ ਵਿੱਚ ਹੀਟਵੇਵ ਦੀ ਗਿਣਤੀ, ਇਸ ਦੀ ਤੀਬਰਤਾ ਅਤੇ ਇਸ ਦਾ ਸਮਾਂ ਕਾਫ਼ੀ ਵਧ ਗਿਆ ਹੈ। ਵਿਗਿਆਨੀਆਂ ਦਾ ਮੰਨਣਾ ਹੈ ਕਿ ਜੇ ਧਰਤੀ ਦਾ ਤਾਪਮਾਨ ਇਸੇ ਤਰ੍ਹਾਂ ਵਧਦਾ ਰਿਹਾ ਤਾਂ ਆਉਣ ਵਾਲੇ ਦਹਾਕਿਆਂ ਵਿੱਚ ਇਹ ਹਾਲਾਤ ਹੋਰ ਵੀ ਗੰਭੀਰ ਹੋ ਜਾਣਗੇ। ਇਸ ਦਾ ਸਿੱਧਾ ਅਸਰ ਖੇਤੀਬਾੜੀ ਪ੍ਰਣਾਲੀ, ਜੰਗਲਾਂ, ਪਾਣੀ ਦੇ ਸਰੋਤਾਂ ਅਤੇ ਪੂਰੇ ਵਾਤਾਵਰਣ 'ਤੇ ਪਵੇਗਾ। ਅਤਿ ਗਰਮੀ ਨੂੰ ਇੱਕ 'ਰਿਸਕ ਮਲਟੀਪਲਾਇਰ' ਵੀ ਕਿਹਾ ਗਿਆ ਹੈ, ਕਿਉਂਕਿ ਇਹ ਪਹਿਲਾਂ ਤੋਂ ਮੌਜੂਦ ਸਮੱਸਿਆਵਾਂ ਨੂੰ ਹੋਰ ਵਧਾ ਦਿੰਦੀ ਹੈ ਅਤੇ ਨਵੇਂ ਖ਼ਤਰੇ ਪੈਦਾ ਕਰਦੀ ਹੈ।

ਖੇਤੀ ਅਤੇ ਪਸ਼ੂ-ਪਾਲਣ 'ਤੇ ਇਸ ਦਾ ਅਸਰ ਸਾਫ਼ ਦਿੱਸ ਰਿਹਾ ਹੈ। 25 ਡਿਗਰੀ ਸੈਲਸੀਅਸ ਤੋਂ ਉੱਪਰ ਜ਼ਿਆਦਾਤਰ ਪਸ਼ੂਆਂ ਵਿੱਚ ਹੀਟ ਸਟ੍ਰੈੱਸ ਸ਼ੁਰੂ ਹੋ ਜਾਂਦਾ ਹੈ, ਜਦਕਿ ਕੁੱਕੜ ਅਤੇ ਸੂਰ ਵਰਗੇ ਜਾਨਵਰ ਇਸ ਤੋਂ ਵੀ ਘੱਟ ਤਾਪਮਾਨ 'ਤੇ ਪ੍ਰਭਾਵਿਤ ਹੋ ਜਾਂਦੇ ਹਨ। ਇਸ ਨਾਲ ਦੁੱਧ ਦੀ ਪੈਦਾਵਾਰ ਘਟਦੀ ਹੈ, ਪਸ਼ੂਆਂ ਦੀਆਂ ਬਿਮਾਰੀਆਂ ਵਧਦੀਆਂ ਹਨ ਅਤੇ ਕਿਸਾਨਾਂ ਨੂੰ ਆਰਥਿਕ ਨੁਕਸਾਨ ਝੱਲਣਾ ਪੈਂਦਾ ਹੈ। ਫਸਲਾਂ ਲਈ ਵੀ ਹਾਲਾਤ ਚਿੰਤਾਜਨਕ ਹਨ, ਕਿਉਂਕਿ 30 ਡਿਗਰੀ ਸੈਲਸੀਅਸ ਤੋਂ ਉੱਪਰ ਜ਼ਿਆਦਾਤਰ ਮੁੱਖ ਫਸਲਾਂ ਦੀ ਉਪਜ ਘਟਣ ਲੱਗ ਪੈਂਦੀ ਹੈ। ਆਲੂ ਅਤੇ ਜੌਂਅ ਵਰਗੀਆਂ ਫਸਲਾਂ ਇਸ ਤੋਂ ਵੀ ਘੱਟ ਤਾਪਮਾਨ 'ਤੇ ਪ੍ਰਭਾਵਿਤ ਹੋ ਜਾਂਦੀਆਂ ਹਨ। ਕੁਝ ਅਧਿਐਨ ਦੱਸਦੇ ਹਨ ਕਿ ਹਰ 1 ਡਿਗਰੀ ਤਾਪਮਾਨ ਵਧਣ ਨਾਲ ਕਣਕ ਅਤੇ ਮੱਕੀ ਦੀ ਪੈਦਾਵਾਰ ਵਿੱਚ 5 ਤੋਂ 10 ਫ਼ੀਸਦੀ ਤੱਕ ਕਮੀ ਆ ਸਕਦੀ ਹੈ, ਜੋ ਕਿ ਭਵਿੱਖ ਲਈ ਵੱਡੀ ਚੇਤਾਵਨੀ ਹੈ।

ਮੱਛੀ ਪਾਲਣ 'ਤੇ ਵੀ ਇਸ ਦਾ ਅਸਰ ਪੈ ਰਿਹਾ ਹੈ। ਗਰਮ ਪਾਣੀ ਵਿੱਚ ਆਕਸੀਜਨ ਦੀ ਮਾਤਰਾ ਘਟ ਜਾਂਦੀ ਹੈ, ਜਿਸ ਨਾਲ ਮੱਛੀਆਂ ਦੀ ਜੀਵਨ ਸਮਰੱਥਾ ਘਟਦੀ ਹੈ। 2025 ਵਿੱਚ ਦੁਨੀਆ ਦੇ 90 ਫ਼ੀਸਦੀ ਤੋਂ ਵੱਧ ਸਮੁੰਦਰੀ ਖੇਤਰਾਂ ਵਿੱਚ ਮਰੀਨ ਹੀਟਵੇਵ ਦਰਜ ਕੀਤੀ ਗਈ, ਜਿਸ ਨਾਲ ਸਮੁੰਦਰੀ ਜੀਵਨ 'ਤੇ ਵੱਡਾ ਦਬਾਅ ਬਣਿਆ। ਇਹ ਹਾਲਾਤ ਮੱਛੀ ਪਾਲਣ 'ਤੇ ਨਿਰਭਰ ਲੋਕਾਂ ਦੀ ਆਮਦਨ ਨੂੰ ਵੀ ਪ੍ਰਭਾਵਿਤ ਕਰ ਰਹੇ ਹਨ।

ਅਤਿ ਗਰਮੀ ਦਾ ਸਭ ਤੋਂ ਵੱਡਾ ਬੋਝ ਖੇਤ ਮਜ਼ਦੂਰਾਂ 'ਤੇ ਪੈ ਰਿਹਾ ਹੈ। ਦੱਖਣੀ ਏਸ਼ੀਆ ਸਮੇਤ ਕਈ ਖੇਤਰਾਂ ਵਿੱਚ ਸਾਲ ਦੇ ਲਗਭਗ 200 ਤੋਂ 250 ਦਿਨ ਐਸੇ ਹੋ ਸਕਦੇ ਹਨ, ਜਦੋਂ ਬਾਹਰ ਕੰਮ ਕਰਨਾ ਮੁਸ਼ਕਲ ਹੋ ਜਾਵੇਗਾ। ਇਸ ਨਾਲ ਮਜ਼ਦੂਰਾਂ ਦੀ ਸਿਹਤ ਨੂੰ ਖ਼ਤਰਾ ਵਧਦਾ ਹੈ ਅਤੇ ਉਨ੍ਹਾਂ ਦੀ ਕਮਾਈ ਘਟਦੀ ਹੈ। ਗਰਮੀ ਕਾਰਨ ਹੀਟ ਸਟ੍ਰੋਕ, ਡੀਹਾਈਡਰੇਸ਼ਨ ਅਤੇ ਹੋਰ ਬਿਮਾਰੀਆਂ ਵੀ ਵਧ ਰਹੀਆਂ ਹਨ। ਖਾਸ ਕਰਕੇ ਗਰੀਬ ਅਤੇ ਮਜ਼ਦੂਰ ਵਰਗ ਲਈ ਇਹ ਹਾਲਾਤ ਹੋਰ ਵੀ ਮੁਸ਼ਕਲ ਬਣ ਰਹੇ ਹਨ, ਕਿਉਂਕਿ ਉਨ੍ਹਾਂ ਕੋਲ ਨਾ ਤਾਂ ਗਰਮ ਮਾਹੌਲ ਨੂੰ ਠਾਰਨ ਦੇ ਵਸੀਲੇ ਹਨ ਅਤੇ ਨਾ ਹੀ ਸਿਹਤ ਸੇਵਾਵਾਂ ਦੀ ਆਸਾਨ ਪਹੁੰਚ।

ਰਿਪੋਰਟ ਇਹ ਵੀ ਚੇਤਾਵਨੀ ਦਿੰਦੀ ਹੈ ਕਿ ਅਤਿ ਗਰਮੀ ਸਿਰਫ਼ ਇੱਕ ਸਮੱਸਿਆ ਨਹੀਂ, ਸਗੋਂ ਕਈ ਹੋਰ ਸੰਕਟਾਂ ਨੂੰ ਜਨਮ ਦਿੰਦੀ ਹੈ। ਪਾਣੀ ਦੀ ਕਮੀ, ਅਚਾਨਕ ਸੋਕਾ, ਜੰਗਲਾਂ ਵਿੱਚ ਅੱਗ ਅਤੇ ਕੀੜਿਆਂ ਤੇ ਬਿਮਾਰੀਆਂ ਦਾ ਵਾਧਾ- ਇਹ ਗਰਮੀ ਨਾਲ ਹੋਰ ਵੀ ਭਿਆਨਕ ਬਣ ਰਹੇ ਹਨ। ਇਸ ਨਾਲ ਖੇਤੀਬਾੜੀ ਪ੍ਰਣਾਲੀ ਹੋਰ ਕਮਜ਼ੋਰ ਹੋ ਰਹੀ ਹੈ ਅਤੇ ਖੁਰਾਕ ਦੀ ਸੁਰੱਖਿਆ 'ਤੇ ਖ਼ਤਰਾ ਵੱਧ ਰਿਹਾ ਹੈ। ਇਸਦੇ ਨਾਲ ਨਾਲ ਇਹ ਵੀ ਦੇਖਣ ਨੂੰ ਮਿਲ ਰਿਹਾ ਹੈ ਕਿ ਛੋਟੇ ਕਿਸਾਨ ਸਭ ਤੋਂ ਵੱਧ ਪ੍ਰਭਾਵਿਤ ਹੋ ਰਹੇ ਹਨ। ਉਨ੍ਹਾਂ ਕੋਲ ਨਾ ਤਾਂ ਨਵੀਂ ਤਕਨੀਕ ਦੀ ਪਹੁੰਚ ਹੁੰਦੀ ਹੈ ਅਤੇ ਨਾ ਹੀ ਵੱਡੇ ਨੁਕਸਾਨ ਸਹਿਣ ਦੀ ਸਮਰੱਥਾ। ਜੇ ਫਸਲ ਖਰਾਬ ਹੋ ਜਾਵੇ ਤਾਂ ਉਹ ਕਰਜ਼ੇ ਵਿੱਚ ਡੁੱਬ ਜਾਂਦੇ ਹਨ। ਕਈ ਥਾਵਾਂ 'ਤੇ ਲੋਕਾਂ ਨੂੰ ਖੇਤੀ ਛੱਡ ਕੇ ਹੋਰ ਕੰਮ ਲੱਭਣੇ ਪੈ ਰਹੇ ਹਨ, ਜਿਸ ਨਾਲ ਪਿੰਡਾਂ ਦੀ ਅਰਥਵਿਵਸਥਾ 'ਤੇ ਵੀ ਅਸਰ ਪੈਂਦਾ ਹੈ। ਹੱਲਾਂ ਦੀ ਗੱਲ ਕਰੀਏ ਤਾਂ ਮਾਹਿਰਾਂ ਨੇ ਕਿਹਾ ਹੈ ਕਿ ਮੌਸਮ ਦੇ ਅਨੁਕੂਲ ਫਸਲਾਂ ਦੀ ਚੋਣ ਕਰਨੀ ਪਵੇਗੀ, ਬੀਜ ਬੀਜਣ ਦਾ ਸਮਾਂ ਬਦਲਣਾ ਪਵੇਗਾ ਅਤੇ ਪਾਣੀ ਦੀ ਬਚਤ ਲਈ ਨਵੀਆਂ ਤਕਨੀਕਾਂ ਅਪਣਾਉਣੀਆਂ ਪੈਣਗੀਆਂ। ਇਸਦੇ ਨਾਲ ਹੀ ਮੌਸਮ ਬਾਰੇ ਪਹਿਲਾਂ ਤੋਂ ਚੇਤਾਵਨੀ ਦੇਣ ਵਾਲੀਆਂ ਪ੍ਰਣਾਲੀਆਂ ਨੂੰ ਮਜਬੂਤ ਕਰਨਾ ਹੋਵੇਗਾ ਤਾਂ ਜੋ ਕਿਸਾਨ ਸਮੇਂ ਸਿਰ ਫੈਸਲੇ ਲੈ ਸਕਣ। ਸਰਕਾਰਾਂ ਨੂੰ ਕਿਸਾਨਾਂ ਲਈ ਆਰਥਿਕ ਸਹਾਇਤਾ ਅਤੇ ਬੀਮਾ ਯੋਜਨਾਵਾਂ ਵੀ ਲੈ ਕੇ ਆਉਣੀਆਂ ਪੈਣਗੀਆਂ।

ਮਾਹਿਰਾਂ ਦਾ ਇਹ ਵੀ ਮੰਨਣਾ ਹੈ ਕਿ ਸਿਰਫ਼ ਇੱਕ ਦੇਸ਼ ਜਾਂ ਇੱਕ ਖੇਤਰ ਦੇ ਯਤਨ ਕਾਫ਼ੀ ਨਹੀਂ ਹੋਣਗੇ। ਇਸ ਲਈ ਵਿਸ਼ਵ ਪੱਧਰ 'ਤੇ ਸਹਿਯੋਗ ਬਹੁਤ ਜ਼ਰੂਰੀ ਹੈ। ਉੱਚ ਪ੍ਰਦੂਸ਼ਣ ਵਾਲੇ ਵਿਕਾਸ ਮਾਡਲ ਤੋਂ ਦੂਰ ਜਾਣਾ ਅਤੇ ਸਾਫ਼ ਊਰਜਾ ਵੱਲ ਵਧਣਾ ਸਮੇਂ ਦੀ ਲੋੜ ਹੈ। ਜੇ ਅਸੀਂ ਅੱਜ ਕਦਮ ਨਹੀਂ ਚੁੱਕਦੇ, ਤਾਂ ਭਵਿੱਖ ਵਿੱਚ ਖੁਰਾਕ ਦੀ ਕਮੀ, ਮਹਿੰਗਾਈ ਅਤੇ ਗਰੀਬੀ ਦੇ ਸੰਕਟ ਹੋਰ ਵੀ ਵੱਧ ਸਕਦੇ ਹਨ। ਅਖੀਰ ਵਿੱਚ ਇਹ ਸਪਸ਼ਟ ਹੈ ਕਿ ਅਤਿ ਗਰਮੀ ਦਾ ਸੰਕਟ ਸਿਰਫ਼ ਮੌਸਮ ਦਾ ਮਾਮਲਾ ਨਹੀਂ, ਸਗੋਂ ਮਨੁੱਖੀ ਜੀਵਨ, ਅਰਥਵਿਵਸਥਾ ਅਤੇ ਖੁਰਾਕ ਸੁਰੱਖਿਆ ਨਾਲ ਜੁੜਿਆ ਹੋਇਆ ਵੱਡਾ ਮੁੱਦਾ ਹੈ। ਹੁਣ ਸਮਾਂ ਆ ਗਿਆ ਹੈ ਕਿ ਦੁਨੀਆ ਇਸਨੂੰ ਗੰਭੀਰਤਾ ਨਾਲ ਲਵੇ ਅਤੇ ਐਸੇ ਕਦਮ ਚੁੱਕੇ ਜਿਨ੍ਹਾਂ ਨਾਲ ਹਰ ਇੱਕ ਇਨਸਾਨ ਲਈ ਭਵਿੱਖ ਸੁਰੱਖਿਅਤ ਬਣਾਇਆ ਜਾ ਸਕੇ।

## ਮਮਤਾ ਬੈਨਰਜੀ ਵੱਲੋਂ ਮੁੱਖ ਮੰਤਰੀ ਦੇ ਅਹੁਦੇ ਤੋਂ ਅਸਤੀਫਾ ਦੇਣ ਤੋਂ ਨਾਂਹ

ਦੇ ਇਸ ਬਿਆਨ ਨੇ ਕੇਂਦਰ ਸਰਕਾਰ ਅਤੇ ਵਿਰੋਧੀ ਰਾਜਸੀ ਪਾਰਟੀਆਂ ਵਿੱਚ ਜ਼ਬਰਦਸਤ ਹਲਚਲ ਮਚਾ ਦਿੱਤੀ ਹੈ। ਪੱਛਮੀ ਬੰਗਾਲ ਦੇ ਸਿਆਸੀ ਦ੍ਰਿਸ਼ 'ਤੇ ਇਹ ਇੱਕ ਅਣਕਿਆਸਿਆ ਮੋੜ ਸਮਝਿਆ ਜਾ ਰਿਹਾ ਹੈ।

ਸੋਮਵਾਰ ਅਤੇ ਮੰਗਲਵਾਰ ਨੂੰ ਪੰਜ ਰਾਜਾਂ ਵਿੱਚ ਹੋਈਆਂ ਚੋਣਾਂ ਦੀ ਵੋਟ ਗਿਣਤੀ ਦੌਰਾਨ ਵੀ ਮਮਤਾ ਬੈਨਰਜੀ ਨੇ ਆਪਣੇ ਬੂਥ ਲੈਵਲ ਦੇ ਵਰਕਰਾਂ ਨੂੰ ਕਿਹਾ ਸੀ ਕਿ ਉਹ ਬੂਥਾਂ 'ਤੇ ਪਹਿਰਾ ਦੇਣ, ਕਿਉਂਕਿ ਬਹੁਤ ਸਾਰੇ ਚੋਣ ਨਤੀਜੇ ਐਲਾਨਣ ਵਿੱਚ ਦੇਰੀ ਕੀਤੀ ਜਾ ਰਹੀ ਹੈ। ਮਮਤਾ ਬੈਨਰਜੀ ਨੇ ਕਿਹਾ ਕਿ ਇਸ ਕਿਸਮ ਦੀਆਂ 100 ਤੋਂ ਵੱਧ ਸੀਟਾਂ ਹਨ, ਜਿੱਥੇ ਮੋਦੀ ਸਰਕਾਰ ਵੱਲੋਂ ਹੇਰਾ-ਫੇਰੀ ਕੀਤੀ ਗਈ ਹੈ। ਇੱਥੇ ਜ਼ਿਕਰਯੋਗ ਹੈ ਕਿ ਮੋਦੀ ਸਰਕਾਰ ਅਤੇ ਭਾਜਪਾ ਭਾਵੇਂ ਮਾਮਤਾ ਦੇ ਮੁਕਾਬਲੇ ਵੱਡੀ ਗਿਣਤੀ ਵਿੱਚ ਸੀਟਾਂ ਜਿੱਤ ਗਈ ਹੈ, ਪਰ ਦੋਹਾਂ ਧਿਰਾਂ ਵਿਚਕਾਰ ਵੋਟ ਫੀਸਦੀ ਦਾ ਫਰਕ 5 ਕੁ ਫੀਸਦੀ ਦਾ ਹੀ ਹੈ। ਇੱਥੇ ਇਹ ਵੀ ਧਿਆਨਯੋਗ ਹੈ ਕਿ ਚੋਣ ਕਮਿਸ਼ਨ ਵੱਲੋਂ ਚੋਣਾਂ ਤੋਂ ਪਹਿਲਾਂ ਚੋਣ ਸੂਚੀਆਂ ਦੀ ਵਿਸ਼ੇਸ਼ ਸੋਧ ਕਰਨ ਦੇ ਬਹਾਨੇ ਸਾਡੇ ਚਾਰ ਫੀਸਦੀ ਦੇ ਕਰੀਬ ਵੋਟਾਂ ਕੱਟ ਦਿੱਤੀਆਂ ਸਨ। ਮਮਤਾ ਬੈਨਰਜੀ ਦਾ ਆਖਣਾ ਹੈ ਕਿ ਇਸ ਦੇ ਬਾਵਜੂਦ ਇਨ੍ਹਾਂ ਚੋਣਾਂ ਵਿੱਚ ਉਸ ਦੀ ਪਾਰਟੀ ਜਿੱਤ ਰਹੀ ਸੀ, ਉਸ ਨੂੰ ਜ਼ਬਰਦਸਤੀ ਹਰਾਇਆ ਗਿਆ ਹੈ।

ਚੇਤੇ ਰਹੇ, ਮਮਤਾ ਬੈਨਰਜੀ ਦੀ ਪਾਰਟੀ ਤ੍ਰਿਣਮੂਲ ਕਾਂਗਰਸ 2011 ਦੀਆਂ ਰਾਜ ਵਿਧਾਨ ਸਭਾ ਚੋਣਾਂ ਜਿੱਤ ਕੇ ਸੱਤਾ ਵਿੱਚ ਆਈ ਸੀ। 294 ਮੈਂਬਰੀ ਵਿਧਾਨ ਸਭਾ ਵਿੱਚ ਬੀ.ਜੇ.ਪੀ. ਨੇ ਤ੍ਰਿਣਮੂਲ ਕਾਂਗਰਸ ਨੂੰ ਹਰਾ ਕੇ ਦੋ ਤਿਹਾਈ ਬਹੁਮਤ ਹਾਸਲ ਕਰ ਲਿਆ ਹੈ। ਇਸ ਤੋਂ ਪਹਿਲਾਂ ਭਾਰਤੀ ਜਨਤਾ ਪਾਰਟੀ ਪੱਛਮੀ ਬੰਗਾਲ ਵਿੱਚ ਕਦੀ ਵੀ ਸੱਤਾ ਵਿੱਚ ਨਹੀਂ ਰਹੀ। ਇੱਥੇ ਇਹ ਵੀ ਜ਼ਿਕਰਯੋਗ ਹੈ ਕਿ ਬੰਗਾਲੀਆਂ ਅਤੇ ਪੰਜਾਬੀਆਂ ਦਾ ਦੇਸ਼ ਦੀ ਆਜ਼ਾਦੀ ਵਿੱਚ ਮਹੱਤਵਪੂਰਨ ਰੋਲ ਰਿਹਾ ਹੈ ਅਤੇ ਦੋਨੋਂ ਸਰਹੱਦੀ ਰਾਜ ਵੀ ਹਨ। ਪੱਛਮੀ ਬੰਗਾਲ ਦੀ ਬੰਗਲਾ ਦੇਸ਼ ਨਾਲ ਸੱਭਿਆਚਾਰਕ ਸਾਂਝ ਵੀ ਮੇਲ ਖਾਂਦੀ ਹੈ। ਮਮਤਾ ਦੀ ਸਰਕਾਰ ਕੋਲ ਪਿਛਲੀ ਵਾਰ 215 ਸੀਟਾਂ ਸਨ, ਜਦੋਂ ਕਿ ਇਸ ਵਾਰ 80 ਰਹਿ ਗਈਆਂ ਹਨ। ਇਨ੍ਹਾਂ ਚੋਣਾਂ ਵਿੱਚ ਮਮਤਾ ਆਪਣੀ ਸੀਟ ਵੀ ਹਾਰ ਗਈ ਹੈ। ਮਮਤਾ ਬੈਨਰਜੀ ਨੇ ਇੱਕ ਪ੍ਰੈਸ ਕਾਨਫਰੰਸ ਵਿੱਚ ਕਿਹਾ ਕਿ ਬੰਗਾਲ ਵਿਧਾਨ ਸਭਾ ਦੀਆਂ 100 ਸੀਟਾਂ ਉਸ ਤੋਂ ਜ਼ਬਰਦਸਤੀ ਖੋਹੀਆਂ ਗਈਆਂ ਹਨ। ਇਸ ਵਿੱਚ ਚੋਣ ਕਮਿਸ਼ਨ ਵੱਲੋਂ ਕੀਤੀ ਗਈ ਹੇਰਾ-ਫੇਰੀ ਦੀ ਭੂਮਿਕਾ ਵੀ ਸ਼ਾਮਲ ਹੈ।

ਉਂਝ ਪੱਛਮੀ ਬੰਗਾਲ ਦੀ ਮੁੱਖ ਮੰਤਰੀ ਆਪਣੇ ਬਿਆਨ ਦੇ ਪੱਖ ਵਿੱਚ ਸਬੂਤ ਦੇਣ ਵਿੱਚ ਅਸਫਲ ਰਹੀ। ਮਮਤਾ ਨੇ ਆਪਣੇ ਬਿਆਨ ਵਿੱਚ ਕਿਹਾ, "ਮੈਂ ਅਸਤੀਫਾ ਨਹੀਂ ਦੇਵਾਂਗੀ, ਅਸੀਂ ਅਧਿਕਾਰਤ ਤੌਰ 'ਤੇ ਹਾਰੇ ਨਹੀਂ ਹਾਂ। ਸਗੋਂ ਇਖਲਾਕੀ ਤੌਰ 'ਤੇ ਇਹ ਚੋਣ ਅਸੀਂ ਜਿੱਤੀ ਹੈ।" ਪੱਛਮੀ ਬੰਗਾਲ ਦੇ ਮੁੱਖ ਚੋਣ ਕਮਿਸ਼ਨ ਨੇ ਇਸ ਬਿਆਨ ਦੇ ਪ੍ਰਤੀਕਰਮ ਵਿੱਚ ਕਿਹਾ ਕਿ ਇਹ ਸਾਰੇ ਦੋਸ਼ ਬੇਬੁਨਿਆਦ ਹਨ। ਆਗੂ ਸੁਵੇਂਦੂ ਅਧਿਕਾਰੀ ਨੇ ਕਿਹਾ ਕਿ, "ਸਾਰਾ ਕੁਝ ਸਵਿੰਧਾਨ ਵਿੱਚ ਮੌਜੂਦ ਹੈ। ਸੰਵਿਧਾਨਕ ਤੌਰ 'ਤੇ ਬੰਗਾਲ ਦਾ ਰਾਜਪਾਲ ਮਮਤਾ ਬੈਨਰਜੀ ਦਾ ਮੁੱਖ ਮੰਤਰੀ ਦੇ ਅਹੁਦੇ ਤੋਂ ਅਸਤੀਫਾ ਮੰਗ ਸਕਦਾ ਹੈ ਜਾਂ ਉਸ ਦੀ ਸਮਾਂ ਸੀਮਾਂ ਖਤਮ ਹੋਣ ਦੀ ਉਡੀਕ ਕਰ ਸਕਦਾ ਹੈ ਅਤੇ ਬਾਅਦ ਵਿੱਚ ਨਵੇਂ ਹਾਊਸ ਨੂੰ ਸਹੁੰ ਚੁਕਾਈ ਜਾ ਸਕਦੀ ਹੈ।" ਮਮਤਾ ਬੈਨਰਜੀ ਦੀ ਮੁੱਖ ਮੰਤਰੀ ਵਜੋਂ ਟਰਮ ਵੀਰਵਾਰ ਨੂੰ ਖਤਮ ਹੋ ਜਾਵੇਗੀ। ਚੋਣਾਂ ਵਿੱਚ ਹਾਰਿਆ ਕੋਈ ਉਮੀਦਵਾਰ, ਭ੍ਰਿਸ਼ਟਾਚਾਰ, ਨੌਮੀਨੇਸ਼ਨ ਅਤੇ ਵੋਟਾਂ ਰਿਜੈਕਟ ਕਰਨ, ਕੈਂਡੀਡੇਟ ਦੀ ਡਿਸਕੁਆਲੀਫਿਕੇਸ਼ਨ, ਚੋਣ ਕਾਨੂੰਨਾਂ ਦੀ ਉਲੰਘਣਾ ਕਰਨ ਦੇ ਆਧਾਰ 'ਤੇ ਅਦਾਲਤ ਵਿੱਚ ਵੀ ਜਾ ਸਕਦਾ ਹੈ। ਮਮਤਾ ਕੋਲ ਵੀ ਇਹ ਰਾਹ ਖੁੱਲ੍ਹਾ ਹੈ। ਮਮਤਾ ਬੈਨਰਜੀ ਨੇ ਹਾਲੇ ਤੱਕ ਇਹ ਨਹੀਂ ਦੱਸਿਆ ਕਿ ਉਹ ਅਦਾਲਤ ਦਾ ਰਾਹ ਅਖਤਿਆਰ ਕਰਨਗੇ ਜਾਂ ਨਹੀਂ।

ਇੱਥੇ ਇਹ ਵੀ ਜ਼ਿਕਰਯੋਗ ਹੈ ਕਿ ਮਮਤਾ ਬੈਨਰਜੀ ਹਾਰ ਤੋਂ ਬਾਅਦ 'ਇੰਡੀਆ' ਗੱਠਜੋੜ ਦੇ ਲੀਡਰਾਂ ਨੂੰ ਵੀ ਮਿਲੀ ਹੈ। ਮਮਤਾ ਦਾ ਜੁਝਾਰੂ ਕਿਸਮ ਦਾ ਵਿਰਸਾ ਹੋਣ ਕਾਰਨ ਇਸ ਕਿਸਮ ਦੇ ਸੰਸੇ ਵੀ ਪ੍ਰਗਟ ਕੀਤੇ ਜਾ ਰਹੇ ਹਨ ਕਿ ਉਹ ਚੋਣ ਕਮਿਸ਼ਨ ਵੱਲੋਂ ਕੀਤੀਆਂ ਜਾ ਰਹੀਆਂ ਕਥਿਤ ਧਾਂਦਲੀਆਂ ਖਿਲਾਫ ਇੱਕ ਜਨਤਕ ਵਿਰੋਧ ਖੜ੍ਹਾ ਕਰਨ ਵੱਲ ਵੀ ਤੁਰ ਸਕਦੇ ਹਨ, ਭਾਵੇਂ ਕਿ ਉਨ੍ਹਾਂ ਦੀ ਉਮਰ ਇਸ ਰਾਹ ਵਿੱਚ ਅੜਿੱਕਾ ਬਣ ਸਕਦੀ ਹੈ। ਦੇਸ਼ ਦੀਆਂ ਸੈਕੂਲਰ ਸਿਆਸੀ ਧਿਰਾਂ ਹੁਣ ਇਹ ਮਹਿਸੂਸ ਕਰਨ ਲਗੀਆਂ ਹਨ ਕਿ ਸੜਕਾਂ 'ਤੇ ਇੱਕ ਵੱਡਾ ਅੰਦੋਲਨ ਖੜਾ ਕਰਨ ਤੋਂ ਬਗੈਰ ਗੁਜ਼ਾਰਾ ਨਹੀਂ ਹੈ। ਯਾਦ ਰਹੇ, ਕੇਂਦਰ ਸਰਕਾਰ ਨੇ ਸੁਪਰੀਮ ਕੋਰਟ ਅਤੇ ਚੋਣ ਕਮਿਸ਼ਨ ਸਮੇਤ ਬਹੁਤ ਸਾਰੀਆਂ ਸੰਵਿਧਾਨਕ ਸੰਸਥਾਵਾਂ ਨੂੰ ਆਪਣੇ ਅਧੀਨ ਕਰ ਲਿਆ ਹੈ। ਇਸ ਨਾਲ ਘੱਟ ਗਿਣਤੀਆਂ ਦੇ ਕਤਲੇਆਮਾਂ ਦੇ ਆਧਾਰ 'ਤੇ ਇੱਕ ਵਿਆਪਕ 'ਫਾਸ਼ੀ' ਸਿਆਸਤ ਖੜ੍ਹੀ ਕਰਨ ਦਾ ਯਤਨ ਕੀਤਾ ਜਾ ਰਿਹਾ ਹੈ। 'ਇੰਡੀਆ' ਗੱਠਜੋੜ ਨੂੰ ਜੇ ਵਿਰੋਧੀ ਧਿਰਾਂ ਪੁਨਰ ਸੁਰਜੀਤ ਕਰ ਲੈਂਦੀਆਂ ਹਨ ਤਾਂ ਉਨ੍ਹਾਂ ਨੂੰ ਮਮਤਾ ਬੈਨਰਜੀ ਵਰਗੀ ਵਿਆਪਕ ਜਨਤਕ ਅਪੀਲ ਵਾਲੀ ਲੀਡਰਸ਼ਿਪ ਮਿਲ ਸਕਦੀ ਹੈ।

## ਜੌਸਫ ਵਿਜੈ ਬਣਿਆ ਤਾਮਿਲ ਸਿਆਸਤ ਦਾ ਨਵਾਂ ਹੀਰੋ

ਕੇ ਲੋਕ ਸਭਾ ਵਿੱਚ ਭੇਜ ਦਿੱਤਾ ਸੀ।

ਭਾਵੇਂ ਦੱਖਣੀ ਰਾਜਾਂ ਵਿੱਚ ਸਿਆਸੀ ਅਮਲ ਉੱਤਰੀ ਭਾਰਤ ਜਿੰਨਾ ਬੇਸੁਰਾ ਨਹੀਂ, ਪਰ ਫਿਰ ਵੀ ਡੀ.ਐਮ.ਕੇ. ਅਤੇ ਅੰਨਾ ਡੀ.ਐਮ.ਕੇ. ਦਾ ਸਿਆਸੀ ਇਤਿਹਾਸ ਦਰਸਾਉਂਦਾ ਹੈ ਕਿ ਕਿਸੇ ਵੱਡੀ ਪ੍ਰਾਪਤੀ ਤੋਂ ਬਿਨਾ ਖੇਤਰੀ ਸਿਆਸਤ ਕਰ ਰਹੀਆਂ ਪਾਰਟੀਆਂ ਵੀ ਭ੍ਰਿਸ਼ਟਾਚਾਰ ਦੀ ਦਲ-ਦਲ ਵਿੱਚ ਕਿੰਝ ਗਰਕ ਹੋ ਜਾਂਦੀਆਂ ਹਨ। ਪੰਜਾਬ ਵਿੱਚ ਅਕਾਲੀ ਦਲ ਦਾ ਇਤਿਹਾਸ ਵੀ ਇਸੇ ਕਿਸਮ ਦੀ ਕਹਾਣੀ ਕਹਿੰਦਾ ਹੈ।

ਤਾਮਿਲਨਾਡੂ ਵਿੱਚ ਜੌਸਫ ਵਿਜੈ ਚੰਦਰਸੇਖਰ ਦੀ ਜਿੱਤ ਭਾਵੇਂ ਉਨੀ ਵੱਡੀ ਨਹੀਂ ਹੈ, ਜਿੰਨੀ ਪੰਜਾਬ ਵਿੱਚ ਆਮ ਆਦਮੀ ਪਾਰਟੀ ਦੀ ਸੀ। ਉਸ ਨੂੰ ਸੱਤਾ ਵਿੱਚ ਆਉਣ ਲਈ ਕਿਸੇ ਦੂਜੀ ਪਾਰਟੀ ਦੇ ਸਹਾਰੇ ਦੀ ਲੋੜ ਪੈ ਸਕਦੀ ਹੈ। ਇਸ ਮਕਸਦ ਲਈ ਵਿਜੈ ਨੇ ਕਾਂਗਰਸ ਪਾਰਟੀ ਦਾ ਸਹਾਰਾ ਮੰਗ ਵੀ ਲਿਆ ਹੈ; ਪਰ ਫਿਰ ਵੀ ਇਸ ਨਵੀਂ ਖੇਤਰੀ ਪਾਰਟੀ ਦੀ ਸਫਲਤਾ ਦਾ ਸਮਾਂ ਗੁਜ਼ਰਨ ਨਾਲ ਹੀ ਪਤਾ ਲੱਗੇਗਾ। ਖਾਸ ਕਰਕੇ ਫੈਡਰਲ ਸਿਆਸਤ ਦਾ ਵਾਹਕ ਬਣਨ, ਸਾਫ ਸੁਥਰੀ ਜਨਤਕ ਤੇ ਪ੍ਰਸ਼ਾਸਨਿਕ ਜ਼ਿੰਦਗੀ ਨੂੰ ਲੀਹ 'ਤੇ ਪਾਉਣ ਅਤੇ ਰਾਜਨੀਤਿਕ ਭ੍ਰਿਸ਼ਟਾਚਾਰ ਨੂੰ ਨੱਥ ਮਾਰਨ ਦੇ ਮਾਮਲੇ ਵਿੱਚ।

ਤਾਮਿਲ ਭਾਸ਼ਾਈ ਫਿਲਮਾਂ ਦੇ ਇਸ ਸੁਪਰ ਸਟਾਰ ਦਾ ਜਨਮ 22 ਜੂਨ 1974 ਨੂੰ ਮਦਰਾਸ (ਹੁਣ ਚੇਨੱਈ) ਵਿੱਚ ਹੋਇਆ ਸੀ। ਉਸ ਦੇ ਪਿਤਾ ਐਸ.ਏ. ਚੰਦਰਸੇਖਰ ਫਿਲਮ ਡਾਇਰੈਕਟਰ ਸਨ ਅਤੇ ਮਾਤਾ ਜੀ ਸੋਭਾ ਚੰਦਰਸੇਖਰ ਪਿਠਵਰਤੀ ਗਾਇਕ। ਵਿਜੈ ਦੇ ਮਾਤਾ ਜੀ ਰੋਮਨ ਕੈਥੋਲਿਕ ਚਰਚ ਨਾਲ ਸੰਬੰਧਤ ਸਨ, ਜਦੋਂਕਿ ਪਿਤਾ ਜੀ ਦਾ ਸੰਬੰਧ ਹਿੰਦੂ ਧਰਮ ਨਾਲ ਸੀ। ਵਿਜੈ ਨੂੰ ਨਿੱਕ ਨੇਮ ਥਾਲਾਪਥੀ (ਕਮਾਂਡਰ) ਵਜੋਂ ਵੀ ਜਾਣਿਆ ਜਾਂਦਾ ਹੈ।

ਜੌਸਫ ਵਿਜੈ ਦਾ ਵਿਆਹ 1999 ਵਿੱਚ ਸੰਗੀਥਾ ਸੋਰਨਾਲਿੰਗਮ ਨਾਲ ਹੋਇਆ। ਉਨ੍ਹਾਂ ਦੇ ਦੋ ਬੱਚੇ- ਜੋਸਨ ਸੰਜੇ ਅਤੇ ਦਿਵੀਆ ਸ਼ਾਸ਼ਾ ਹਨ। ਉਸ ਨੇ ਵਿਜ਼ੂਅਲ ਕਮਿਊਨੀਕੇਸ਼ਨ ਵਿੱਚ ਡਿਗਰੀ ਹਾਸਲ ਕਰਨ ਲਈ ਲੋਇਲਾ ਕਾਲਜ ਵਿੱਚ ਦਾਖਲਾ ਲਿਆ ਸੀ, ਪਰ ਬਾਅਦ ਵਿੱਚ ਐਕਟਰ ਵਜੋਂ ਆਪਣੀ ਕਿਸਮਤ ਅਜ਼ਮਾਉਣ ਲਈ ਇਹ ਪੜ੍ਹਾਈ ਅੱਧ ਵਿਚਕਾਰ ਹੀ ਛੱਡ ਦਿੱਤੀ ਸੀ। ਦੱਖਣੀ ਭਾਰਤੀ ਫਿਲਮਾਂ ਵਿੱਚ ਉਹ ਸਭ ਤੋਂ ਮਹਿੰਗੇ ਐਕਟਰਾਂ ਵਿੱਚੋਂ ਇੱਕ ਹੈ, ਜਿਸ ਨੇ 1992 ਤੋਂ 1926 ਤੱਕ ਤਿੰਨ ਦਹਾਕੇ ਦੇ ਫਿਲਮੀ ਕੈਰੀਅਰ ਵਿੱਚ ਘਿੱਲੀ, ਥੁਪਾਕੀ, ਮੇਰਸਾਲ, ਸਰਕਾਰ ਅਤੇ ਲੀਓ ਜਿਹੀਆਂ ਮਸ਼ਹੂਰ ਫਿਲਮਾਂ ਵਿੱਚ ਨਾਇਕ ਵਜੋਂ ਕੰਮ ਕੀਤਾ। ਉਸ ਦੀਆਂ ਫਿਲਮਾਂ ਵਿੱਚ ਸਿਆਸੀ ਤਨਜ਼ ਸਦਾ ਮੌਜੂਦ ਰਿਹਾ ਹੈ। ਉਸ ਨੇ 2026 ਵਿੱਚ ਚੋਣ ਕਮਿਸ਼ਨ ਕੋਲ ਦਾਇਰ ਕੀਤੇ ਐਫੀਡੈਵਿਟ ਵਿੱਚ ਆਪਣੀ ਕੁੱਲ ਪੂੰਜੀ 100 ਕਰੋੜ ਰੁਪਏ ਦਰਸਾਈ ਹੈ। ਰਾਜਨੀਤਿਕ ਖੇਤਰ ਵਿੱਚ ਦਾਖਲ ਹੋਣ ਤੋਂ ਪਹਿਲਾਂ ਉਹ ਬਹੁਤ ਸਾਰੇ ਸਮਾਜਕ ਕਾਰਜਾਂ ਵਿੱਚ ਸਰਗਰਮ ਰਿਹਾ। ਇਸ ਮਕਸਦ ਲਈ ਉਸ ਨੇ 'ਵਿਜੈ ਮੱਕਲ ਲਿਆਕਮ' ਨਾਂ ਦੀ ਫੈਨ ਕਲੱਬ ਦਾ ਗਠਨ ਕੀਤਾ। ਕਈ ਰਾਹਤ ਕਾਰਜਾਂ, ਵਿੱਦਿਅਕ ਸਹਾਇਤਾ ਅਤੇ ਟਿਊਸ਼ਨ ਸੈਂਟਰਾਂ ਦੀ ਮੈਨੇਜਮੈਂਟ ਦੇ ਕਾਰਜ ਵਿੱਚ ਸਰਗਰਮ ਰਿਹਾ।

ਵਿਜੈ ਨੇ 2 ਫਰਵਰੀ 2024 ਨੂੰ ਆਪਣੀ ਰਾਜਨੀਤਿਕ ਪਾਰਟੀ ਦਾ ਗਠਨ ਕੀਤਾ ਅਤੇ ਅਦਾਕਾਰੀ ਤੋਂ ਅਧਿਕਾਰਕ ਤੌਰ 'ਤੇ ਰਿਟਾਇਰਮੈਂਟ ਲੈ ਲਈ। ਸਿਆਸੀ ਖੇਤਰ ਵਿੱਚ ਵਿਚਰਨ ਲਈ ਸੈਕੂਲਰ ਸੋਸਿਲਿਸਟਿਕ ਵਿਚਾਰਧਾਰਾ ਨੂੰ ਆਪਣੀ ਪਾਰਟੀ ਦਾ ਆਧਾਰ ਬਣਾਇਆ ਅਤੇ ਸਮਾਜਿਕ ਇਨਸਾਫ ਦੇ ਸੰਕਲਪ ਨੂੰ ਵੀ ਇਸ ਨਾਲ ਜੋੜਿਆ। ਉਨ੍ਹਾਂ ਆਪਣੀ ਪਾਰਟੀ ਨੂੰ ਇਤਿਹਾਸਕ ਤੌਰ 'ਤੇ ਡਾ. ਬੀ.ਆਰ. ਅੰਬੇਦਕਰ ਦੇ ਸਮਾਜਿਕ ਇਨਸਾਫ, ਤਾਮਿਲ ਆਗੂ ਪੇਰੀਅਰ ਅਤੇ ਕੇ. ਕਾਮਰਾਜ ਨਾਲ ਜੋੜਿਆ; ਪਰ ਇਸ ਸਾਰੇ ਕੁਝ ਦੇ ਬਾਵਜੂਦ ਕੱਟੜ ਨਾਸਤਿਕਤਾ ਅਤੇ 'ਰੱਬ ਵਿਰੋਧੀ' ਪੁਜੀਸ਼ਨ ਤੋਂ ਦੂਰੀ ਬਣਾ ਕੇ ਰੱਖੀ। ਵਿਜੈ ਜੌਸਫ ਨੇ ਭ੍ਰਿਸ਼ਟਾਚਾਰ ਵਿੱਚ ਗ੍ਰਸ ਗਈਆਂ ਡੀ.ਐਮ.ਕੇ. ਅਤੇ ਅੰਨਾ ਡੀ.ਐਮ.ਕੇ. ਦੇ ਬਦਲ ਵਜੋਂ ਆਪਣੇ ਆਪ ਨੂੰ ਉਭਾਰਿਆ। ਇਸ ਸਾਰੇ ਅਮਲ ਨੂੰ ਦਿਸ਼ਾ ਦੇਣ ਲਈ ਨੌਜਵਾਨਾਂ ਵਿੱਚ ਆਪਣੀ ਮਕਬੂਲੀਅਤ 'ਤੇ ਪ੍ਰਮੁੱਖ ਟੇਕ ਰੱਖੀ।

ਵਿਜੈ ਜੋਸਫ ਦੀ ਮਕਬੂਲੀਅਤ ਦਾ ਅੰਦਾਜ਼ਾ 2025 ਵਿੱਚ ਵਾਪਰੇ ਉਸ ਦਿਲ ਦੁਖਾਊ ਹਾਦਸੇ ਤੋਂ ਲਾਇਆ ਜਾ ਸਕਦਾ ਹੈ, ਜਿਸ ਵਿੱਚ ਭੀੜ ਵਿੱਚ ਭਗਦੜ ਮੱਚਣ ਕਾਰਨ 41 ਵਿਅਕਤੀਆਂ ਦੀ ਮੌਤ ਹੋ ਗਈ ਸੀ। ਤਾਜ਼ਾ ਵਿਧਾਨ ਸਭਾ ਚੋਣਾਂ ਵਿੱਚ ਵਿਜੈ ਜੌਸਫ ਅਤੇ ਟੀ.ਵੀ.ਕੇ. ਦੇ ਤਾਮਿਲਨਾਡੂ ਵਿੱਚ ਪ੍ਰਮੁੱਖ ਸਿਆਸੀ ਤਾਕਤ ਬਣ ਕੇ ਉਭਰ ਆਉਣ ਨੇ ਇਸ ਰਾਜ ਦੀ ਪੂਰੀ ਸਿਆਸੀ ਗਰਾਮਰ ਵਿੱਚ ਉਥਲ-ਪੁਥਲ ਮਚਾ ਦਿੱਤੀ ਹੈ। ਯਾਦ ਰਹੇ, ਭ੍ਰਿਸ਼ਟ ਹੋਣ ਦੇ ਬਾਵਜੂਦ ਡੀ.ਐਮ.ਕੇ. ਅਤੇ ਅੰਨਾ ਡੀ.ਐਮ.ਕੇ. ਨੇ ਕੇਂਦਰਵਾਦੀ ਸਿਆਸਤ ਦੇ ਪੈਰ ਨਹੀਂ ਲੱਗਣ ਦਿੱਤੇ ਸਨ। ਤਾਮਿਲਨਾਡੂ ਦੀ ਸੱਤਾ ਵਿੱਚੋਂ ਬਾਹਰ ਜਾ ਰਹੀ ਪਾਰਟੀ ਦੇ ਆਗੂ ਸਟਾਲਿਨ ਦੇ ਪਰਿਵਾਰਵਾਦ ਅਤੇ ਭ੍ਰਿਸ਼ਟਾਚਾਰ ਵਿੱਚ ਗ੍ਰਸੇ ਹੋਣ ਦੇ ਬਾਵਜੂਦ ਉਨ੍ਹਾਂ ਆਪਣੀ ਖੇਤਰੀ ਸਿਆਸੀ ਹਸਤੀ ਨੂੰ ਬੇਦਾਵਾ ਨਹੀਂ ਦਿੱਤਾ। ਇਸੇ ਕਰੇ ਡੀ.ਐਮ.ਕੇ. ਵੱਲੋਂ ਹੀ ਸਾਰੇ ਭਾਰਤ ਵਿੱਚ ਫੈਡਰਲ ਸਿਆਸਤ ਅਤੇ ਰਾਜਾਂ ਨੂੰ ਵਧੇਰੇ ਸਿਆਸੀ ਅਧਿਕਾਰਾਂ ਦੀ ਮੁਹਿੰਮ ਨੂੰ ਚਲਾਇਆ ਜਾ ਰਿਹਾ ਸੀ। ਜਿੱਥੋਂ ਤੱਕ ਫਿਲਮੀ ਖੇਤਰ ਵਿੱਚੋਂ ਸਿਆਸੀ ਖੇਤਰ ਵੱਲ ਤਬਾਦਲੇ ਦਾ ਸੁਆਲ ਹੈ, ਇਸ ਮਾਮਲੇ ਵਿੱਚ ਵੀ ਤਾਮਿਲਨਾਡੂ ਦਾ ਇਤਿਹਾਸ ਰਿਹਾ ਹੈ। ਐਮ.ਜੀ. ਰਾਮਾਚੰਦਰਨ ਨੇ ਵੀ ਫਿਲਮਾਂ ਤੋਂ ਸਿਆਸੀ ਖੇਤਰ ਵਿੱਚ ਪ੍ਰਵੇਸ਼ ਕੀਤਾ ਸੀ। ਉਸ ਤੋਂ ਬਾਅਦ ਜੈਲਲਿਤਾ ਨੇ ਵੀ ਫਿਲਮਾਂ ਛੱਡ ਕੇ ਸਿਆਸੀ ਖੇਤਰ ਚੁਣਿਆ; ਪਰ ਦੋਵੇਂ ਸੱਤਾ ਦੀ ਭ੍ਰਿਸ਼ਟ ਕਰ ਦੇਣ ਵਾਲੀ ਮਾਰ ਤੋਂ ਨਹੀਂ ਸਨ ਬਚ ਸਕੇ। ਇਹੋ ਸਵਾਲ ਫਿਲਮਾਂ ਤੋਂ ਰਾਜਨੀਤੀ ਵੱਲ ਆਏ ਨਵੇਂ ਹੀਰੋ ਦੇ ਸਾਹਮਣੇ ਖਲੋਤਾ ਹੈ।

ratebeat MORTGAGE
Harbirinder Virk
Mortgage Loan Officer
MLS ID: 2212343
ਮੌਰਗੇਜ ਲੋੜਾਂ ਸਬੰਧੀ ਸੰਪਰਕ ਕਰੋ
Ph: 847-942-9046
harbirv@gmail.com

# ਖਾੜੀ ਯੁੱਧ ਤੇ ਤੇਲ ਸੰਕਟ ਬਨਾਮ ਤੇਲ ਸਾਮਰਾਜ



**ਗਹਿਰ-ਗੰਭੀਰ**

**ਪਰਮਜੀਤ ਸਿੰਘ ਢੀਂਗਰਾ**
ਫੋਨ:+91-9417358120



***ਰੂਸ ਦੇ ਇਨਕਲਾਬੀ ਆਗੂ ਤੇ ਚਿੰਤਕ ਲੈਨਿਨ ਨੇ ਇੱਕ ਵਾਰ ਕਿਹਾ ਸੀ ਕਿ-ਪੂੰਜੀਵਾਦ ਜਿੰਨਾ ਜ਼ਿਆਦਾ ਵਿਕਸਤ ਹੋਵੇਗਾ, ਕੱਚੇ ਮਾਲ ਦੀ ਘਾਟ ਓਨੀ ਵਧੇਰੇ ਮਹਿਸੂਸ ਕੀਤੀ ਜਾਵੇਗੀ। ਇਸ ਘਾਟ 'ਤੇ ਕਾਬੂ ਪਾਉਣ ਲਈ ਆਪਸੀ ਹੋੜ ਤੇ ਸਾਰੀ ਦੁਨੀਆ ਵਿੱਚ ਕੱਚੇ ਮਾਲ ਦੇ ਸੋਮਿਆਂ ਦੀ ਭਾਲ ਓਨੀ ਜ਼ਿਆਦਾ ਤੇਜ਼ ਹੁੰਦੀ ਜਾਏਗੀ। ਕੱਚੇ ਮਾਲ ਦੇ ਸੋਮਿਆਂ ਵਾਲੇ ਵਿਭਿੰਨ ਦੇਸ਼ਾਂ 'ਤੇ ਕਬਜ਼ਾ ਕਰਨ ਦੀ ਲੜਾਈ ਸ਼ਰਮਨਾਕ ਰੂਪ ਅਖਤਿਆਰ ਕਰ ਜਾਏਗੀ। ਅੱਜ ਤੇਲ ਦੇ ਕੁਦਰਤੀ ਸੋਮਿਆਂ ਨਾਲ ਭਰਪੂਰ ਖਾੜੀ ਦੇ ਮੁਲਕਾਂ ਨਾਲ ਅਜਿਹਾ ਹੀ ਵਾਪਰ ਰਿਹਾ ਹੈ।***

ਪੱਛਮੀ ਏਸ਼ੀਆ ਦਾ ਖਿੱਤਾ ਇਸ ਵੇਲੇ ਭਿਆਨਕ ਯੁੱਧ ਦੀ ਮਾਰ ਹੇਠ ਆਇਆ ਹੋਇਆ ਹੈ। ਇਸ ਨੂੰ ਇਕੱਲਾ ਖਾੜੀ ਦੇਸ਼ਾਂ ਦਾ ਯੁੱਧ ਨਹੀਂ ਕਿਹਾ ਜਾ ਸਕਦਾ, ਕਿਉਂਕਿ ਇਸ ਵਿੱਚ ਇੱਕ ਪਾਸੇ ਅਮਰੀਕਾ-ਇਜ਼ਰਾਇਲ ਦੀ ਭਾਈਵਾਲੀ ਹੈ ਅਤੇ ਦੂਜੇ ਪਾਸੇ ਇਰਾਨ ਦੇ ਨਿਊਕਲੀਅਰ ਪ੍ਰੋਗਰਾਮ ਨੂੰ ਬਹਾਨਾ ਬਣਾ ਕੇ ਅਮਰੀਕਾ ਇਰਾਨ ਦੇ ਕੁਦਰਤੀ ਸਰੋਤਾਂ 'ਤੇ ਕਾਬਜ਼ ਹੋਣਾ ਚਾਹੁੰਦਾ ਹੈ। ਰੂਸ, ਚੀਨ ਤੇ ਨਾਟੋ ਦੇਸ਼ ਆਪਣਾ ਆਪਣਾ ਬਚਾਅ ਕਰਨ ਵਿੱਚ ਲੱਗੇ ਹੋਏ ਹਨ। ਭਾਰਤ ਦੀ ਖਮੋਸ਼ੀ ਅਮਰੀਕਾ-ਇਜ਼ਰਾਇਲ ਪੱਖੀ ਨਜ਼ਰ ਆ ਰਹੀ ਹੈ। ਦੁਨੀਆ ਊਰਜਾ ਦੇ ਵੱਡੇ ਸੰਕਟ ਵਿੱਚ ਘਿਰੀ ਹੋਈ ਹੈ। ਜੇ ਇਨ੍ਹਾਂ ਕਾਰਨਾਂ ਦੇ ਪਿਛੋਕੜ 'ਤੇ ਨਜ਼ਰ ਮਾਰੀਏ ਤਾਂ ਅਮਰੀਕਾ ਪਹਿਲਾਂ ਵੀ ਵੀਹਵੀਂ ਸਦੀ ਦੇ ਅੱਠਵੇਂ ਦਹਾਕੇ ਵਿੱਚ ਇਰਾਨ ਤੋਂ ਮੂੰਹ ਦੀ ਖਾ ਕੇ ਵਾਪਸ ਪਰਤਿਆ ਸੀ। ਡੋਨਲਡ ਟਰੰਪ ਦਾ ਜ਼ਿੱਦੀ ਰਵੱਈਆ ਇਸ ਜੰਗ ਵਿੱਚ ਮਾਤ ਹੋਣ 'ਤੇ ਵੀ ਪਿੱਛੇ ਹਟਣ ਲਈ ਤਿਆਰ ਨਹੀਂ। ਓਧਰ ਇਰਾਨ ਵਾਰ ਵਾਰ ਖਾੜੀ ਦੇ ਮੁਲਕਾਂ ਵਿੱਚ ਅਮਰੀਕਾ ਦੇ ਫੌਜੀ ਬੇਸ ਕੈਂਪਾਂ ਨੂੰ ਨਿਸ਼ਾਨਾ ਬਣਾ ਰਿਹਾ ਹੈ। ਇਨ੍ਹਾਂ ਸਾਰੇ ਮਿਜ਼ਾਇਲੀ ਹਮਲਿਆਂ ਵਿੱਚ ਸੈਂਕੜੇ ਲੋਕ ਮਾਰੇ ਗਏ ਤੇ ਜ਼ਖਮੀ ਹੋਏ ਹਨ। ਸਟੇਟ ਆਫ ਹੌਰਮੂਜ਼ ਇਸ ਯੁੱਧ ਵਿੱਚ ਨਿਰਣਾਇਕ ਮੋੜ ਹੈ, ਕਿਉਂਕਿ ਇਸ ਰਾਹੀਂ ਤੇਲ ਦੁਨੀਆ ਨੂੰ ਸਪਲਾਈ ਹੁੰਦਾ ਹੈ। ਇਰਾਨ ਨੇ ਸਪਸ਼ਟ ਕਰ ਦਿੱਤਾ ਹੈ ਕਿ ਉਹ ਅਮਰੀਕਾ ਤੇ ਉਹਦੇ ਹਮਾਇਤੀਆਂ ਨੂੰ ਇਸ ਰਸਤੇ ਵਿੱਚੋਂ ਨਹੀਂ ਲੰਘਣ ਦੇਵੇਗਾ। ਅਮਰੀਕਾ ਨੂੰ ਆਰਥਕ ਨੁਕਸਾਨ ਪਹੁੰਚਾਉਣ ਲਈ ਉਹਨੇ ਡਾਲਰ ਦੀ ਥਾਂ ਚੀਨੀ ਕਰੰਸੀ ਵਿੱਚ ਤੇਲ ਦਾ ਵਪਾਰ ਸ਼ੁਰੂ ਕਰ ਦਿੱਤਾ ਹੈ। ਇਸ ਨਾਲ ਪੂਰੀ ਦੁਨੀਆ ਊਰਜਾ ਤੇ ਆਰਥਕ ਸੰਕਟ ਵਿੱਚ ਘਿਰੀ ਨਜ਼ਰ ਆਉਂਦੀ ਹੈ।

ਰੂਸ ਦੇ ਇਨਕਲਾਬੀ ਆਗੂ ਤੇ ਚਿੰਤਕ ਲੈਨਿਨ ਨੇ ਇੱਕ ਵਾਰ ਕਿਹਾ ਸੀ ਕਿ-ਪੂੰਜੀਵਾਦ ਜਿੰਨਾ ਜ਼ਿਆਦਾ ਵਿਕਸਤ ਹੋਵੇਗਾ, ਕੱਚੇ ਮਾਲ ਦੀ ਘਾਟ ਓਨੀ ਵਧੇਰੇ ਮਹਿਸੂਸ ਕੀਤੀ ਜਾਵੇਗੀ। ਇਸ ਘਾਟ 'ਤੇ ਕਾਬੂ ਪਾਉਣ ਲਈ ਆਪਸੀ ਹੋੜ ਤੇ ਸਾਰੀ ਦੁਨੀਆ ਵਿੱਚ ਕੱਚੇ ਮਾਲ ਦੇ ਸੋਮਿਆਂ ਦੀ ਭਾਲ ਓਨੀ ਜ਼ਿਆਦਾ ਤੇਜ਼ ਹੁੰਦੀ ਜਾਏਗੀ। ਕੱਚੇ ਮਾਲ ਦੇ ਸੋਮਿਆਂ ਵਾਲੇ ਵਿਭਿੰਨ ਦੇਸ਼ਾਂ 'ਤੇ ਕਬਜ਼ਾ ਕਰਨ ਦੀ ਲੜਾਈ ਸ਼ਰਮਨਾਕ ਰੂਪ ਅਖਤਿਆਰ ਕਰ ਜਾਏਗੀ। ਅੱਜ ਤੇਲ ਦੇ ਕੁਦਰਤੀ ਸੋਮਿਆਂ ਨਾਲ ਭਰਪੂਰ ਖਾੜੀ ਦੇ ਮੁਲਕਾਂ ਨਾਲ ਅਜਿਹਾ ਹੀ ਵਾਪਰ ਰਿਹਾ ਹੈ। ਲਗਾਤਾਰ ਫੈਲ ਰਹੇ ਪੂੰਜੀਵਾਦ ਨੇ ਸਾਰੀ ਦੁਨੀਆ ਦੇ ਕੱਚੇ ਮਾਲ ਦੇ ਸੋਮਿਆਂ ਨੂੰ ਸਿੱਧੇ/ਅਸਿੱਧੇ ਢੰਗ ਨਾਲ ਹੜੱਪਣ ਲਈ ਹਰ ਹਰਬਾ ਵਰਤਿਆ ਹੈ। ਇਸ ਨਾਲ ਦੁਨੀਆ ਵਿੱਚ ਇੱਕ ਅਜਿਹਾ ਅਸਤੁੰਲਨ ਪੈਦਾ ਹੋ ਗਿਆ ਹੈ, ਜਿਸ ਨੇ ਅੰਤਿਮ ਰੂਪ ਵਿੱਚ ਦੇਸ਼ਾਂ ਦੀ ਤਬਾਹੀ, ਮਨੁੱਖੀ ਅਬਾਦੀਆਂ ਦਾ ਘਾਣ, ਸਕੂਲਾਂ, ਹਸਪਤਾਲਾਂ, ਕਾਲਜਾਂ, ਯੂਨੀਵਰਸਿਟੀਆਂ ਅਤੇ ਰਿਹਾਇਸ਼ੀ ਤੇ ਵਪਾਰਕ ਇਮਾਰਤਾਂ ਨੂੰ ਬੇਹੱਦ ਨੁਕਸਾਨ ਪਹੁੰਚਾ ਕੇ, ਉਦਾਸ ਹਨੇਰੇ ਵੱਲ ਧੱਕ ਦਿੱਤਾ ਹੈ, ਜਿਸ ਵਿੱਚ ਆਸ ਦੀ ਕਿਰਨ ਸਿਰਫ ਪੂੰਜੀਵਾਦ ਤੋਂ ਛੁਟਕਾਰੇ ਦੇ ਰੂਪ ਵਿੱਚ ਨਜ਼ਰ ਆਉਂਦੀ ਹੈ। ਤੇਲ ਦੇ ਇਨ੍ਹਾਂ ਸੋਮਿਆਂ ਦੀ ਲੜਾਈ ਹੈ ਕੀ-ਇਹਦੇ ਲਈ ਇਤਿਹਾਸ ਵੱਲ ਜਾਣਾ ਪਵੇਗਾ।

ਜੇ ਵੀਹਵੀਂ ਸਦੀ ਦੇ ਅਰੰਭ ਵਿੱਚ ਪੱਛਮੀ ਏਸ਼ੀਆ ਦੀ ਆਰਥਕਤਾ ਤੇ ਰਾਜਨੀਤੀ ਨੂੰ ਸਮਝਣਾ ਹੋਵੇ ਤਾਂ 'ਤੇਲ' ਲਫਜ਼ ਦੇ ਡੂੰਘੇ ਅਰਥਾਂ ਤੇ ਇਸ ਨਾਲ ਜੁੜੀ ਅਹਿਮੀਅਤ ਨੂੰ ਸਮਝਣਾ ਪਵੇਗਾ। ਇਹ ਇਕੱਲਾ ਸ਼ਬਦ ਇਸ ਖਿੱਤੇ ਦੀ ਹੋਣੀ, ਹਸਤੀ ਤੇ ਖੁਸ਼ਹਾਲੀ ਦਾ ਪ੍ਰਤੀਕ ਹੈ। ਇਹ ਜੰਗ ਤੇ ਅਮਨ ਨਾਲ ਜੁੜੇ ਸਵਾਲਾਂ ਦੇ ਹੱਲ ਦੀ ਕੁੰਜੀ ਹੈ। ਪਹਿਲੇ ਸੰਸਾਰ ਯੁੱਧ ਤੋਂ ਬਾਅਦ ਪੱਛਮੀ ਏਸ਼ੀਆ ਨੂੰ ਆਪਸ ਵਿੱਚ ਵੰਡਣ ਲਈ ਸਾਮਰਾਜੀ ਤਾਕਤਾਂ ਦੀ ਜਦੋ-ਜਹਿਦ; ਲੈਬਨਾਨ ਵਿੱਚ ਵਰ੍ਹਿਆਂ ਤੱਕ ਚੱਲੇ ਯੁੱਧ, ਖਾੜੀ ਦੀ ਜੰਗ, ਬਾਲਕਨ ਯੁੱਧ, ਅਫਗਾਨਿਸਤਾਨ ਵਿੱਚ ਅਮਰੀਕੀ ਦਖਲ ਤੇ ਤਾਲਿਬਾਨਾਂ ਨਾਲ ਯੁੱਧ; ਤੇ ਇਰਾਕ ਖਿਲਾਫ ਬਰਤਾਨੀਆ ਅਤੇ ਅਮਰੀਕਾ ਦੀਆਂ ਵਿਨਾਸ਼ਕਾਰੀ ਜੰਗੀ ਨੀਤੀਆਂ ਦੀ ਘੋਖ ਰਾਹੀਂ ਹੀ ਇਸ ਨੂੰ ਸਮਝਿਆ ਜਾ ਸਕਦਾ ਹੈ।

ਡੇਵਿਡ ਸਮਿੱਥ ਨੇ ਲਿਖਿਆ ਸੀ ਕਿ ਜਦੋਂ ਵੀਹਵੀਂ ਸਦੀ ਦਾ ਇਤਿਹਾਸ ਲਿਖਿਆ ਜਾਵੇਗਾ ਤਾਂ ਸੰਦਰਭ ਸੂਚੀ ਵਿੱਚ 'ਤੇਲ' ਸ਼ਬਦ ਕਿਸੇ ਵੀ ਦੂਸਰੇ ਸ਼ਬਦ ਦੇ ਮੁਕਾਬਲੇ ਵੱਧ ਵਾਰ ਆਵੇਗਾ। ਦੁਨੀਆ ਭਰ ਵਿੱਚ ਤੇਲ ਦੇ ਦੋ-ਤਿਹਾਈ ਭੰਡਾਰ ਇਕੱਲੇ ਪੱਛਮੀ ਏਸ਼ੀਆ ਵਿੱਚ ਹਨ। ਖਾੜੀ ਲੀਗ ਦੇ ਦੇਸ਼ਾਂ ਵਿੱਚ ਬਹਿਰੀਨ, ਕੁਵੈਤ, ਓਮਾਨ, ਕਤਰ, ਸਾਊਦੀ ਅਰਬ ਤੇ ਸੰਯੁਕਤ ਅਰਬ ਅਮੀਰਾਤ ਦੁਨੀਆ ਭਰ ਦੇ ਲਗਪਗ ਅੱਧੇ ਤੇਲ ਭੰਡਾਰਾਂ ਤੇ ਕੁਦਰਤੀ ਗੈਸ ਦੇ 15 ਫੀਸਦੀ ਭੰਡਾਰਾਂ ਦੇ ਮਾਲਕ ਹਨ।

ਤੇਲ ਦਾ ਮਹੱਤਵ ਇਸ ਲਈ ਵੀ ਵਧੇਰੇ ਹੈ ਕਿਉਂਕਿ ਵੀਹਵੀਂ ਸਦੀ ਦੇ ਅਰੰਭ ਤੋਂ ਹੀ ਇਹ ਰਵਾਇਤੀ ਊਰਜਾ ਦੇ ਮੁਕਾਬਲੇ ਊਰਜਾ ਦਾ ਪ੍ਰਮੁੱਖ ਸਰੋਤ ਬਣ ਗਿਆ ਹੈ। ਇਕੀਵੀਂ ਸਦੀ ਵਿੱਚ ਇਸ ਦੀ ਵਰਤੋਂ ਤੇ ਮੰਗ ਬੇਤਹਾਸ਼ਾ ਵੱਧ ਗਈ ਹੈ। ਇਸ ਤੋਂ ਬਿਨਾ ਵਿਕਾਸ ਦਾ ਕੋਈ ਟੀਚਾ ਪੂਰਾ ਨਹੀਂ ਕੀਤਾ ਜਾ ਸਕਦਾ। ਇੱਥੋਂ ਤੱਕ ਕਿ ਜਿਨ੍ਹਾਂ ਮੁਲਕਾਂ ਕੋਲ ਇਸ ਦੇ ਅਲਪ ਭੰਡਾਰ ਹਨ, ਉਨ੍ਹਾਂ ਨੂੰ ਲੱਗਦਾ ਹੈ, ਜਦੋਂ ਕੁਝ ਦਹਾਕਿਆਂ ਵਿੱਚ ਉਹ ਖਤਮ ਹੋ ਗਏ ਤਾਂ ਉਹ ਕੀ ਕਰਨਗੇ। ਇਸੇ ਕਰਕੇ ਅਮਰੀਕਾ ਵਰਗਾ ਮੁਲਕ ਇਨ੍ਹਾਂ 'ਤੇ ਕਾਬਜ ਹੋ ਕੇ ਛੋਟੇ ਛੋਟੇ ਮੁਲਕਾਂ ਨੂੰ ਆਪਣੇ ਦਾਬੇ ਹੇਠ ਰੱਖਣਾ ਚਾਹੁੰਦਾ ਹੈ ਤਾਂ ਕਿ ਉਨ੍ਹਾਂ ਦੀ ਆਰਥਕ ਲੁੱਟ ਕਰ ਸਕੇ। ਇਸੇ ਕੜੀ ਨੂੰ ਅੰਜਾਮ ਦਿੰਦਿਆਂ ਉਸ ਨੇ ਵੈਨੇਜ਼ੂਏਲਾ ਵਿੱਚ ਜੋ ਕੁਝ ਕੀਤਾ, ਉਹ ਦੁਨੀਆ ਸਾਹਮਣੇ ਹੈ। ਓਥੋਂ ਦੇ ਰਾਸ਼ਟਰਪਤੀ ਨੂੰ ਜਬਰੀ ਚੁੱਕ ਕੇ ਆਪਣੀ ਮਰਜ਼ੀ ਦਾ ਰਾਜ ਭਾਗ ਸਥਾਪਤ ਕਰਕੇ ਓਥੋਂ ਦੇ ਕੁਦਰਤੀ ਤੇਲ ਭੰਡਾਰਾਂ ਨੂੰ ਲੁੱਟਣ ਦਾ ਰਾਹ ਪੱਧਰਾ ਕਰ ਲਿਆ ਹੈ। ਇਹ ਵੀ ਸਪਸ਼ਟ ਹੈ ਕਿ ਅਜੇ ਤੱਕ ਤੇਲ ਤੋਂ ਇਲਾਵਾ ਹੋਰ ਕੋਈ ਭਵਿੱਖੀ ਊਰਜਾ ਦਾ ਸੋਮਾ ਨਜ਼ਰ ਨਹੀਂ ਆਉਂਦਾ।

ਜੇ ਤੇਲ ਦੀ ਖੋਜ ਦੇ ਇਤਿਹਾਸ 'ਤੇ ਪੰਛੀ ਝਾਤ ਮਾਰੀਏ ਤਾਂ ਬੜੀ ਦਿਲਚਸਪ ਸਥਿਤੀ ਨਜ਼ਰ ਆਉਂਦੀ ਹੈ। ਪਹਿਲੇ ਸੰਸਾਰ ਯੁੱਧ ਤੱਕ ਬਰਤਾਨੀਆ ਪੱਛਮੀ ਏਸ਼ੀਆ ਦੀ ਮੁੱਖ ਸ਼ਕਤੀ ਸੀ। ਇਸ ਖੇਤਰ ਵਿੱਚ ਬਰਤਾਨੀਆ ਦੇ ਹਿੱਤ ਬਸਤੀਵਾਦੀ ਭਾਰਤ ਨਾਲ ਜੁੜੇ ਹੋਏ ਸਨ। 19ਵੀਂ ਸਦੀ ਦੇ ਅੰਤ ਤੱਕ ਬਰਤਾਨੀਆ ਦੇ ਨਿਰਯਾਤ ਤੇ ਨਿਵੇਸ਼ ਦਾ 20 ਫੀਸਦੀ ਹਿੱਸਾ ਭਾਰਤ ਤੋਂ ਆਉਂਦਾ ਸੀ। ਭਾਰਤ ਵੱਲ ਜਾਂਦੇ ਸਮੁੰਦਰੀ ਮਾਰਗਾਂ ਦੀ ਸੁਰੱਖਿਆ ਤੇ ਦੂਸਰੀਆਂ ਦੁਸ਼ਮਣ ਤਾਕਤਾਂ ਦੇ ਖਤਰੇ ਦੇ ਡਰ ਕਾਰਨ ਬਰਤਾਨੀਆ ਨੇ ਅਰਬ ਸਾਗਰ ਦੇ ਦੋ ਤਿਹਾਈ ਤੱਟੀ ਇਲਾਕੇ ਨੂੰ ਆਪਣੇ ਕੰਟਰੋਲ ਵਿੱਚ ਕਰ ਲਿਆ ਸੀ। ਅਦਨ ਤੋਂ ਲੈ ਕੇ ਮਸਕਟ, ਦੁਬਈ, ਆਬੂਧਾਬੀ, ਕਤਰ, ਬਹਿਰੀਨ ਤੋਂ ਹੁੰਦੇ ਹੋਏ ਕੁਵੈਤ ਤੱਕ ਦੇ ਇਲਾਕੇ ਉਹਦੀ ਨੱਕ ਹੇਠ ਸਨ। 1882 ਵਿੱਚ ਮਿਸਰ 'ਤੇ ਕਬਜੇ ਦੇ ਨਾਲ ਹੀ ਇਹ ਘੇਰਾ ਪੂਰਾ ਹੋ ਗਿਆ ਤੇ ਲਾਲ ਸਾਗਰ ਦੇ ਨਾਲ ਹੀ ਫਾਰਸ ਦੀ ਖਾੜੀ ਤੱਕ ਬਰਤਾਨੀਆ ਦਾ ਕਬਜਾ ਹੋ ਗਿਆ। ਤੇਲ ਦੀ ਖੋਜ ਨਾਲ ਇਸ ਖਿੱਤੇ ਵਿੱਚ ਬਰਤਾਨੀਆ ਦੇ ਹਿੱਤ ਹੋਰ ਮਹੱਤਵਪੂਰਨ ਹੋ ਗਏ। 26 ਮਈ 1908 ਦਾ ਉਹ ਇਤਿਹਾਸਕ ਦਿਹਾੜਾ ਸੀ, ਜਦੋਂ ਫਾਰਸ (ਇਰਾਨ) ਵਿੱਚ ਅਬਾਦਾਨ ਕੋਲ ਬੰਜਰ ਜ਼ਮੀਨ ਵਿੱਚੋਂ 50 ਫੁੱਟ ਉਚਾ ਤੇਲ ਦਾ ਫੁਹਾਰਾ ਫੁੱਟ ਪਿਆ। ਇਹਦੇ ਨਾਲ ਫਾਰਸ ਤੇ ਪੱਛਮੀ ਏਸ਼ੀਆ ਵਿੱਚ ਹੀ ਨਹੀਂ ਸਗੋਂ ਪੂਰੀ ਦੁਨੀਆ ਵਿੱਚ ਉਥਲ ਪੁੱਥਲ ਸ਼ੁਰੂ ਹੋ ਗਈ।

ਜਿਉਂ ਜਿਉਂ ਤੇਲ ਦੀ ਪੈਦਾਵਾਰ ਵਧਣ ਲੱਗੀ, ਤਿਵੇਂ ਤਿਵੇਂ ਇਹਦੀ ਖਪਤ ਤੇ ਮੰਗ ਜ਼ੋਰਾਂ 'ਤੇ ਹੋ ਗਈ। ਇਸ ਨਾਲ ਦੁਨੀਆ ਵਿੱਚ ਊਰਜਾ ਕ੍ਰਾਂਤੀ ਦਾ ਨਵਾਂ ਦੌਰ ਸ਼ੁਰੂ ਹੋਇਆ। ਇਹ ਸਾਮਰਾਜੀ ਉਦਯੋਗਾਂ ਦੀ ਮੁੱਖ ਖੁਰਾਕ ਦੇ ਨਾਲ ਨਾਲ ਉਹਦੇ ਯੁੱਧ ਤੰਤਰਾਂ ਦੀ ਪ੍ਰਮੁੱਖ ਚਾਲਕ ਸ਼ਕਤੀ ਬਣ ਗਿਆ। ਬੋਰਨੀਓ ਵਿੱਚ ਤੇਲ ਖੇਤਰਾਂ ਦੀ ਮਾਲਕ ਤੇ ਦੁਨੀਆ ਭਰ ਵਿੱਚ ਤੇਲ ਦੀ ਪ੍ਰਮੁੱਖ ਕਾਰੋਬਾਰੀ ਕੰਪਨੀ ਸ਼ੈਲ ਦਾ ਸੰਸਥਾਪਕ ਮਾਰਕਸ ਸੈਮੂਅਲ ਬਰਤਾਨੀਆ 'ਤੇ ਲਗਾਤਾਰ ਦਬਾਅ ਪਾ ਰਿਹਾ ਸੀ ਕਿ ਉਹ ਸਮੁੰਦਰੀ ਫੌਜ ਲਈ ਤੇਲ ਦੀ ਵਰਤੋਂ ਕਰੇ। 1911 ਵਿੱਚ ਉਹ ਆਪਣੇ ਮਿਸ਼ਨ ਵਿੱਚ ਕਾਮਯਾਬ ਹੋ ਗਿਆ; ਪਰ ਬਰਤਾਨਵੀ ਸਾਮਰਾਜ ਨੇ ਕੂਟਨੀਤੀ ਵਰਤਦਿਆਂ ਸਮਝੌਤਾ ਸ਼ੈੱਲ ਕੰਪਨੀ ਦੀ ਬਜਾਏ ਬਰਮਾ ਆਇਲ ਕੰਪਨੀ ਨਾਲ ਕਰ ਲਿਆ। ਤੇਲ ਦੇ ਮਹੱਤਵ ਨੇ ਓਦੋਂ ਸਿਖਰ ਛੋਹ ਲਈ, ਜਦੋਂ ਪਹਿਲੇ ਸੰਸਾਰ ਯੁੱਧ ਤੋਂ ਸਿਰਫ਼ ਕੁਝ ਮਹੀਨੇ ਪਹਿਲਾਂ ਬਰਤਾਨਵੀ ਸਰਕਾਰ ਨੇ ਐਂਗਲੋ-ਪਰਸ਼ੀਅਨ ਕੰਪਨੀ (ਜੋ 1951 ਤੋਂ ਬਾਅਦ ਬ੍ਰਿਟਿਸ਼ ਪੈਟਰੋਲੀਅਮ ਕੰਪਨੀ ਬਣ ਗਈ) ਵਿੱਚ 51 ਫੀਸਦੀ ਦੀ ਹਿੱਸੇਦਾਰੀ ਸਿਰਫ਼ 20 ਲੱਖ ਪੌਂਡਾਂ ਵਿੱਚ ਖਰੀਦ ਲਈ। ਇਸ ਕੰਪਨੀ ਕੋਲ ਇਰਾਨ ਦੇ 480,000 ਵਰਗ ਮੀਲ ਇਲਾਕੇ ਵਿੱਚ ਤੇਲ ਦੀ ਖੋਜ ਕਰਨ ਤੇ ਇਸਨੂੰ ਕੱਢਣ ਦਾ ਠੇਕਾ ਸੀ। ਤਹਿਰਾਨ ਦੇ ਮੰਤਰੀ ਨੇ 1901 ਵਿੱਚ ਸਿਰਫ ਵੀਹ ਹਜ਼ਾਰ ਪੌਂਡਾਂ ਦੀ ਨਕਦੀ, ਇੱਕ ਇੱਕ ਪੌਂਡ ਦੇ ਵੀਹ ਹਜ਼ਾਰ ਸ਼ੇਅਰਾਂ ਤੇ ਮੁਨਾਫੇ ਦੇ 16 ਫੀਸਦੀ ਹਿੱਸੇ ਬਦਲੇ ਤੇਲ ਵਾਲਾ ਇਹ ਵਿਸ਼ਾਲ ਇਲਾਕਾ ਉਸਨੂੰ ਦੇ ਦਿੱਤਾ।

ਪਹਿਲੇ ਸੰਸਾਰ ਯੁੱਧ ਵਿੱਚ ਤੇਲ ਦੀ ਨਿਭਾਈ ਭੂਮਿਕਾ ਦੇ ਮੱਦੇਨਜ਼ਰ ਹੀ ਲਾਰਡ ਕਰਜ਼ਨ ਨੇ ਕਿਹਾ ਸੀ- ਮਿੱਤਰ ਦੇਸ਼ ਤੇਲ ਦੀ ਲਹਿਰ 'ਤੇ ਸਵਾਰ ਹੋ ਕੇ ਜਿੱਤ ਤੱਕ ਪਹੁੰਚ ਜਾਣਗੇ। ਇਹ ਯੁੱਧ ਤੇਲ ਨਾਲ ਚੱਲਣ ਵਾਲੇ ਟੈਂਕਾਂ, ਹਵਾਈ ਜਹਾਜ਼ਾਂ ਤੇ ਮੋਟਰ ਗੱਡੀਆਂ ਨਾਲ ਲੜਿਆ ਗਿਆ ਸੀ। ਇਸ ਤੋਂ ਸਾਮਰਾਜੀ ਸਰਕਾਰਾਂ ਨੂੰ ਇਸ ਗੱਲ ਦਾ ਅਹਿਸਾਸ ਹੋ ਗਿਆ ਕਿ ਆਪਸੀ ਹੋੜ ਤੋਂ ਸਿਰਫ਼ ਉਹੀ ਬਚਿਆ ਰਹਿ ਸਕੇਗਾ, ਜਿਸ ਕੋਲ ਤੇਲ ਦੇ ਅਖੁਟ (ਨਾ ਮੁੱਕਣ ਵਾਲੇ) ਭੰਡਾਰਾਂ 'ਤੇ ਵੱਧ ਤੋਂ ਵੱਧ ਕਬਜਾ ਹੋਵੇਗਾ। ਇਸ ਬਾਰੇ ਫਰਾਂਸੀਸੀ ਸਰਕਾਰ ਦੇ ਵਣਜ ਪ੍ਰਤੀਨਿਧੀ ਹੈਨਰੀ ਬੋਰਿੰਜੇ ਨੇ 1918 ਵਿੱਚ ਕਿਹਾ ਸੀ- ਤੇਲ ਭੰਡਾਰਾਂ 'ਤੇ ਜਿਸ ਦਾ ਕਬਜਾ ਹੋਵੇਗਾ, ਦੁਨੀਆ 'ਤੇ ਵੀ ਉਹੀ ਕਾਬਜ਼ ਹੋਵੇਗਾ, ਕਿਉਂਕਿ ਇਨ੍ਹਾਂ ਤੇਲ ਭੰਡਾਰਾਂ ਦੀ ਬਦੌਲਤ ਉਹ ਸਾਗਰਾਂ 'ਤੇ ਰਾਜ ਕਰੇਗਾ, ਸੋਧੇ ਹੋਏ ਚਿੱਟੇ ਤੇਲ ਦੀ ਬਦੌਲਤ ਹਵਾ ਤੇ ਅਕਾਸ਼ਾਂ 'ਤੇ ਰਾਜ ਕਰੇਗਾ। ਪੈਟਰੋਲ ਤੇ ਕੱਚੇ ਤੇਲ ਦੇ ਹੋਰ ਪਦਾਰਥਾਂ ਦੀ ਬਦੌਲਤ ਧਰਤੀ 'ਤੇ ਰਾਜ ਕਰੇਗਾ। ਇਸ ਤੋਂ ਇਲਾਵਾ ਤੇਲ ਤੋਂ ਕਮਾਈ ਜਾਣ ਵਾਲੀ ਬੇਸ਼ੁਮਾਰ ਦੌਲਤ ਦੇ ਬਲਬੂਤੇ ਉਹ ਦੁਨੀਆ ਭਰ ਦੇ ਦੇਸ਼ਾਂ ਦੀ ਆਰਥਕਤਾ ਨੂੰ ਆਪਣੀ ਮੁੱਠੀ ਵਿੱਚ ਕਰ ਸਕੇਗਾ। ਇਸ ਲਈ ਜਿਸ ਦਾ ਤੇਲ ਦੇ ਭੰਡਾਰਾਂ 'ਤੇ ਕਬਜਾ ਹੋਵੇਗਾ, ਉਸ ਕੋਲ ਹੀ ਦੁਨੀਆ ਦੇ ਸਾਮਰਾਜ ਦੀ ਕਲਗੀ ਹੋਵੇਗੀ। ਖਾੜੀ ਦੇ ਵਰਤਮਾਨ ਯੁੱਧ ਨੇ ਇਸ ਕਥਨ 'ਤੇ ਮੋਹਰ ਲਾ ਦਿੱਤੀ ਹੈ।

ਯੁੱਧ ਦੇ ਖਾਤਮੇ ਤੋਂ ਬਾਅਦ ਸਾਮਰਾਜੀ ਤਾਕਤਾਂ ਵਿੱਚ ਤੇਲ 'ਤੇ ਕਬਜਾ ਕਰਨ ਲਈ ਜਬਰਦਸਤ ਜੱਦੋ-ਜਹਿਦ ਸ਼ੁਰੂ ਹੋ ਗਈ। ਹਰ ਇੱਕ ਨੂੰ ਇਹ ਡਰ ਸਤਾ ਰਿਹਾ ਸੀ ਕਿ ਇਸ ਮਹੱਤਵਪੂਰਨ ਮਾਲ 'ਤੇ ਕਿਸੇ ਹੋਰ ਦਾ ਏਕਾਧਿਕਾਰ ਨਾ ਸਥਾਪਤ ਹੋ ਜਾਵੇ। ਕਬਜਾ ਕਰਨ ਦੀ ਇਸ ਹੋੜ ਵਿੱਚ ਹਰ ਕੋਈ ਨੀਚ ਤੋਂ ਨੀਚ ਚਾਲ ਚੱਲਣ ਲਈ ਤਿਆਰ ਸੀ। ਆਪਸੀ ਹਿੱਤਾਂ ਦੇ ਟਕਰਾਅ ਵਿੱਚ ਕੋਈ ਕਿਸੇ ਦਾ ਮਿੱਤਰ ਨਹੀਂ ਸੀ। ਇੰਜ ਲੱਗ ਰਿਹਾ ਸੀ ਜਿਵੇਂ ਪੱਛਮੀ ਏਸ਼ੀਆ ਦੇ ਨਕਸ਼ੇ 'ਤੇ ਤੇਲ ਦੀ ਬਿਸਾਤ ਵਿੱਛੀ ਹੋਵੇ ਤੇ ਹਰ ਕੋਈ ਆਪਣੀ ਚਾਲ ਨਾਲ ਦੂਜੇ ਨੂੰ ਮਾਤ ਦੇਣ ਲਈ ਤਿਆਰ ਹੋਵੇ। ਬਰਤਾਨਵੀਂ ਤੇ ਫਰਾਂਸੀਸੀ ਬਸਤੀਵਾਦੀਆਂ ਲਈ ਪੱਛਮੀ ਏਸ਼ੀਆ ਉਂਜ ਹੀ ਸੀ ਜਿਵੇਂ ਅਮਰੀਕਾ ਲਈ ਟੈਕਸਸ। ਇਸ ਲਈ ਇਹ ਦੋਵੇਂ ਅਮਰੀਕਾ ਨੂੰ ਇਸ ਹੋੜ ਵਿੱਚੋਂ ਬਾਹਰ ਰੱਖਣਾ ਚਾਹੁੰਦੇ ਸਨ, ਜਦ ਕਿ ਅਮਰੀਕਾ 'ਖੁਲ੍ਹੇ ਦਰਵਾਜ਼ੇ' ਵਾਲੀ ਨੀਤੀ ਦਾ ਹਾਮੀ ਸੀ। ਓਧਰ ਅੱਤਾਮਾਨ ਦੀ ਸਰਕਾਰ ਦੇ ਟੁੱਟਣ ਨਾਲ ਬਰਤਾਨੀਆ ਤੇ ਫਰਾਂਸ ਨੇ ਉਹਦੇ ਇਲਾਕੇ, ਖਾਸ ਕਰਕੇ ਮੈਸੋਪੋਟੇਮੀਆ (ਜੋ ਬਾਅਦ ਵਿੱਚ ਇਰਾਕ ਬਣ ਗਿਆ) ਵਿੱਚ ਟਿਗਰਿਸ (ਦਜਲਾ) ਦੇ ਇਲਾਕੇ ਬਗਦਾਦ ਤੇ ਮੋਸੂਲ ਨੂੰ ਆਪਸ ਵਿੱਚ ਵੰਡ ਲਿਆ। ਇਨ੍ਹਾਂ ਇਲਾਕਿਆਂ ਵਿੱਚ ਉਨ੍ਹਾਂ ਨੂੰ ਤੇਲ ਦੇ ਵੱਡੇ ਭੰਡਾਰ ਮਿਲਣ ਦੀ ਆਸ ਸੀ, ਜੋ ਬਾਅਦ ਵਿੱਚ ਸੱਚ ਸਾਬਤ ਹੋਈ।

ਯੁੱਧ ਤੋਂ ਕੁਝ ਚਿਰ ਪਹਿਲਾਂ 1914 ਵਿੱਚ ਗੁਲਬੇਂਕਿਆਨ ਨੇ 'ਟਰਕਿਸ਼ ਪੈਟਰੋਲੀਅਮ ਕੰਪਨੀ' ਬਣਾਈ। ਇਸ ਵਿੱਚ ਬਰਮਾ ਪੈਟਰੋਲੀਅਮ ਦੀ 50 ਤੇ ਗੁਲਬੇਂਕਿਆਨ ਦੀ 5 ਫੀਸਦੀ ਦੀ ਹਿੱਸੇਦਾਰੀ ਸੀ। ਬਾਕੀ ਬਚਦੇ ਸ਼ੇਅਰ ਸ਼ੈੱਲ ਆਇਲ ਤੇ ਜਰਮਨੀ ਦੇ ਡਾਇਚੇ ਬੈਂਕ ਦੇ ਸਨ। ਯੁੱਧ ਦੌਰਾਨ ਸੰਧੀ ਟੁੱਟ ਗਈ। ਪਰ ਤੁਰਕੀ ਦੇ ਅਧਿਕਾਰੀਆਂ ਨੇ ਇਸ ਨੂੰ ਨਵੇਂ ਸਿਰਿਓਂ ਵਿਓਂਤਿਆ। ਤੁਰਕੀ ਨਾਲ ਹੋਈ ਸੰਧੀ ਵਿੱਚ ਅੱਤਾਮਾਨ ਦੇ ਅਰਬੀ ਇਲਾਕਿਆਂ ਨੂੰ ਬਰਤਾਨੀਆ ਤੇ ਫਰਾਂਸ ਵਿੱਚ ਵੰਡ ਦਿੱਤਾ ਗਿਆ। ਇਸ ਵੰਡ ਤੋਂ ਅਮਰੀਕਾ ਨੂੰ ਲਾਂਭੇ ਰੱਖਿਆ ਗਿਆ।

ਇਸ ਤੋਂ ਅਮਰੀਕਾ ਬੁਰੀ ਤਰ੍ਹਾਂ ਤਿਲਮਿਲਾ ਉਠਿਆ। ਲਗਾਤਾਰ ਦਬਾਅ ਤੇ ਦਾਬੇ ਕਾਰਨ ਅਖੀਰ ਬਰਤਾਨੀਆ ਨੇ ਟਰਕਿਸ਼ ਪੈਟਰੋਲੀਅਮ ਦੇ 20 ਫੀਸਦੀ ਸ਼ੇਅਰ 1922 ਵਿੱਚ ਅਮਰੀਕਾ ਨੂੰ ਦੇ ਦਿੱਤੇ। 1925 ਵਿੱਚ ਨਵੀਂ ਇਰਾਕੀ ਸਰਕਾਰ ਨੇ ਟਰਕਿਸ਼ ਪੈਟਰੋਲੀਅਮ ਕੰਪਨੀ (ਜਿਸਦਾ ਬਾਅਦ ਵਿੱਚ ਇਰਾਕ ਪੈਟਰੋਲੀਅਮ ਕੰਪਨੀ ਵਜੋਂ ਨਾਮਕਰਨ ਕਰ ਦਿੱਤਾ ਗਿਆ) ਨਾਲ ਸੰਧੀ ਕੀਤੀ। ਇਸ ਤਹਿਤ ਆਈ.ਪੀ.ਸੀ. ਨੂੰ ਸਾਲ 2000 ਤੱਕ ਇਰਾਕ ਵਿੱਚ ਤੇਲ ਦੀ ਖੋਜ ਤੇ ਉਤਪਾਦਨ ਦਾ ਠੇਕਾ ਦਿੱਤਾ ਗਿਆ। ਇਸ ਵਿੱਚ ਅਮਰੀਕਾ ਦਾ 23.7 ਤੇ ਫਰਾਂਸ ਦਾ 24 ਫੀਸਦੀ ਹਿੱਸਾ ਸੀ। ਇਸਦੇ ਦੋ ਵਰ੍ਹਿਆਂ ਬਾਅਦ ਹੀ ਆਈ.ਪੀ.ਸੀ. ਦੇ ਹੱਥ ਸੋਨੇ ਦੇ ਅਖੁਟ ਭੰਡਾਰ ਵਾਲੀ ਖਾਣ ਹੱਥ ਲੱਗ ਗਈ। 'ਇਤਿਹਾਸ ਦੇ ਸਭ ਤੋਂ ਸ਼ਾਨਦਾਰ ਤੇਲ ਭੰਡਾਰਾਂ ਵਿੱਚੋਂ ਇੱਕ ਦਾ ਉਸ ਨੂੰ ਪਤਾ ਲੱਗ ਗਿਆ।'

ਇਸੇ ਦੌਰਾਨ 1927 ਵਿੱਚ ਇਬੂ-ਬਿਨ-ਸਾਊਦ ਦੀ ਮਾਰੂਥਲੀ ਫੌਜ ਨੇ ਵਿਰੋਧੀ ਕਬੀਲਿਆਂ ਨੂੰ ਕਾਬੂ ਕਰ ਕੇ ਸਾਊਦੀ ਅਰਬ ਵਿੱਚ ਰਜਵਾੜਾਸ਼ਾਹੀ ਦੀ ਸਥਾਪਨਾ ਕੀਤੀ। ਇਸੇ ਤਹਿਤ ਉਹਨੇ ਸ਼ਾਹ ਦੀ ਪਦਵੀ ਧਾਰਨ ਕਰ ਲਈ। ਹੈਰੀਸੈਂਟ ਜਾਨ ਫਿਲਬੀ, ਜੋ ਇੱਕ ਅੰਗਰੇਜ਼ ਸੀ, ਅੰਗਰੇਜ਼ੀ ਹਕੂਮਤ ਨਾਲ ਕਿਸੇ ਗੱਲੋਂ ਨਾਰਾਜ਼ ਹੋ ਕੇ ਸਾਊਦੀ ਅਰਬ ਆ ਗਿਆ ਤੇ ਇਸਲਾਮ ਕਬੂਲ ਕਰ ਲਿਆ। ਉਹਦੀ ਸਲਾਹ 'ਤੇ ਹੀ ਇਬੂ-ਬਿਨ ਨੇ ਅਮਰੀਕੀ ਤੇਲ ਕੰਪਨੀ ਸੋਕਾਲ ਨੂੰ ਸਿਰਫ ਪੰਜਾਹ ਹਜ਼ਾਰ ਪੌਂਡ ਦੇ ਸੋਨੇ ਤੇ ਪੰਜ ਹਜ਼ਾਰ ਪੌਂਡ ਸਾਲਾਨਾ ਕਿਰਾਏ 'ਤੇ ਤੇਲ ਕੱਢਣ ਦਾ ਠੇਕਾ ਦੇ ਦਿੱਤਾ। ਉਹਨੇ ਅੱਗੋਂ ਟੈਕਸਾਕੋ ਕੰਪਨੀ ਨਾਲ ਹਿੱਸੇਦਾਰੀ ਕਰ ਲਈ, ਜਿਸ ਕੋਲ ਤੇਲ ਦੀ ਖਪਤ ਲਈ ਕੌਮਾਂਤਰੀ

⇒ ਬਾਕੀ ਅਗਲੇ ਸਫੇ ਉਤੇ ਪੜ੍ਹੋ

# ਖਾੜੀ ਯੁੱਧ ਤੇ ਤੇਲ ਸੰਕਟ ਬਨਾਮ ਤੇਲ ਸਾਮਰਾਜ

*...ਪਿਛਲੇ ਸਫੇ ਦੀ ਬਾਕੀ ⇒*

ਪੱਧਰ ਉੱਤੇ ਵੱਡਾ ਬਾਜ਼ਾਰ ਸੀ। ਟੈਕਸਾਕੋ ਨੇ 1936 ਵਿੱਚ ਸੋਕਾਲ ਦੇ ਸਾਊਦੀ ਅਰਬ ਵਿਚਲੇ ਕਾਰੋਬਾਰ ਦਾ ਅੱਧਾ ਹਿੱਸਾ ਖਰੀਦ ਲਿਆ।

ਦੂਸਰੇ ਸੰਸਾਰ ਯੁੱਧ ਤੋਂ ਕੁਝ ਚਿਰ ਪਹਿਲਾਂ ਮਈ 1939 ਵਿੱਚ ਸਾਊਦੀ ਅਰਬ ਨੇ ਤੇਲ ਖੇਤਰਾਂ ਵਿੱਚੋਂ ਉਤਪਾਦਨ ਸ਼ੁਰੂ ਕਰ ਦਿੱਤਾ। ਜ਼ਮੀਨ ਵਿੱਚੋਂ ਨਿਕਲ ਕੇ ਵਹਿੰਦੇ ਤੇਲ ਦੇ ਦ੍ਰਿਸ਼ ਨੇ ਸਾਊਦੀ ਅਰਬ ਦੇ ਸ਼ਾਹ ਨੂੰ ਏਨਾ ਖ਼ੁਸ਼ ਕਰ ਦਿੱਤਾ ਕਿ ਉਸ ਨੇ ਸੋਕਾਲ ਨੂੰ ਦਿੱਤੇ ਇਲਾਕੇ ਦਾ ਖੇਤਰਫਲ ਵਧਾ ਕੇ 444,000 ਵਰਗ ਮੀਲ ਕਰ ਦਿੱਤਾ। 23 ਦਸੰਬਰ 1934 ਨੂੰ ਐਂਗਲੋ-ਪਰਸ਼ੀਅਨ ਤੇ ਅਮਰੀਕਾ ਦੀ ਗ਼ਲਫ਼ ਕੰਪਨੀ ਨੂੰ ਕੁਵੈਤ ਦੇ ਤੇਲ ਖੇਤਰਾਂ ਵਿੱਚੋਂ ਤੇਲ ਕੱਢਣ ਦਾ ਠੇਕਾ ਮਿਲ ਗਿਆ ਸੀ। 1938 ਵਿੱਚ ਇੱਥੋਂ ਭਰਪੂਰ ਮਾਤਰਾ ਵਿੱਚ ਤੇਲ ਮਿਲਿਆ।

ਸਾਊਦੀ ਅਰਬ ਦੇ ਵਿਸ਼ਾਲ ਕੁਦਰਤੀ ਸਰੋਤਾਂ ਵਾਲੇ ਕਾਰੋਬਾਰ ਦੇ ਪੂਰੀ ਤਰ੍ਹਾਂ ਅਮਰੀਕੀ ਤੇਲ ਕੰਪਨੀਆਂ ਦੇ ਹੱਥਾਂ ਵਿੱਚ ਚਲੇ ਜਾਣ ਨਾਲ ਪੱਛਮੀ ਏਸ਼ੀਆ ਵਿੱਚ ਸ਼ਕਤੀ ਦਾ ਸੰਤੁਲਨ ਵਿਗੜ ਗਿਆ। ਇਸ ਖ਼ਿੱਤੇ ਵਿਚਲੀ ਬਰਤਾਨਵੀ ਤੇ ਫਰਾਂਸੀਸੀ ਚੌਧਰ ਖਤਮ ਕਰਕੇ ਅਮਰੀਕੀ ਸਾਮਰਾਜ ਨੇ ਆਪਣੇ ਝੰਡੇ ਗੱਡ ਦਿੱਤੇ। ਇਸੇ ਕਰਕੇ ਰਾਸ਼ਟਰਪਤੀ ਰੂਜ਼ਵੈਲਟ ਨੇ ਆਪਣੇ ਇੱਕ ਖਤ ਵਿੱਚ ਲਿਖਿਆ ਸੀ- ਮੈਂ ਸਮਝਦਾ ਹਾਂ ਕਿ ਸਾਊਦੀ ਅਰਬ ਦੀ ਰੱਖਿਆ ਅਮਰੀਕੀ ਰੱਖਿਆ ਲਈ ਬੇਹੱਦ ਮਹੱਤਵਪੂਰਨ ਹੈ।' ਸਾਊਦੀ ਅਰਬ ਨੂੰ ਸੁਰੱਖਿਆ ਦੇਣ ਦੀ ਇਹ ਅਮਰੀਕੀ ਸਾਮਰਾਜ ਦੀ ਪ੍ਰਤੀਬੱਧਤਾ ਦਾ ਐਲਾਨ ਤਾਂ ਸੀ ਹੀ, ਨਾਲ ਹੀ ਯੁੱਧ ਵਿੱਚ ਉਹਦੇ ਜੋਟੀਦਾਰ ਰਹੇ ਬਰਤਾਨਵੀ ਸਾਮਰਾਜ ਲਈ ਵੀ ਇੱਕ ਚੇਤਾਵਨੀ ਸੀ ਕਿ ਉਹ ਸਾਊਦੀ ਅਰਬ ਤੋਂ ਦੂਰ ਹੀ ਰਹੇ। ਅਮਰੀਕੀ ਸਾਮਰਾਜੀਆਂ ਦੇ ਕਦਮ ਜਿੱਥੇ ਨਹੀਂ ਸਨ ਪਹੁੰਚਦੇ, ਓਥੇ ਉਹ ਖੁੱਲ੍ਹੇ ਦਰਵਾਜ਼ੇ ਵਾਲੀ ਨੀਤੀ 'ਤੇ ਅੜ ਜਾਂਦੇ ਤੇ ਅੰਦਰ ਵੜਦਿਆਂ ਹੀ ਪੂਰੇ ਜ਼ੋਰ ਨਾਲ ਧੱਕ ਕੇ ਦਰਵਾਜ਼ਾ ਬੰਦ ਕਰ ਦਿੰਦੇ। ਵਰਤਮਾਨ ਲੜਾਈ ਵਿੱਚ ਅਮਰੀਕਾ ਇਜ਼ਰਾਇਲ ਨੂੰ ਮੋਹਰਾ ਬਣਾ ਕੇ ਇਰਾਨ ਵਿੱਚ ਆਪਣੀ ਚੌਧਰ ਕਾਇਮ ਕਰਨ ਦੇ ਆਹਰ ਵਿੱਚ ਹੈ; ਪਰ ਇਹ ਬਾਜ਼ੀ ਇਸ ਵਾਰ ਪੁੱਠੀ ਪੈਂਦੀ ਨਜ਼ਰ ਆ ਰਹੀ ਹੈ।

ਦੂਸਰੀ ਸੰਸਾਰ ਜੰਗ ਦੇ ਖਾਤਮੇ ਤੋਂ ਬਾਅਦ 1948 ਵਿੱਚ ਰੈੱਡ ਲਾਈਨ ਸੰਧੀ ਭੰਗ ਹੋ ਗਈ, ਜਿਸ ਦੇ ਤਹਿਤ ਹੁਣ ਆਈ.ਪੀ.ਸੀ. ਵਿੱਚ ਸ਼ਾਮਲ ਕੰਪਨੀਆਂ ਅੱਤਾਮਾਨ ਦੇ ਇਲਾਕੇ ਵਿੱਚ ਆਜ਼ਾਦਾਨਾ ਤੌਰ ਉਤੇ ਕਾਰੋਬਾਰ ਨਹੀਂ ਸਨ ਕਰ ਸਕਦੀਆਂ। ਸੰਧੀ ਟੁੱਟਦਿਆਂ ਹੀ ਐਕਸਾਨ ਤੇ ਮੋਬਿਲ ਨੇ ਸਾਊਦੀ ਐਰਮਕੋ ਵਿੱਚ 30 ਤੇ 10 ਫੀਸਦੀ ਦੇ ਸ਼ੇਅਰ ਹਾਸਲ ਕਰ ਲਏ। ਬਰਤਾਨੀਆ ਤੇ ਫਰਾਂਸ ਨੂੰ ਇਸ ਤੋਂ ਬਾਹਰ ਕਰ ਦਿੱਤਾ।

ਓਧਰ ਡਾਕਟਰ ਮੁਸਦਕ ਦੀ ਸਰਕਾਰ ਨੇ ਇਰਾਨ ਵਿੱਚ ਤੇਲ ਉਤਪਾਦਨ ਦਾ ਕੌਮੀਕਰਨ ਕਰ ਦਿੱਤਾ। ਇਹ ਗੱਲ ਅਮਰੀਕੀ ਤੇ ਬਰਤਾਨਵੀ ਸਾਮਰਾਜੀਆਂ ਦੀ ਬਰਦਾਸ਼ਤ ਤੋਂ ਬਾਹਰ ਸੀ। ਅਗਸਤ 1954 ਵਿੱਚ ਅਮਰੀਕੀ ਸਾਜਿਸ਼ ਤਹਿਤ ਮੁਸਦਕ ਸਰਕਾਰ ਦਾ ਤਖਤਾ ਪਲਟ ਦਿੱਤਾ ਤੇ ਸ਼ਾਹ ਨੂੰ ਗੱਦੀ ਉੱਤੇ ਬਿਠਾ ਦਿੱਤਾ। ਹੁਣ ਇਰਾਨ ਵਿੱਚ ਤਾਕਤਵਰ ਬਣ ਗਏ ਅਮਰੀਕੀ ਸਾਮਰਾਜ ਨੇ ਇਰਾਨੀ ਤੇਲ ਉਤਪਾਦਨ ਦਾ ਨਵੇਂ ਸਿਰਿਓਂ ਵੰਡ-ਵੰਡਾਰਾ ਕਰ ਦਿੱਤਾ। ਭਾਵੇਂ ਬਾਹਰੀ ਤੌਰ ਉੱਤੇ ਇਰਾਨੀ ਤੇਲ ਉਤਪਾਦਨ ਦਾ ਕੌਮੀਕਰਨ ਹੀ ਰਿਹਾ, ਪਰ ਲੁਕਵੇਂ ਰੂਪ ਵਿੱਚ ਇਸ 'ਤੇ ਬਾਹਰੀ ਤੇਲ ਕੰਪਨੀਆਂ ਦਾ ਕਬਜਾ ਹੋ ਗਿਆ। ਇਸ ਵੰਡ-ਵੰਡਾਰੇ ਵਿੱਚ ਅਮਰੀਕਾ, ਬਰਤਾਨੀਆ ਤੇ ਫਰਾਂਸ ਦੀਆਂ ਤੇਲ ਕੰਪਨੀਆਂ ਨੇ ਹਿੱਸੇ ਵੰਡ ਲਏ।

ਦੋ ਵਰ੍ਹਿਆਂ ਬਾਅਦ ਮਿਸਰ ਨੇ ਸਵੇਜ਼ ਨਹਿਰ ਦਾ ਕੌਮੀਕਰਨ ਕਰ ਦਿੱਤਾ। ਬਰਤਾਨੀਆ, ਫਰਾਂਸ ਤੇ ਇਜ਼ਰਾਇਲ ਨੇ ਉਹਦੇ 'ਤੇ ਹਮਲਾ ਕਰ ਦਿੱਤਾ। ਇਸ ਜੰਗ ਵਿੱਚ ਮਿਸਰ ਦੀ ਹਾਰ ਤੋਂ ਬਾਅਦ ਅਮਰੀਕਾ ਓਥੇ ਵੀ ਫੈਸਲਾਕੁੰਨ ਤਾਕਤ ਬਣ ਗਿਆ। ਇਹ ਜੰਗ ਤੇਲ ਲਈ ਲੜੀ ਗਈ ਸੀ, ਕਿਉਂਕਿ ਸਵੇਜ਼ ਨਹਿਰ ਵਿਚਲੀ ਆਵਾਜਾਈ ਵਿੱਚੋਂ ਦੋ-ਤਿਹਾਈ ਕੇਵਲ ਤੇਲ ਢੋਣ ਲਈ ਕੀਤੀ ਜਾਂਦੀ ਸੀ। ਐਂਗਲੋ-ਫਰੈਂਚ ਸਾਮਰਾਜੀਆਂ ਨੂੰ ਨਾ ਤਾਂ ਮਿਸਰ ਤੇ ਨਾ ਹੀ ਅਰਬਾਂ ਵੱਲੋਂ ਏਨੇ ਜਬਰਦਸਤ ਵਿਰੋਧ ਦਾ ਖਦਸ਼ਾ ਸੀ, ਜਿੰਨਾ ਓਥੇ ਹੋਇਆ। ਅਮਰੀਕਾ ਨੂੰ ਤਾਂ ਬਿਲਕੁਲ ਅੰਦਾਜ਼ਾ ਨਹੀਂ ਸੀ। ਮਿਸਰ ਨੇ ਇਸਦੇ ਸਿੱਟੇ ਵੱਜੋਂ ਇੱਕ ਪਾਸੇ ਤੇਲ ਦੇ ਜਹਾਜ਼ਾਂ ਨੂੰ ਨਹਿਰ ਵਿੱਚ ਡੁਬੋਣਾ ਸ਼ੁਰੂ ਕਰ ਦਿੱਤਾ, ਦੂਸਰੇ ਪਾਸੇ ਫੌਜੀ ਤੇ ਯਾਤਰੂ ਦੋਹਾਂ ਤਰ੍ਹਾਂ ਦੇ ਜਹਾਜ਼ਾਂ ਦਾ ਲਾਂਘਾ ਬੰਦ ਕਰ ਦਿੱਤਾ। ਇਸ ਦੇ ਨਾਲ ਹੀ ਪੱਛਮੀ ਏਸ਼ੀਆ ਦੇ ਸਾਰੇ ਵੱਡੇ ਸ਼ਹਿਰਾਂ ਵਿੱਚ ਸਾਮਰਾਜ ਦੇ ਵਿਰੋਧ ਵਿੱਚ ਪ੍ਰਦਰਸ਼ਨ ਸ਼ੁਰੂ ਹੋ ਗਏ।

ਅਮਰੀਕੀ ਦਾਬਿਆਂ ਤੇ ਸ਼ਾਤਰ ਚਾਲਾਂ ਕਰਕੇ 1956 ਵਿੱਚ ਬਰਤਾਨਵੀ ਤੇ ਫਰਾਂਸੀਸੀ ਫੌਜਾਂ ਨੂੰ ਸਵੇਜ਼ ਨਹਿਰ ਤੋਂ ਪਿਛੇ ਹਟਣਾ ਪਿਆ; ਤੇ ਇੰਜ ਪੱਛਮੀ ਏਸ਼ੀਆ ਵਿੱਚ ਅਮਰੀਕਾ ਸਭ ਤੋਂ ਵੱਡੀ ਤਾਕਤ ਬਣ ਗਿਆ। ਹੁਣ ਬਰਤਾਨੀਆ ਅਮਰੀਕਾ ਦਾ ਜੂਨੀਅਰ ਪਾਰਟਨਰ ਬਣ ਕੇ ਹੀ ਰਹਿ ਸਕਦਾ ਸੀ। ਇਸ ਤਰ੍ਹਾਂ ਸਿਰਫ ਤਿੰਨ ਦਹਾਕਿਆਂ ਦੇ ਅੰਤਰਾਲ ਵਿੱਚ ਅਮਰੀਕਾ ਨੇ ਵੱਡੇ ਚੌਧਰੀ ਵਾਲੀ ਪਦਵੀ ਹਾਸਲ ਕਰ ਲਈ। ਇਸੇ ਕਰਕੇ ਹੁਣ ਉਹ ਦੁਨੀਆ ਦਾ ਥਾਣੇਦਾਰ ਬਣਿਆ ਹੋਇਆ ਹੈ। ਉਹਦੀ ਧੌਂਸ ਵਾਲੀ ਨੀਤੀ ਕਰਕੇ ਸਾਰਾ ਪੱਛਮੀ ਏਸ਼ੀਆ ਜੰਗ ਦਾ ਖਮਿਆਜ਼ਾ ਭੁਗਤ ਰਿਹਾ ਹੈ। 1939 ਵਿੱਚ ਪੱਛਮੀ ਏਸ਼ੀਆ ਵਿੱਚ ਬਰਤਾਨੀਆ ਦਾ 60 ਤੇ ਅਮਰੀਕਾ ਦਾ 13 ਫੀਸਦੀ ਤੇਲ 'ਤੇ ਕੰਟਰੋਲ ਸੀ। 1960 ਤੱਕ ਪਹੁੰਚਦਿਆਂ ਅਮਰੀਕਾ ਦਾ 65 ਤੇ ਬਰਤਾਨੀਆ ਦਾ 30 ਫੀਸਦੀ 'ਤੇ ਕੰਟਰੋਲ ਰਹਿ ਗਿਆ।

ਜੇ ਤੇਲ ਦੇ ਮੁਨਾਫੇ ਦੀ ਗੱਲ ਕਰੀਏ ਤਾਂ ਅਮਰੀਕੀ ਵਣਜ ਵਿਭਾਗ ਅਨੁਸਾਰ 1970 ਵਿੱਚ ਪੱਛਮੀ ਏਸ਼ੀਆ ਵਿੱਚ ਤੇਲ ਉਦਯੋਗ 1.5 ਅਰਬ ਡਾਲਰ ਦਾ ਸੀ ਤੇ ਇਸ ਵਿੱਚੋਂ 1.2 ਅਰਬ ਡਾਲਰ ਦਾ ਮੁਨਾਫ਼ਾ ਸੀ ਭਾਵ ਲਾਗਤ ਦਾ 79 ਫੀਸਦੀ। ਤੇਲ ਕੰਪਨੀਆਂ ਦਾ ਇਹ ਮੁਨਾਫ਼ਾ ਲਗਾਤਾਰ ਵਧਿਆ ਹੈ। ਖਾੜੀ ਦੇ ਦੇਸ਼ਾਂ ਵਿੱਚੋਂ ਤੇਲ ਤੋਂ 1980 ਵਿੱਚ ਮੁਨਾਫ਼ਾ 350 ਅਰਬ ਡਾਲਰ ਸੀ। ਉਸ ਤੋਂ ਬਾਅਦ ਕੀਮਤਾਂ ਵਿੱਚ ਆਈ ਗਿਰਾਵਟ ਕਰਕੇ ਇਹ 110 ਅਰਬ ਡਾਲਰ ਹੋ ਗਿਆ, ਜੋ 2000 ਵਿੱਚ ਵੱਧ ਕੇ ਫਿਰ 250 ਅਰਬ ਡਾਲਰ ਹੋ ਗਿਆ। ਅੱਜ ਕੱਲ੍ਹ ਇਸ ਵਿੱਚ ਬੇਤਹਾਸ਼ਾ ਵਾਧਾ ਹੋਇਆ ਹੈ ਤੇ ਖਾੜੀ ਜੰਗ ਵਿੱਚ ਵੀ ਭਾਰੀ ਮੁਨਾਫ਼ਾ ਹੋ ਰਿਹਾ ਹੈ।

ਉਤਰਾਅ-ਚੜ੍ਹਾਅ ਦੇ ਦੌਰ ਵਿੱਚ ਵੀ ਕੰਪਨੀਆਂ ਕੋਲ ਪੈਟਰੋ-ਡਾਲਰ ਦਾ ਭਾਰੀ ਸਰਮਾਇਆ ਹੁੰਦਾ ਸੀ, ਜਿਨ੍ਹਾਂ ਨਾਲ ਅੱਜ ਵੀ ਸਾਮਰਾਜੀ ਵਿੱਤੀ ਸੰਸਥਾਵਾਂ ਦੀਆਂ ਤਿਜੌਰੀਆਂ ਭਰੀਆਂ ਰਹਿੰਦੀਆਂ ਹਨ। ਇਸ ਤੋਂ ਬਾਅਦ ਵੀ ਉਨ੍ਹਾਂ ਕੋਲ ਹਥਿਆਰਾਂ ਦੀ ਖਰੀਦੋ-ਫਰੋਖਤ ਲਈ ਢੇਰ ਸਾਰਾ ਸਰਮਾਇਆ ਬਚਿਆ ਰਹਿੰਦਾ ਹੈ, ਜਿਸ ਨਾਲ ਅਮਰੀਕਾ, ਬਰਤਾਨੀਆ ਤੇ ਫਰਾਂਸ ਦੇ ਹਥਿਆਰ ਉਦਯੋਗਾਂ ਲਈ ਮੁਨਾਫੇ ਦਾ ਬਾਜ਼ਾਰ ਗਰਮ ਰਹਿੰਦਾ ਹੈ। ਉਦਾਹਰਣ ਲਈ 1980-1990 ਦੌਰਾਨ ਖਾੜੀ ਦੇ ਸਿਰਫ ਤਿੰਨ ਦੇਸ਼ਾਂ ਨੇ ਹਥਿਆਰਾਂ ਦੀ ਖਰੀਦ 'ਤੇ 150 ਅਰਬ ਡਾਲਰ ਖਰਚ ਦਿੱਤੇ। ਇਰਾਕ ਨੇ 100 ਅਰਬ ਡਾਲਰ, ਸਾਊਦੀ ਅਰਬ ਨੇ 35 ਅਰਬ ਡਾਲਰ ਤੇ ਇਰਾਨ ਨੇ 15 ਅਰਬ ਡਾਲਰ ਖਰਚੇ। ਇਰਾਨ ਨੇ ਇਕੀਵੀਂ ਸਦੀ ਵਿੱਚ ਆਪਣੇ ਹਥਿਆਰਾਂ ਦੇ ਉਤਪਾਦਨ ਲਈ ਵਧੇਰੇ ਜ਼ੋਰ ਲਾਇਆ ਤੇ ਅਮਰੀਕਾ ਦੇ ਮੁਕਾਬਲੇ ਆਪਣੀ ਹਵਾਈ ਤਾਕਤ ਨੂੰ ਵਧਾਉਣ ਲਈ ਵਾਧੂ ਸਰਮਾਇਆ ਖਰਚ ਕੀਤਾ। ਸ਼ਾਇਦ ਇਹੀ ਕਾਰਨ ਹੈ ਕਿ ਉਹ ਸਾਮਰਾਜੀ ਤਾਕਤ ਨਾਲ ਬਰਾਬਰ ਦੀ ਟੱਕਰ ਲੈਣ 'ਤੇ ਅੜਿਆ ਹੋਇਆ ਹੈ। ਭਾਵੇਂ ਉਹਦੇ ਅੰਦਰੂਨੀ ਹਾਲਾਤ ਠੀਕ ਨਹੀਂ, ਪਰ ਇਸਲਾਮੀ ਤਾਕਤ ਨੂੰ ਉਹ ਹਥਿਆਰ ਵਾਂਗ ਵਰਤ ਰਿਹਾ ਹੈ। ਹੌਰਮੂਜ਼ ਦਾ ਲਾਂਘਾ ਉਹਦੇ ਲਈ ਵਰਦਾਨ ਸਾਬਤ ਹੋ ਰਿਹਾ ਹੈ। ਇਸ ਤਰ੍ਹਾਂ ਵਿੱਤੀ ਪੂੰਜੀ+ਤੇਲ+ਹਥਿਆਰ ਉਦਯੋਗ=ਮੁਨਾਫੇ ਦੇ ਸੂਤਰ ਰਾਹੀਂ ਇਨ੍ਹਾਂ ਦੇ ਆਪਸੀ ਰਿਸ਼ਤੇ ਨੂੰ ਸਮਝਿਆ ਜਾ ਸਕਦਾ ਹੈ।

ਇਸ ਤਰ੍ਹਾਂ ਸਾਮਰਾਜੀ ਤਾਕਤਾਂ ਨੇ ਤੇਲ ਵਾਲੇ ਦੇਸ਼ਾਂ 'ਤੇ ਕਬਜਾ ਕਰਨ ਲਈ ਜਿਹੜੀਆਂ ਚਾਲਾਂ ਚੱਲੀਆਂ, ਉਨ੍ਹਾਂ ਦੀ ਇਤਿਹਾਸ ਵਿੱਚ ਕਿਤੇ ਮਿਸਾਲ ਨਹੀਂ ਮਿਲਦੀ। ਜਿਹੜਾ ਅੱਖਾਂ ਕੱਢੇ ਉਹਨੂੰ ਸਬਕ ਸਿਖਾਉਣ ਲਈ ਨਿਊਕਲੀਅਰ ਪ੍ਰੋਗਰਾਮਾਂ, ਰਸਾਇਣਕ ਹਥਿਆਰਾਂ ਦੇ ਜਖੀਰੇ ਵਰਗੇ ਝੂਠੇ ਬਿਰਤਾਂਤ ਸਿਰਜ ਕੇ ਨੇਸਤੋਨਾਬੂਦ ਕਰਨ ਲਈ ਕਮਰਕੱਸੇ ਕਰ ਲਏ ਜਾਂਦੇ ਹਨ। ਇਸੇ ਕਰਕੇ ਅਮਰੀਕਾ ਨੇ 1990 ਵਿੱਚ ਫੌਜੀ ਬਜਟ 280 ਅਰਬ ਡਾਲਰ ਤੋਂ ਵਧਾ ਕੇ 350 ਅਰਬ ਡਾਲਰ ਕਰ ਦਿੱਤਾ ਤੇ ਹਰ ਵਰ੍ਹੇ ਇਸ ਵਿੱਚ ਲਗਾਤਾਰ ਵਾਧਾ ਕਰ ਰਿਹਾ ਹੈ। ਇਸ ਦੀ ਪੂਰਤੀ ਲਈ ਟੈਰਿਫ ਲਾ ਕੇ ਦੁਨੀਆ ਨੂੰ ਦਾਬੇ ਮਾਰਦਾ ਆਪਣੀ ਧੌਂਸ ਕਾਇਮ ਕਰ ਰਿਹਾ ਹੈ। ਅਮਰੀਕਾ ਦਾ ਵੱਡ-ਅਕਾਰੀ ਫੌਜੀ ਬਜਟ ਦਾ ਵੱਡਾ ਹਿੱਸਾ ਉਥਲ-ਪੁੱਥਲ ਦੀ ਸੰਭਾਵਨਾ ਵਾਲੇ ਦੇਸ਼ਾਂ ਵਿਚਲੇ ਤੇਲ ਨੂੰ ਸੁਰੱਖਿਅਤ ਰੱਖਣ ਲਈ ਹੈ। ਇਸੇ ਲਈ ਉਹਨੇ 28 ਦੇਸ਼ਾਂ ਦੀ 7 ਲੱਖ ਫੌਜ ਇਰਾਕ 'ਤੇ ਹਮਲਾ ਕਰਨ ਲਈ ਇਕੱਠੀ ਕੀਤੀ ਸੀ। ਪੱਛਮੀ ਏਸ਼ੀਆ ਵਿੱਚ ਉਹਦੇ ਅਨੇਕਾਂ ਫੌਜੀ ਬੇਸ ਕੈਂਪ ਤੇ ਬੇੜੇ ਇਸ ਗੱਲ ਦੇ ਗਵਾਹ ਹਨ। ਜਾਰਜ ਬੁਸ਼ ਸੀਨੀਅਰ ਨੇ ਕਿਹਾ ਸੀ- ਜੇ ਦੁਨੀਆ ਦੇ ਵਿਸ਼ਾਲ ਤੇਲ ਭੰਡਾਰਾਂ ਦਾ ਕੰਟਰੋਲ ਸੱਦਾਮ ਹੁਸੈਨ ਦੇ ਹੱਥਾਂ ਵਿੱਚ ਆ ਗਿਆ ਤਾਂ ਸਾਡੀਆਂ ਨੌਕਰੀਆਂ, ਜੀਵਨ ਸ਼ੈਲੀ, ਆਜ਼ਾਦੀ ਤੇ ਮਿੱਤਰ ਦੇਸ਼ਾਂ ਦੀ ਆਜ਼ਾਦੀ ਸਭ ਖਤਰੇ ਵਿੱਚ ਪੈ ਜਾਣਗੇ।

ਸੱਦਾਮ ਹੁਸੈਨ ਦਾ ਜਿਵੇਂ ਫਸਤਾ ਵੱਢਿਆ, ਉਹ ਤੇਲ ਵਾਲੇ ਮੁਲਕਾਂ ਨੂੰ ਡਰਾਉਣ ਲਈ ਵੱਡਾ ਹਥਿਆਰ ਸੀ। ਇਸ ਵਾਰ ਨਿਸ਼ਾਨੇ 'ਤੇ ਇਰਾਨ ਹੈ; ਪਰ ਇਸ ਵਾਰ ਨਾਟੋ ਦੇ ਦੇਸ਼ਾਂ ਤੇ ਖਾੜੀ ਵਾਲੇ ਹਮਦਰਦਾਂ ਨੇ ਸਾਥ ਦੇਣ ਤੋਂ ਨਾਂਹ ਕਰ ਦਿੱਤੀ ਹੈ। ਇਸ ਨਾਲ ਇਰਾਨ ਨੇ ਤਬਾਹ ਹੋ ਕੇ ਵੀ ਇਜ਼ਰਾਇਲੀ ਹਮਲਿਆਂ ਦਾ ਜਵਾਬ ਖਾੜੀ ਵਿਚਲੇ ਅਮਰੀਕੀ ਟਿਕਾਣਿਆਂ ਨੂੰ ਨਿਸ਼ਾਨਾ ਬਣਾ ਕੇ ਦਿੱਤਾ। ਅਗਲੀ ਵਾਰੀ ਕਿਸ ਦੀ ਹੈ? ਇਹਦਾ ਅੰਦਾਜ਼ਾ ਲਾਇਆ ਜਾ ਸਕਦਾ ਹੈ।

ਜੰਗ ਵਿੱਚ ਨਾ ਕੋਈ ਜਿੱਤਦਾ ਹੈ, ਨਾ ਕੋਈ ਹਾਰਦਾ ਹੈ। ਸਿਰਫ ਬਰਬਾਦੀ ਹੁੰਦੀ ਹੈ ਮੁਲਕਾਂ ਦੀ, ਮਾਰੇ ਜਾਂਦੇ ਹਨ ਆਮ ਲੋਕ। ਉਨ੍ਹਾਂ ਦੀਆਂ ਜ਼ਿੰਦਗੀਆਂ ਤਬਾਹ ਹੋ ਜਾਂਦੀਆਂ ਹਨ, ਉਹ ਘਰੋਂ ਬੇਘਰ ਹੋਣ ਲਈ ਮਜਬੂਰ ਹੋ ਜਾਂਦੇ ਹਨ। ਇਹੀ ਕੁਝ ਖਾੜੀ ਯੁੱਧ ਵਿੱਚ ਹੋ ਰਿਹਾ ਹੈ। ਸਕੂਲ ਵਿੱਚ ਬੱਚੀਆਂ ਮਾਰੀਆਂ ਗਈਆਂ, ਹਸਪਤਾਲ ਤਬਾਹ ਹੋ ਗਏ, ਵਪਾਰਕ ਤੇ ਰਿਹਾਇਸ਼ੀ ਇਮਾਰਤਾਂ ਮਲਬੇ ਦਾ ਢੇਰ ਬਣ ਗਈਆਂ। ਸਾਮਰਾਜੀ ਤਾਕਤਾਂ ਟਵੀਟ ਕਰ ਰਹੀਆਂ ਹਨ, ਮਿਜ਼ਾਇਲਾਂ, ਡਰੋਨ ਤਬਾਹੀ ਮਚਾ ਰਹੇ ਹਨ। ਇਸਦਾ ਜ਼ਿੰਮੇਵਾਰ ਕੌਣ ਹੈ? ਇਸ ਪਾਸੇ ਖਮੋਸ਼ੀ ਹੈ। ਜਦ ਤੱਕ ਲਹੂ ਪੀਣੀਆਂ ਤਾਕਤਾਂ ਇਨ੍ਹਾਂ ਖਿੱਤਿਆਂ 'ਚੋਂ ਤੇਲ ਚੂਸਦੀਆਂ ਰਹਿਣਗੀਆਂ, ਓਨੀ ਦੇਰ ਤੱਕ ਪੱਛਮੀ ਏਸ਼ੀਆ ਵਿੱਚ ਸ਼ਾਂਤੀ ਸੰਭਵ ਨਹੀਂ। ਤਦ ਤੱਕ ਲੋਕਾਂ ਦਾ ਘਾਣ ਹੁੰਦਾ ਰਹੇਗਾ, ਪੂਰੀ ਦੁਨੀਆ ਵਿੱਚ ਅਸ਼ਾਂਤੀ ਦੇ ਬੱਦਲ ਮੰਡਰਾਉਂਦੇ ਰਹਿਣਗੇ। ਦੁਨੀਆ ਵਿਚਲੀ ਭੁੱਖ, ਨੰਗ, ਗਰੀਬੀ, ਬਿਮਾਰੀ ਇਸ ਗੱਲ 'ਤੇ ਟਿਕੀ ਹੋਈ ਹੈ ਕਿ ਕਦੋਂ ਕੁਦਰਤੀ ਸਰੋਤਾਂ ਦੀ ਕਾਣੀ ਵੰਡ ਖਤਮ ਹੋਵੇਗੀ ਤੇ ਮੁਨਾਫੇ ਦੇ ਲਾਲਚ ਵਾਲੀ ਸੋਚ ਦਾ ਅੰਤ ਹੋਵੇਗਾ। ਜੰਗ ਦੀ ਤ੍ਰਾਸਦੀ ਨੂੰ ਇਫ਼ਤੀ ਨਸੀਮ ਨੇ ਕਵਿਤਾ ਵਿੱਚ ਪੇਸ਼ ਕਰਦਿਆਂ ਲਿਖਿਆ ਹੈ:

ਬਗਦਾਦ ਕਿਸੇ ਫਿਲਮ ਦਾ ਸੈੱਟ ਨਹੀਂ
ਓਥੇ ਸੱਚਮੁੱਚ ਦੇ ਬੰਬ ਸੁੱਟੇ ਜਾਂਦੇ ਨੇ
ਕੀ ਤੁਸੀਂ ਕਦੇ ਗਏ ਹੋ
ਉਨ੍ਹਾਂ ਬੰਬਾਂ ਦੀਆਂ ਕਿਰਚਾਂ ਦੇਖਣ
ਜਿਨ੍ਹਾਂ ਨੇ ਨਾਗਰਿਕਾਂ ਦੀ ਜਾਨ ਲੈ ਲਈ
ਜਾਂ ਨਿਗਲ ਲਿਆ ਬੱਚਿਆਂ ਨੂੰ...।

ਬਗਦਾਦ ਕੋਈ ਪ੍ਰਯੋਗਸ਼ਾਲਾ ਨਹੀਂ
ਬਗਦਾਦ ਇੱਕ ਇਤਿਹਾਸ ਹੈ
ਆਰਥਕ ਪਾਬੰਦੀ ਸਭ ਤੋਂ ਵੱਡਾ ਨ
ਸਲਵਾਦੀ ਵਿਚਾਰ ਹੈ
ਜਿਸਨੂੰ ਮੈਂ ਆਧੁਨਿਕ ਇਤਿਹਾਸ ਵਿੱਚ ਦੇਖਿਆ
ਇਰਾਕੀ ਬੱਚੇ ਤੁਹਾਡੇ ਜ਼ਹਿਰ ਵਿੱਚ ਬੁਝਿਆ
ਦੁੱਧ ਪੀ ਰਹੇ ਨੇ, ਖਾਣਾ ਖਾ ਰਹੇ ਨੇ
ਤੁਸਾਂ ਨਫਰਤ ਦੀ ਫਸਲ ਹੈ ਬੀਜ ਦਿੱਤੀ
ਤੇ ਮੈਨੂੰ ਡਰ ਹੈ ਕਿ
ਉਹਦੀ ਵਾਢੀ ਦੇ ਦਿਨ ਆ ਗਏ ਨੇ...।
(ਹੁਣ ਇਹ ਫਸਲ ਇਰਾਨ ਵੱਢ ਰਿਹਾ ਹੈ,
ਖਾੜੀ ਦੇ ਦੇਸ਼ ਬਰਬਾਦ ਹੋ ਰਹੇ ਹਨ..)

# ਊਰਜਾ ਸੰਕਟ ਨਾਲ ਜੂਝਦੀ ਦੁਨੀਆ ਵਿੱਚ ਹਰ ਸੈਕਿੰਡ ਹਜ਼ਾਰਾਂ ਡਾਲਰ ਕਮਾ ਰਹੀਆਂ ਤੇਲ-ਗੈਸ ਕੰਪਨੀਆਂ

## ਮੁਨਾਫ਼ੇ ਦੀ ਖੇਡ

**ਲਲਿਤ ਮੌਰੀਆ**

'ਆਕਸਫ਼ੈਮ' ਦੀ ਨਵੀਂ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਫੌਸਿਲ ਫਿਊਲ ਕੰਪਨੀਆਂ ਦੀ ਕਮਾਈ ਹਰ ਸੈਕਿੰਡ ਵਧ ਰਹੀ ਹੈ, ਜਦਕਿ ਵਿਸ਼ਵ ਪੱਧਰੀ ਊਰਜਾ ਸੰਕਟ ਆਮ ਲੋਕਾਂ ਦੀ ਜ਼ਿੰਦਗੀ ਨੂੰ ਹਰ ਰੋਜ਼ ਹੋਰ ਮੁਸ਼ਕਲ ਬਣਾ ਰਿਹਾ ਹੈ। ਇਸ ਰਿਪੋਰਟ ਨੇ ਦੁਨੀਆ ਦੀ ਊਰਜਾ ਪ੍ਰਣਾਲੀ ਦੀ ਇੱਕ ਤਲਖ਼ ਅਤੇ ਅਸੁਖਾਵੀਂ ਤਸਵੀਰ ਸਾਹਮਣੇ ਰੱਖੀ ਹੈ। ਇੱਕ ਪਾਸੇ ਦੁਨੀਆ ਊਰਜਾ ਸੰਕਟ ਅਤੇ ਮਹਿੰਗੇ ਬਿਜਲੀ ਬਿੱਲਾਂ ਨਾਲ ਜੂਝ ਰਹੀ ਹੈ, ਦੂਜੇ ਪਾਸੇ ਫੌਸਿਲ ਫਿਊਲ ਕੰਪਨੀਆਂ ਦਾ ਮੁਨਾਫ਼ਾ ਤੇਜ਼ੀ ਨਾਲ ਵਧ ਰਿਹਾ ਹੈ।

ਰਿਪੋਰਟ ਮੁਤਾਬਕ, 2026 ਵਿੱਚ ਦੁਨੀਆ ਦੀਆਂ ਛੇ ਸਭ ਤੋਂ ਵੱਡੀਆਂ ਫੌਸਿਲ ਫਿਊਲ ਕੰਪਨੀਆਂ- ਸ਼ੇਵਰਾਨ, ਸ਼ੈੱਲ, ਬੀ.ਪੀ., ਕੋਨੋਕੋਫਿਲਿਪਸ, ਐਕਸਾਨ ਅਤੇ ਟੋਟਲਐਨਰਜੀਜ਼ ਹਰ ਸੈਕਿੰਡ ਲਗਭਗ 2,967 ਡਾਲਰ ਦਾ ਮੁਨਾਫ਼ਾ ਕਮਾਉਣ ਵੱਲ ਵਧ ਰਹੀਆਂ ਹਨ। ਇਹ ਕਮਾਈ ਊਰਜਾ ਸੰਕਟ ਦੇ ਬਾਵਜੂਦ ਰਿਕਾਰਡ ਪੱਧਰ 'ਤੇ ਪਹੁੰਚ ਰਹੀ ਹੈ, ਜਦਕਿ ਦੁਨੀਆ ਭਰ ਵਿੱਚ ਕਰੋੜਾਂ ਲੋਕ ਵੱਧਦੇ ਬਿਜਲੀ ਬਿੱਲਾਂ ਅਤੇ ਊਰਜਾ ਗਰੀਬੀ ਨਾਲ ਸੰਘਰਸ਼ ਕਰ ਰਹੇ ਹਨ। ਰਿਪੋਰਟ ਦੱਸਦੀ ਹੈ ਕਿ 2026 ਵਿੱਚ ਇਨ੍ਹਾਂ ਕੰਪਨੀਆਂ ਦਾ ਕੁੱਲ ਮੁਨਾਫ਼ਾ ਲਗਭਗ 8.9 ਲੱਖ ਕਰੋੜ ਰੁਪਏ ਤੱਕ ਪਹੁੰਚ ਸਕਦਾ ਹੈ। ਏਨੀ ਵੱਡੀ ਰਕਮ ਨਾਲ ਅਫ਼ਰੀਕਾ ਦੇ ਲਗਭਗ ਪੰਜ ਕਰੋੜ ਲੋਕਾਂ ਨੂੰ ਸੂਰਜੀ ਊਰਜਾ ਦਿੱਤੀ ਜਾ ਸਕਦੀ ਹੈ।

ਸੱਤ ਦੇਸ਼ਾਂ ਵਿੱਚ ਕੀਤੇ ਗਏ ਸਰਵੇ ਵਿੱਚ ਜ਼ਿਆਦਾਤਰ ਲੋਕਾਂ ਨੇ ਨਵੀਂਕਰਨਯੋਗ ਊਰਜਾ ਵਿੱਚ ਨਿਵੇਸ਼ ਕਰਨ ਅਤੇ ਵੱਡੀਆਂ ਤੇਲ ਕੰਪਨੀਆਂ 'ਤੇ ਵੱਧ ਟੈਕਸ ਲਗਾਉਣ ਦਾ ਸਮਰਥਨ ਕੀਤਾ। ਆਕਸਫ਼ੈਮ ਅਨੁਸਾਰ, ਫੌਸਿਲ ਫਿਊਲ ਤੋਂ ਹੋਣ ਵਾਲਾ ਮੁਨਾਫ਼ਾ ਮੁੱਖ ਤੌਰ 'ਤੇ ਸਭ ਤੋਂ ਅਮੀਰ ਇੱਕ ਫ਼ੀਸਦੀ ਲੋਕਾਂ ਤੱਕ ਹੀ ਪਹੁੰਚ ਰਿਹਾ ਹੈ। ਇਹ ਆਪਣੇ ਪੈਸੇ ਅਤੇ ਰਾਜਨੀਤਿਕ ਪ੍ਰਭਾਵ ਦੇ ਜ਼ਰੀਏ ਦੁਨੀਆ ਨੂੰ ਅਜੇ ਵੀ ਫੌਸਿਲ ਫਿਊਲ 'ਤੇ ਨਿਰਭਰ ਰੱਖਣ ਦੀ ਕੋਸ਼ਿਸ਼ ਕਰ ਰਹੇ ਹਨ। ਇਸ ਨਾਲ ਦੁਨੀਆ ਵਿੱਚ ਅਸਮਾਨਤਾ ਹੋਰ ਵੱਧ ਰਹੀ ਹੈ।

ਰਿਪੋਰਟ ਇਹ ਵੀ ਦਿਖਾਉਂਦੀ ਹੈ ਕਿ ਕੁਝ ਵੱਡੀਆਂ ਕੰਪਨੀਆਂ ਸਾਫ਼ ਊਰਜਾ ਵਿੱਚ ਨਿਵੇਸ਼ ਤੋਂ ਪਿੱਛੇ ਹਟ ਰਹੀਆਂ ਹਨ, ਜਿਸ ਨਾਲ ਜਲਵਾਯੂ ਸੰਕਟ ਹੋਰ ਗੰਭੀਰ ਹੋ ਸਕਦਾ ਹੈ। ਆਕਸਫ਼ੈਮ ਨੇ ਸਰਕਾਰਾਂ ਨੂੰ ਅਪੀਲ ਕੀਤੀ ਹੈ ਕਿ ਉਹ ਅਮੀਰ ਪ੍ਰਦੂਸ਼ਕਾਂ 'ਤੇ ਟੈਕਸ ਲਗਾਉਣ, ਸਰਕਾਰੀ ਜਲਵਾਯੂ ਫੰਡ ਵਧਾਉਣ ਅਤੇ ਊਰਜਾ ਬਦਲਾਅ ਨੂੰ ਨਿਆਂਸੰਗਤ ਬਣਾਉਣ, ਤਾਂ ਜੋ ਭਵਿੱਖ ਵਿੱਚ ਊਰਜਾ ਸਭ ਲਈ ਸੌਖੀ ਅਤੇ ਉਪਲਬਧ ਹੋ ਸਕੇ।

ਕੀ ਇਹ ਸਾਡੇ ਸਮੇਂ ਦੀ ਸਭ ਤੋਂ ਵੱਡੀ ਤ੍ਰਾਸਦੀ ਨਹੀਂ ਹੈ ਕਿ ਇੱਕ ਪਾਸੇ ਦੁਨੀਆ ਦੇ ਲੱਖਾਂ-ਕਰੋੜਾਂ ਪਰਿਵਾਰ ਬਿਜਲੀ ਦੇ ਬਿੱਲ ਭਰਨ ਲਈ ਸੰਘਰਸ਼ ਕਰ ਰਹੇ ਹਨ, ਜਦਕਿ ਦੂਜੇ ਪਾਸੇ ਤੇਲ-ਗੈਸ ਕੰਪਨੀਆਂ ਦਾ ਮੁਨਾਫ਼ਾ ਹਰ ਸੈਕਿੰਡ ਨਵੀਆਂ ਉਚਾਈਆਂ ਛੂਹ ਰਿਹਾ ਹੈ! ਇਹ 2025 ਦੇ ਮੁਕਾਬਲੇ ਇਨ੍ਹਾਂ ਕੰਪਨੀਆਂ ਦੇ ਮੁਨਾਫ਼ੇ ਵਿੱਚ ਹਰ ਰੋਜ਼ ਲਗਭਗ 350 ਕਰੋੜ ਰੁਪਏ (3.7 ਕਰੋੜ ਡਾਲਰ) ਦੇ ਵਾਧੇ ਨੂੰ ਦਰਸਾਉਂਦਾ ਹੈ। ਇਹ ਸਿਰਫ਼ ਇੱਕ ਅੰਕ ਨਹੀਂ, ਸਗੋਂ ਅਮੀਰ ਅਤੇ ਗਰੀਬ ਵਿਚਕਾਰ ਵਧ ਰਹੀ ਖਾਈ ਦਾ ਸਪਸ਼ਟ ਦਰਪਣ ਹੈ।

ਤਸਵੀਰ ਹੋਰ ਗੰਭੀਰ ਹੋ ਜਾਂਦੀ ਹੈ, ਜਦੋਂ ਦੁਨੀਆ ਇੱਕ ਡੂੰਘੇ ਊਰਜਾ ਸੰਕਟ ਵਿਚੋਂ ਲੰਘ ਰਹੀ ਹੈ। ਦੁਨੀਆ ਭਰ ਦੇ ਪਰਿਵਾਰ 'ਊਰਜਾ ਗਰੀਬੀ' ਵੱਲ ਧੱਕੇ ਜਾ ਰਹੇ ਹਨ। ਭੂ-ਰਾਜਨੀਤਿਕ ਅਸਥਿਰਤਾ, ਮੱਧ ਪੂਰਬ ਵਿੱਚ ਵੱਧਦੀ ਹਿੰਸਾ ਅਤੇ ਅਮੀਰਾਂ ਦੀ ਤੇਜ਼ੀ ਨਾਲ ਵੱਧਦੀ ਦੌਲਤ ਦੇ ਦਰਮਿਆਨ ਆਮ ਲੋਕ ਆਪਣੀਆਂ ਰੋਜ਼ਾਨਾ ਦੀਆਂ ਲੋੜਾਂ ਪੂਰੀ ਕਰਨ ਲਈ ਸੰਘਰਸ਼ ਕਰ ਰਹੇ ਹਨ।

ਆਕਸਫ਼ੈਮ ਦੀ ਜਲਵਾਯੂ ਨੀਤੀ ਮੁਖੀ ਮਾਰਿਆਨਾ ਪਾਓਲੀ ਦਾ ਕਹਿਣਾ ਹੈ, "ਫੌਸਿਲ ਫਿਊਲ ਤੋਂ ਦੂਰ ਜਾਣ ਦੀ ਪ੍ਰਕਿਰਿਆ ਨਿਆਂਸੰਗਤ ਹੋਣੀ ਚਾਹੀਦੀ ਹੈ, ਤਾਂ ਜੋ ਗਰੀਬ ਦੇਸ਼ਾਂ ਦੇ ਲੋਕਾਂ ਨੂੰ ਸਹਾਰਾ ਮਿਲ ਸਕੇ। ਇਹ ਦੇਸ਼ ਜਲਵਾਯੂ ਆਫ਼ਤਾਂ ਦਾ ਸਭ ਤੋਂ ਵੱਧ ਅਸਰ ਸਹਿੰਦੇ ਹਨ, ਪਰ ਉਨ੍ਹਾਂ ਦੀਆਂ ਸਰਕਾਰਾਂ ਸਿੱਖਿਆ ਅਤੇ ਸਿਹਤ ਤੋਂ ਵੀ ਵੱਧ ਪੈਸਾ ਕਰਜ਼ਾ ਚੁਕਾਉਣ 'ਤੇ ਖਰਚ ਕਰਨ ਲਈ ਮਜਬੂਰ ਹਨ।" ਉਨ੍ਹਾਂ ਨੇ ਜ਼ੋਰ ਦੇ ਕੇ ਕਿਹਾ, "ਜੋ ਅਮੀਰ ਪ੍ਰਦੂਸ਼ਕ ਸਾਫ਼ ਭਵਿੱਖ ਵਿੱਚ ਨਿਵੇਸ਼ ਨਹੀਂ ਕਰਨਾ ਚਾਹੁੰਦੇ, ਉਨ੍ਹਾਂ 'ਤੇ ਟੈਕਸ ਲਗਾਉਣਾ ਹੀ ਨਿਆਂਪੂਰਨ ਬਦਲਾਅ ਦੀ ਬੁਨਿਆਦ ਹੈ। ਸਰਕਾਰਾਂ ਨੂੰ ਪ੍ਰਦੂਸ਼ਣ ਆਧਾਰਿਤ ਰਾਜਨੀਤੀ ਦੇ ਯੁੱਗ ਨੂੰ ਖ਼ਤਮ ਕਰਨਾ ਚਾਹੀਦਾ ਹੈ।"

ਧਿਆਨਯੋਗ ਹੈ ਕਿ ਕੋਲੰਬੀਆ ਦੇ ਸੈਂਟਾ ਮਾਰਟਾ ਵਿੱਚ ਫੌਸਿਲ ਫਿਊਲ ਤੋਂ ਦੂਰ ਜਾਣ ਦੇ ਮਸਲੇ 'ਤੇ ਪਹਿਲਾ ਵਿਸ਼ਵ ਪੱਧਰੀ ਸੰਮੇਲਨ ਹੋਣ ਦੀ ਚਰਚਾ ਹੈ।

ਸਾਫ਼ ਊਰਜਾ ਤੋਂ ਪਿੱਛੇ ਹਟਦੀਆਂ ਕੰਪਨੀਆਂ: ਅਸਲ ਹਕੀਕਤ ਇਹ ਹੈ ਕਿ ਕਈ ਵੱਡੀਆਂ ਫੌਸਿਲ ਫਿਊਲ ਕੰਪਨੀਆਂ ਸਾਫ਼ ਊਰਜਾ ਵੱਲੋਂ ਪਿੱਛੇ ਹਟ ਰਹੀਆਂ ਹਨ। ਨਾਲ ਹੀ ਇਨ੍ਹਾਂ ਤੋਂ ਲਾਭ ਲੈਣ ਵਾਲੇ ਬਹੁਤ ਅਮੀਰ ਲੋਕ ਅਸਮਾਨਤਾ ਨੂੰ ਹੋਰ ਵਧਾ ਰਹੇ ਹਨ ਅਤੇ ਜਲਵਾਯੂ ਸੰਕਟ ਨਾਲ ਸਭ ਤੋਂ ਵੱਧ ਪ੍ਰਭਾਵਿਤ ਲੋਕਾਂ ਤੋਂ ਮੂੰਹ ਮੋੜ ਰਹੇ ਹਨ।

ਹਾਲ ਹੀ ਵਿੱਚ ਐਕਸਾਨਮੋਬਿਲ ਨੇ ਸਾਫ਼ ਊਰਜਾ ਪ੍ਰੋਜੈਕਟਾਂ ਵਿੱਚ ਆਪਣੇ ਨਿਵੇਸ਼ ਨੂੰ ਇੱਕ-ਤਿਹਾਈ ਘਟਾਉਣ ਦਾ ਐਲਾਨ ਕੀਤਾ ਹੈ। ਇਸੇ ਤਰ੍ਹਾਂ ਟੋਟਲਐਨਰਜੀਜ਼ ਨੇ ਵੀ 'ਨੈੱਟ-ਜ਼ੀਰੋ' ਯੋਜਨਾ ਨੂੰ ਮੰਨਣ ਤੋਂ ਇਨਕਾਰ ਕਰ ਦਿੱਤਾ ਹੈ।

ਇਸ ਸੰਦਰਭ ਵਿੱਚ ਆਕਸਫੈਮ ਨੇ ਸਰਕਾਰਾਂ ਨੂੰ ਅਪੀਲ ਕੀਤੀ ਹੈ ਕਿ ਉਹ ਕਰਜ਼ੇ ਵਿੱਚ ਡੁੱਬੇ ਦੇਸ਼ਾਂ ਨੂੰ ਰਾਹਤ ਦੇਣ। ਨਾਲ ਹੀ ਊਰਜਾ ਬਦਲਾਅ ਨੂੰ ਨਿਆਂਸੰਗਤ ਤਰੀਕੇ ਨਾਲ ਲਾਗੂ ਕੀਤਾ ਜਾਵੇ। ਸਰਕਾਰਾਂ ਅਤੇ ਕੰਪਨੀਆਂ ਨੂੰ ਚਾਹੀਦਾ ਹੈ ਕਿ ਉਹ ਵਾਤਾਵਰਣ ਨੂੰ ਹੋਏ ਨੁਕਸਾਨ ਅਤੇ ਲੋਕਾਂ ਦੀ ਜ਼ਿੰਦਗੀ 'ਤੇ ਪਏ ਅਸਰ ਦੀ ਜ਼ਿੰਮੇਵਾਰੀ ਲੈਣ ਅਤੇ ਪ੍ਰਭਾਵਿਤ ਭਾਈਚਾਰਿਆਂ ਦੇ ਹੱਕ ਤੇ ਹਿੱਸੇਦਾਰੀ ਨੂੰ ਯਕੀਨੀ ਬਣਾਉਣ। ਇਸ ਦੇ ਨਾਲ ਹੀ ਫੌਸਿਲ ਫਿਊਲ ਨੂੰ ਖ਼ਤਮ ਕਰਨ ਲਈ ਐਸਾ ਯੋਜਨਾਬੱਧ ਰਸਤਾ ਬਣਾਇਆ ਜਾਵੇ, ਜੋ ਵੱਖ-ਵੱਖ ਦੇਸ਼ਾਂ ਦੀ ਇਤਿਹਾਸਕ ਜ਼ਿੰਮੇਵਾਰੀ, ਆਰਥਿਕ ਸਮਰੱਥਾ ਅਤੇ ਨਿਰਭਰਤਾ ਨੂੰ ਧਿਆਨ ਵਿੱਚ ਰੱਖੇ।

ਅੰਤ ਵਿੱਚ ਸਵਾਲ ਸਿਰਫ਼ ਮੁਨਾਫ਼ੇ ਦਾ ਨਹੀਂ ਹੈ। ਅਸਲ ਸਵਾਲ ਇਹ ਹੈ ਕਿ ਕੀ ਦੁਨੀਆ ਇੱਕ ਐਸੀ ਊਰਜਾ ਪ੍ਰਣਾਲੀ ਤਿਆਰ ਕਰ ਸਕੇਗੀ, ਜਿੱਥੇ ਰੋਸ਼ਨੀ ਹਰ ਘਰ ਤੱਕ ਪਹੁੰਚੇ, ਨਾ ਕਿ ਸਿਰਫ਼ ਕੁਝ ਕੰਪਨੀਆਂ ਦੇ ਖ਼ਜ਼ਾਨਿਆਂ ਤੱਕ ਸੀਮਿਤ ਰਹਿ ਜਾਵੇ। ਹੁਣ ਸਮਾਂ ਆ ਗਿਆ ਹੈ ਕਿ ਸਰਕਾਰਾਂ ਅਤੇ ਕੰਪਨੀਆਂ ਸਾਫ਼ ਫ਼ੈਸਲਾ ਲੈਣ ਕਿ ਉਹ ਇਤਿਹਾਸ ਦੇ ਕਿਸ ਪੱਖ 'ਤੇ ਖੜ੍ਹੀਆਂ ਹੋਣਗੀਆਂ-ਕੁਝ ਗਿਣਤੀ ਦੇ ਲੋਕਾਂ ਦੇ ਮੁਨਾਫ਼ੇ ਅਤੇ ਤਾਕਤ ਦੇ ਨਾਲ ਜਾਂ ਪੂਰੀ ਮਨੁੱਖਤਾ ਅਤੇ ਧਰਤੀ ਦੇ ਸੁਰੱਖਿਅਤ ਅਤੇ ਨਿਆਂਪੂਰਨ ਭਵਿੱਖ ਦੇ ਨਾਲ।

# ਪੰਜਾ ਸਾਹਿਬ ਤੇ ਇਤਿਹਾਸਕ ਰੇਲਵੇ ਸਟੇਸ਼ਨ

*ਜਾਣੇ-ਪਛਾਣੇ ਸ਼ਾਇਰ ਅਤੇ ਲੇਖਕ ਰਵਿੰਦਰ ਸਹਿਰਾਅ ਵੱਲੋਂ ਪਾਕਿਸਤਾਨ ਦੀਆਂ ਦੋ ਯਾਤਰਾਵਾਂ 'ਤੇ ਆਧਾਰਤ 'ਲਾਹੌਰ ਨਾ਼ਲ ਗੱਲਾਂ' ਸਫਰਨਾਮਾ ਸਾਨੂੰ ਸਾਂਝੇ ਲਾਹੌਰ ਭਾਵ ਏਧਰਲੇ ਤੇ ਓਧਰਲੇ ਪੰਜਾਬ ਨਾ਼ਲ ਜੋੜਦਾ ਹੈ। ਲਾਹੌਰ ਨਾਲ ਸਿੱਖ/ਪੰਜਾਬੀ ਭਾਈਚਾਰੇ ਦੀ ਸਾਂਝ ਜੁੜੀ ਹੋਈ ਹੈ। ਇਹ ਸਫ਼ਰਨਾਮਾ ਇਤਿਹਾਸਕ ਪਿਛੋਕੜ ਦੇ ਵੇਰਵਿਆਂ ਨਾਲ ਵੀ ਭਰਪੂਰ ਹੈ ਅਤੇ ਪਾਠਕ ਦੀਆਂ ਬਾਹਵਾਂ ਦਾ ਮੁਹੱਬਤੀ ਕਲਾਵਾ ਮੋਕਲਾ ਕਰਦਾ ਹੈ। ਪੇਸ਼ ਹੈ 15ਵੀਂ ਕਿਸ਼ਤ, ਜਿਸ ਵਿੱਚ ਪੰਜਾ ਸਾਹਿਬ, ਇਤਿਹਾਸਕ ਰੇਲਵੇ ਸਟੇਸ਼ਨ ਅਤੇ ਵਲੀ ਕੰਧਾਰੀ ਦੇ ਦਰਬਾਰ ਜਾਣ ਦਾ ਸੰਖੇਪ ਵੇਰਵਾ ਦਰਜ ਹੈ...*




**ਰਵਿੰਦਰ ਸਹਿਰਾਅ**
ਫੋਨ: 219-900-1115

ਪੰਜਾ ਸਾਹਿਬ ਨੂੰ ਜਾਂਦਿਆਂ ਲਾਹੌਰ ਤੋਂ ਕੋਈ ਸਾਢੇ ਤਿੰਨ ਘੰਟੇ ਦੀ ਡਰਾਈਵ 'ਤੇ ਇੱਕ ਬਹੁਤ ਹੀ ਖ਼ੂਬਸੂਰਤ ਥਾਂ ਹੈ- ਕੱਲਰ ਕਹਾਰ। ਲਾਹੌਰੋਂ ਨਿਕਲਦਿਆਂ ਹੀ ਭਾਵੇਂ ਰਸਤੇ ਵਿੱਚ ਪਹਾੜੀ ਇਲਾਕਾ ਆ ਜਾਂਦਾ ਹੈ, ਪਰ ਇਹ ਕੱਲਰ ਕਹਾਰ ਤਾਂ ਇੱਕ ਕਿਸਮ ਦੀ ਜੱਨਤ ਹੀ ਜਾਪਦੀ ਹੈ। ਤਾਹਿਰ ਇਸ ਥਾਂ 'ਤੇ ਪਹਿਲਾਂ ਆ ਚੁਕਾ ਸੀ। ਪਹਾੜੀਆਂ ਦੇ ਪੈਰਾਂ 'ਚ ਘਿਰੀ ਝੀਲ ਕਿਸੇ ਨਵ-ਵਿਆਹੀ ਦੇ ਨਖ਼ਰਿਆਂ ਵਰਗੀ ਲੱਗਦੀ ਹੈ। ਸਾਫ਼ ਸੁਥਰਾ ਪਾਣੀ ਅਤੇ ਰੰਗ-ਬਰੰਗੇ ਪੰਛੀਆਂ ਦਾ ਉੱਡਣਾ ਇਸ ਨਜ਼ਾਰੇ ਨੂੰ ਹੋਰ ਵੀ ਦਿਲਕਸ਼ ਬਣਾਉਂਦਾ ਹੈ।

ਝੀਲ ਦੇ ਕਿਨਾਰੇ 'ਤੇ ਬਣਿਆ ਹੋਟਲ/ਰਿਜ਼ੌਰਟ ਇਸਕੇਪ ਯਾਤਰੀਆਂ ਲਈ ਖਿੱਚ ਦਾ ਮਰਕਜ਼ ਹੈ। ਅਸੀਂ ਕੁਝ ਦੇਰ ਕੋਸੀ-ਕੋਸੀ ਧੁੱਪ ਦਾ ਨਜ਼ਾਰਾ ਮਾਣਿਆ ਅਤੇ ਲਜ਼ੀਜ਼ ਖਾਣਿਆਂ ਨਾ਼ਲ ਤੇ ਹੋਟਲ ਕਾਮਿਆਂ ਦੀ ਪ੍ਰਾਹੁਣਚਾਰੀ ਨਾ਼ਲ ਧੰਨ-ਧੰਨ ਹੋ ਗਏ। ਮੈਨੂੰ ਸਭ ਤੋਂ ਜ਼ਿਆਦਾ ਖ਼ੁਸ਼ੀ ਏਥੇ ਘੁੰਮਦੇ ਚਕੋਰ-ਚਕੋਰੀ ਦੀ ਜੋੜੀ ਨੂੰ ਦੇਖ ਕੇ ਵੀ ਹੋਈ। ਚੜ੍ਹਦੇ ਪੰਜਾਬ ਵਿੱਚ ਤਾਂ ਮੈਂ ਕਦੇ ਚਕੋਰ ਨਹੀਂ ਸੀ ਦੇਖੀ। ਬੱਸ ਚੰਨ ਤੇ ਚਕੋਰ ਦੀਆਂ ਦੰਦ-ਕਥਾਵਾਂ ਹੀ ਸੁਣੀਆਂ ਹੋਈਆਂ ਸਨ। ਇਸ ਕੁਦਰਤੀ ਨਜ਼ਾਰੇ ਨੂੰ ਦੇਖ ਕੇ ਰੂਹ ਤਰੋ-ਤਾਜ਼ਾ ਹੋ ਗਈ। ਹੋਟਲ ਵਿੱਚ ਬੜੇ ਵਾਜਬ ਭਾਅ ਦੇ ਕਮਰੇ ਅਤੇ ਸੁਈਟ ਵੀ ਬਣੇ ਹੋਏ ਹਨ। ਸਾਡੇ ਕੋਲ ਦਿਨ ਥੋੜ੍ਹੇ ਸਨ, ਨਹੀਂ ਤਾਂ ਅਸੀਂ ਰਾਤ ਠਹਿਰ ਕੇ ਹੀ ਅਗਾਂਹ ਜਾਣਾ ਸੀ। ਘੰਟੇ ਕੁ ਦੇ ਪੜਾਅ ਤੋਂ ਬਾਅਦ ਅਸੀਂ ਹਸਨ ਅਬਦਾਲ ਲਈ ਰਵਾਨਾ ਹੋ ਗਏ।

ਛੇ ਮਾਰਚ, ਬੁੱਧਵਾਰ ਦੇ ਨਿੱਖਰੇ ਦਿਨ ਤਾਹਿਰ ਸਾਨੂੰ ਰਾਹ 'ਚ ਆਉਂਦੀਆਂ ਥਾਵਾਂ ਬਾਰੇ ਜਾਣਕਾਰੀ ਦਿੰਦਾ ਜਾ ਰਿਹਾ ਸੀ। ਅਸੀਂ ਸਾਰੇ ਖ਼ਾਸ ਕਰਕੇ ਮਾਸਟਰ ਧਰਮਪਾਲ ਹੋਰੀਂ ਬੜੇ ਧਿਆਨ ਨਾ਼ਲ ਸੁਣ ਰਹੇ ਸਨ। ਦੋ ਢਾਈ ਘੰਟੇ ਦੀ ਡਰਾਈਵ ਤੋਂ ਬਾਅਦ ਅਸੀਂ ਹਸਨ ਅਬਦਾਲ ਪਹੁੰਚ ਗਏ। ਗੁਰੂ ਘਰ ਨਤਮਸਤਕ ਹੋਣ ਤੋਂ ਬਾਅਦ (ਇਸ ਦਾ ਵਿਸਥਾਰ ਮੈਂ ਪਹਿਲੇ ਭਾਗ ਵਿੱਚ ਪਿਛਲੀ ਫੇਰੀ ਦੌਰਾਨ ਦੇ ਚੁਕਾ ਹਾਂ) ਅਸੀਂ ਗੁਰਦੁਆਰੇ ਤੋਂ ਅੱਧੇ ਕੁ ਮੀਲ ਦੀ ਦੂਰੀ 'ਤੇ ਰੇਲਵੇ ਸਟੇਸ਼ਨ ਦੇਖਣ ਗਏ। ਸਾਡੇ ਡਰਾਈਵਰ ਇਮਰਾਨ ਨੇ ਭੀੜੇ ਬਾਜ਼ਾਰ 'ਚੋਂ ਲੰਘਦਿਆਂ ਪਾਣੀ ਦੀਆਂ ਬੋਤਲਾਂ ਅਤੇ ਹੋਰ ਨਿੱਕ-ਸੁੱਕ ਵੀ ਖ਼ਰੀਦ ਲਿਆਂਦਾ। 1922 ਵਿੱਚ ਗੁਰੂ ਕੇ ਬਾਗ਼ ਮੋਰਚੇ ਵਿੱਚ ਗ੍ਰਿਫ਼ਤਾਰ ਕੀਤੇ ਸਿੰਘਾਂ ਨੂੰ ਅੰਮ੍ਰਿਤਸਰੋਂ ਹਸਨ ਅਬਦਾਲ ਰਾਹੀਂ ਹੁੰਦਿਆਂ ਅਟਕ ਦੀ ਜੇਲ੍ਹ ਵਿੱਚ ਲਿਜਾਇਆ ਜਾ ਰਿਹਾ ਸੀ। ਸਾਰੇ ਕੈਦੀ ਕਈ ਦਿਨਾਂ ਤੋਂ ਭੁੱਖੇ-ਪਿਆਸੇ ਸਨ, ਜਿਸ ਕਾਰਨ ਉਨ੍ਹਾਂ ਦੀ ਹਾਲਤ ਮੰਦੀ ਸੀ, ਪਰ ਉਹ ਫੇਰ ਵੀ ਚੜ੍ਹਦੀ ਕਲਾ ਵਿੱਚ ਸਨ।



ਜਦੋਂ ਸਥਾਨਕ ਸਿੱਖਾਂ ਨੂੰ ਪਤਾ ਲੱਗਾ ਕਿ ਕੈਦੀ ਸਿੰਘ ਇੱਥੋਂ ਦੀ ਲੰਘ ਰਹੇ ਹਨ ਤਾਂ ਉਨ੍ਹਾਂ ਸਟੇਸ਼ਨ ਮਾਸਟਰ ਨੂੰ ਅਰਜ਼ੋਈ ਕੀਤੀ ਕਿ ਗੱਡੀ ਕੁਝ ਸਮੇਂ ਲਈ ਰੋਕ ਦਿੱਤੀ ਜਾਵੇ ਤਾਂ ਜੋ ਉਹ ਭੁੱਖੇ-ਪਿਆਸੇ ਕੈਦੀ ਸਿੰਘਾਂ ਨੂੰ ਲੰਗਰ ਛਕਾਅ ਸਕਣ; ਪਰ ਬਰਤਾਨਵੀ ਹਕੂਮਤ ਦੇ ਹੰਕਾਰੇ ਹੋਏ ਸਟੇਸ਼ਨ ਮਾਸਟਰ ਨੇ ਕੋਰੀ ਨਾਂਹ ਕਰ ਦਿੱਤੀ। ਫਿਰ ਕੀ ਸੀ, ਸਿੰਘਾਂ ਨੇ ਜਾਨ ਦੀ ਪਰਵਾਹ ਨਾ ਕਰਦਿਆਂ ਫ਼ੈਸਲਾ ਕੀਤਾ ਕਿ ਰੇਲਵੇ ਟਰੈਕ ਉੱਪਰ ਲੰਮੇ ਪੈ ਜਾਈਏ। ਕੂਕਾਂ ਮਾਰਦੀ ਗੱਡੀ ਨੇ ਡਾਇਣ ਦਾ ਰੂਪ ਧਾਰ ਲਿਆ। ਦੋ ਸਿੰਘ ਸ਼ਹੀਦ ਹੋ ਗਏ ਅਤੇ ਬਹੁਤ ਸਾਰੇ ਜ਼ਖ਼ਮੀ ਹੋ ਗਏ। ਗੱਡੀ ਨੂੰ ਰੁਕਣਾ ਪਿਆ। ਕੈਦੀਆਂ ਨੂੰ ਲੰਗਰ ਛਕਾਇਆ ਗਿਆ। ਇਸ ਇਤਿਹਾਸਕ ਘਟਨਾ ਵਾਲੇ ਰੇਲਵੇ ਸਟੇਸ਼ਨ ਨੂੰ ਪਿਛਲੀ ਫੇਰੀ ਸਮੇਂ ਅਸੀਂ ਵੇਖ ਨਹੀਂ ਸਕੇ ਸੀ। ਸੋ ਸਾਡੀ ਰੀਝ ਵੀ ਪੂਰੀ ਹੋਈ। ਅਸੀਂ ਇਨ੍ਹਾਂ ਲਾਸਾਨੀ ਕੁਰਬਾਨੀਆਂ ਅੱਗੇ ਸਿਰ ਵੀ ਝੁਕਾਇਆ। ਇਹ ਵੀ ਇੱਕ ਸਬੱਬ ਹੀ ਸਮਝੋ ਕਿ ਲਾਹੌਰ ਤੋਂ ਅਟਕ ਜਾਣ ਵਾਲੀ ਇੱਕ ਟਰੇਨ ਵੀ ਸਾਡੇ ਹੁੰਦਿਆਂ ਹੀ ਆ ਕੇ ਖਲੋਈ। ਤਾਹਿਰ ਅਤੇ ਸ਼ਾਹਜੇਬ ਛਾਲ ਮਾਰ ਕੇ ਇੱਕ ਡੱਬੇ 'ਚ ਜਾ ਚੜ੍ਹੇ। ਨੀਰੂ ਨੇ ਅਤੇ ਡਰਾਈਵਰ ਨੇ ਸਾਡੀਆਂ ਤਸਵੀਰਾਂ ਉਤਾਰੀਆਂ। ਮੈਂ ਉਨ੍ਹਾਂ ਨੂੰ ਇਸ ਇਤਿਹਾਸਕ ਘਟਨਾ ਬਾਰੇ ਆਪਣੀ ਸਮਝ ਮੁਤਾਬਕ ਜਾਣਕਾਰੀ ਦਿੱਤੀ। ਇਸ ਕੁਰਬਾਨੀ ਬਾਰੇ ਸੁਣ ਕੇ ਉਨ੍ਹਾਂ ਦੇ ਮੂੰਹ ਅੱਡੇ ਰਹਿ ਗਏ।

## ਵਲੀ ਕੰਧਾਰੀ ਦਾ ਦਰਬਾਰ

ਪਿਛਲੀ ਫੇਰੀ ਦੌਰਾਨ ਮੌਸਮ ਦੀ ਖ਼ਰਾਬੀ ਦੀ ਵਜ੍ਹਾ ਕਰਕੇ ਅਸੀਂ ਬੜੇ ਲੇਟ ਪੁੱਜੇ ਸੀ ਅਤੇ ਵਲੀ ਕੰਧਾਰੀ ਦਾ ਟਿੱਲਾ ਦੇਖਣ ਦੀ ਰੀਝ ਵਿੱਚੇ ਹੀ ਰਹਿ ਗਈ ਸੀ। ਗੁਰੂਘਰ ਦੇ ਗੇਟ 'ਤੇ ਖੜ੍ਹੇ ਸੁਰੱਖਿਆ ਕਰਮਚਾਰੀ ਨੂੰ ਅਸੀਂ ਪੁੱਛਿਆ ਤਾਂ ਉਹ ਮੇਰੇ ਵੱਲ ਦੇਖ ਕੇ ਹੱਸ ਪਏ ਅਤੇ ਕਹਿੰਦੇ "ਸਰਦਾਰ ਜੀ ਉੱਥੇ ਪਹੁੰਚੋਗੇ ਕਿਵੇਂ? ਬੜੀ ਚੜ੍ਹਾਈ ਹੈ।" ਅਸੀਂ ਉਨ੍ਹਾਂ ਨੂੰ ਤਾਂ ਕੁਝ ਨਾ ਕਿਹਾ, ਪਰ ਕਾਰ ਵਿੱਚ ਬਹਿਣ ਵੇਲੇ ਮੈਂ ਕਿਹਾ ਜਾ ਕੇ ਦੇਖੀਏ ਤਾਂ ਸਹੀ! ਗੁਰੂਘਰ ਦੇ ਸਾਹਮਣੇ ਵਾਲੇ ਬਾਜ਼ਾਰ 'ਚੋਂ ਥੋੜ੍ਹੀ ਜਿਹੀ ਦੂਰੀ 'ਤੇ ਹੀ ਇੱਕ ਪੱਕਾ ਗਲੀ ਨੁਮਾ ਰਸਤਾ ਜਾਂਦਾ ਹੈ, ਇਸ ਟਿੱਲੇ ਨੂੰ। ਇਹ ਕਰੀਬ ਚਾਰ-ਪੰਜ ਕਿਲੋਮੀਟਰ ਦੀ ਸਿੱਧੀ ਚੜ੍ਹਾਈ ਹੈ। ਮਾਸਟਰ ਧਰਮਪਾਲ ਉੱਗੀ ਹੋਰੀਂ ਤਾਂ ਇਹ ਸੁਣ ਕੇ ਹੀ ਨਾਂਹ ਕਰ ਦਿੱਤੀ, ਕਿਉਂਕਿ ਉਹ ਦਿਲ ਦੇ ਮਰੀਜ਼ ਹੋਣ ਕਾਰਨ ਕੋਈ ਰਿਸਕ ਨਹੀਂ ਸੀ ਲੈਣਾ ਚਾਹੁੰਦੇ।

ਮੈਂ, ਨੀਰੂ, ਤਾਹਿਰ ਅਤੇ ਸ਼ਾਹਜੇਬ ਨੇ ਚੜ੍ਹਾਈ ਚੜ੍ਹਨੀ ਸ਼ੁਰੂ ਕਰ ਦਿੱਤੀ, ਪਰ ਦੋ ਕਿਲੋਮੀਟਰ ਜਾ ਕੇ ਮੇਰੀ ਤਾਂ ਬੱਸ ਹੋ ਗਈ। ਇੱਕ ਪਾਸੇ ਪਹਾੜ ਅਤੇ ਦੂਜੇ ਪਾਸੇ ਮੀਲਾਂ ਦੀ ਡੂੰਘਾਈ ਅਤੇ ਕੋਈ ਪੰਜ-ਛੇ ਫੁੱਟ ਦਾ ਪੱਕਾ ਰਸਤਾ। ਸ਼ਾਹਜੇਬ ਤਾਂ ਟਪੂਸੀਆਂ ਮਾਰਦਾ ਦੌੜੀ ਜਾਵੇ ਅਤੇ ਕਦੀ ਉੱਚੀਆਂ ਪਹਾੜੀਆਂ ਉੱਪਰ ਬਹਿ ਕੇ ਸਾਨੂੰ ਚਿੜਾਵੇ। ਰਸਤੇ ਵਿੱਚ ਇੱਕਾ-ਦੁੱਕਾ ਦੁਕਾਨਾਂ ਵੀ ਥੋੜ੍ਹੇ ਬਹੁਤੇ ਸਮਾਨ ਵਾਲੀਆਂ ਦੇਖੀਆਂ ਅਤੇ ਦੁਕਾਨਦਾਰਾਂ ਨੇ ਸਾਡੀ ਖ਼ੈਰ-ਸੁੱਖ ਪੁੱਛੀ। ਉਥੇ ਲੋਕ ਜ਼ਿਆਦਾ ਹਿੰਦਕੋ ਬੋਲਦੇ ਹਨ, ਪਰ ਥੋੜ੍ਹੀ ਜਿਹੀ ਪੰਜਾਬੀ ਵੀ ਰ਼ਲੀ-ਮਿਲੀ ਹੁੰਦੀ ਹੈ। ਰਸਤੇ 'ਚ ਸਾਨੂੰ ਬਹੁਤੀਆਂ ਨੌਜਵਾਨ ਔਰਤਾਂ ਬੱਚਿਆਂ ਸਮੇਤ ਮਿਲੀਆਂ, ਜੋ ਵਲੀ ਕੰਧਾਰੀ ਦੇ ਟਿੱਲੇ ਉੱਪਰ ਸੁੱਖਣਾ ਸੁੱਖ ਕੇ ਆ-ਜਾ ਰਹੀਆਂ ਸਨ। ਜਿੱਥੇ ਵੀ ਅਸੀਂ ਮਾੜਾ ਜਿਹਾ ਰੁਕੀਏ ਤਾਂ ਇਸ ਤਰ੍ਹਾਂ ਲੱਗੇ ਕਿ ਟਿੱਲਾ ਤਾਂ ਔਹ ਦਿਸਦਾ ਹੈ, ਪਰ ਉਹ ਦੂਰ ਹੀ ਦੂਰ ਹੁੰਦਾ ਜਾ ਰਿਹਾ ਸੀ। ਇੱਕ ਨੌਜਵਾਨਾਂ ਦੇ ਟੋਲੇ ਨੂੰ ਅਸੀਂ ਪੁੱਛਿਆ ਕਿ ਇੱਥੋਂ ਕਿੰਨੀ ਕੁ ਦੂਰ ਹੈ ਤਾਂ ਉਹ ਹੱਸਦਿਆਂ ਕਹਿਣ ਲੱਗੇ ਅਜੇ ਤਾਂ ਤੁਸੀਂ ਅੱਧ 'ਚ ਵੀ ਨਹੀਂ ਪਹੁੰਚੇ। ਥੱਲੇ ਠੰਡ ਸੀ ਅਤੇ ਅਸੀਂ ਮੋਟੇ ਕੱਪੜੇ ਪਾਏ ਹੋਏ ਸਨ, ਪਰ ਚੜ੍ਹਾਈ ਚੜ੍ਹਦਿਆਂ ਬਾਕੀ ਤਾਂ ਸਾਰੇ ਠੀਕ-ਠਾਕ ਸਨ, ਮੇਰਾ ਪਸੀਨੇ ਨਾ਼ਲ ਸਾਹ ਸੁੱਕ ਰਿਹਾ ਸੀ। ਸਾਰਿਆਂ ਨੇ ਫ਼ੈਸਲਾ ਕੀਤਾ ਕਿ ਆਪਾਂ ਏਥੋਂ ਹੀ ਥੱਲੇ ਵਾਪਸ ਮੁੜ ਜਾਈਏ। ਹੁਣ ਤਾਂ ਉਤਰਾਈ ਸੀ, ਅਸੀਂ ਬੜੇ ਸੁਖ਼ਾਲੇ ਹੀ ਚਾਲੀ-ਪੰਤਾ਼ਲੀ ਮਿੰਟਾਂ 'ਚ ਬਾਜ਼ਾਰ ਵਿੱਚ ਆਣ ਪਹੁੰਚੇ। ਰਸਤੇ ਵਿੱਚ ਮੈਂ ਸੋਚਦਾ ਜਾ ਰਿਹਾ ਸੀ ਕਿ ਵਲੀ ਕੰਧਾਰੀ ਨੇ ਕਿਸ ਤਰ੍ਹਾਂ ਨਿਸ਼ਾਨਾ ਬੰਨ੍ਹ ਕੇ ਭਾਰਾ ਪੱਥਰ ਬਾਬੇ ਨਾਨਕ ਅਤੇ ਮਰਦਾਨੇ ਵੱਲ ਸੁੱਟਿਆ ਹੋਊ? ਪਰ ਇਹ ਤਾਂ ਹੁਣ ਸਾਡੇ ਸਾਖੀਕਾਰਾਂ ਅਤੇ ਪ੍ਰਚਾਰਕਾਂ ਨੇ ਇਸ ਤਰ੍ਹਾਂ ਪ੍ਰਚਾਰ ਕੀਤਾ ਹੈ ਕਿ ਤੁਸੀਂ ਇਸ ਉਪਰ ਕਿੰਤੂ-ਪ੍ਰੰਤੂ ਕਰ ਹੀ ਨਹੀਂ ਸਕਦੇ। ਉਂਜ ਵੀ ਧਰਮ ਨਾ਼ਲ ਜੁੜੀਆਂ ਕਥਾਵਾਂ ਬਾਰੇ ਬਹਿਸ ਕਰਨਾ ਬਹੁਤ ਨਾਜ਼ੁਕ ਹੁੰਦਾ ਹੈ, ਪਰ ਅਸੀਂ ਤਾਂ ਹੁਣ ਲਾਹੌਰ ਦੇ ਰਾਹ ਪੈ ਚੁੱਕੇ ਹਾਂ।

# ਪੱਛਮੀ ਬੰਗਾਲ, ਅਸਾਮ ਤੇ ਪੁਡੂਚਿਰੀ 'ਚ ਐਨ.ਡੀ.ਏ. ਗੱਠਜੋੜ ਜਿੱਤਿਆ

*...ਸਫਾ ਇੱਕ ਦੀ ਬਾਕੀ ⇒*

ਜਿੱਥੋਂ ਤੱਕ ਕੇਰਲਾ ਵਿਧਾਨ ਸਭਾ ਦਾ ਸੰਬੰਧ ਹੈ, ਇੱਥੇ ਕਾਂਗਰਸ ਦੀ ਅਗਵਾਈ ਵਾਲੇ ਗੱਠਜੋੜ ਯੂ.ਡੀ.ਐਫ. ਨੇ 63 ਸੀਟਾਂ 'ਤੇ ਜਿੱਤ ਹਾਸਲ ਕੀਤੀ ਹੈ। ਇਸ ਤਰ੍ਹਾਂ ਕਾਂਗਰਸ ਗੱਠਜੋੜ ਕੇਰਲ ਅਸੈਂਬਲੀ ਵਿੱਚ ਸਭ ਤੋਂ ਵੱਡਾ ਧੜਾ ਬਣ ਕੇ ਉਭਰ ਆਇਆ ਹੈ। ਸੱਤਾ ਵਿੱਚੋਂ ਬਾਹਰ ਜਾ ਰਹੀ ਮਾਰਕਸਵਾਦੀ ਪਾਰਟੀ ਨੂੰ ਇੱਥੇ 25 ਸੀਟਾਂ ਮਿਲੀਆਂ ਹਨ, ਜਦਕਿ ਇੱਕ ਸੀਟ ਉਪਰ ਇਹ ਪਾਰਟੀ ਲੀਡ ਕਰ ਰਹੀ ਹੈ।

ਅਸਾਮ ਵਿੱਚ ਹੋਈਆਂ ਵਿਧਾਨ ਸਭਾ ਚੋਣਾਂ ਵਿੱਚ ਭਾਜਪਾ ਦੀ ਅਗਵਾਈ ਵਾਲਾ ਐਨ.ਡੀ.ਏ. ਗੱਠਜੋੜ ਇੱਕ ਵਾਰ ਫਿਰ ਬਾਜ਼ੀ ਮਾਰ ਗਿਆ ਹੈ। ਕੁੱਲ 126 ਮੈਂਬਰੀ ਅਸੈਂਬਲੀ ਵਿੱਚ ਇਸ ਗੱਠਜੋੜ ਨੇ 102 ਸੀਟਾਂ ਪ੍ਰਾਪਤ ਕਰ ਲਈਆਂ ਹਨ। ਅਸਾਮ ਵਿੱਚ ਭਾਜਪਾ ਨੂੰ 37.81 ਫੀਸਦੀ ਵੋਟ ਸ਼ੇਅਰ ਮਿਲਿਆ ਹੈ, ਜਿਸ ਨਾਲ ਭਾਜਪਾ ਨੇ ਇਕੱਲਿਆਂ 81 ਸੀਟਾਂ ਜਿੱਤੀਆਂ ਹਨ। ਇਸ ਤਰ੍ਹਾਂ ਅਸਾਮ ਵਿੱਚ ਇੱਕ ਵਾਰ ਫਿਰ ਐਨ.ਡੀ.ਏ. ਗੱਠਜੋੜ ਸਰਕਾਰ ਬਣਨਾ ਤੈਅ ਹੈ। ਜਿੱਥੋਂ ਤੱਕ 30 ਅਸੈਂਬਲੀ ਸੀਟਾਂ ਵਾਲੀ ਪੁਡੂਚਿਰੀ ਦਾ ਸਵਾਲ ਹੈ, ਇੱਥੇ ਆਲ ਇੰਡੀਆ ਐਨ.ਆਰ. ਕਾਂਗਰਸ 11 ਸੀਟਾਂ ਜਿੱਤ ਕੇ ਸਭ ਤੋਂ ਵੱਡੀ ਪਾਰਟੀ ਵਜੋਂ ਉਭਰ ਕੇ ਸਾਹਮਣੇ ਆਈ ਹੈ। ਇਸ ਦੀ ਭਾਈਵਾਲ ਭਾਜਪਾ ਨੂੰ ਚਾਰ ਸੀਟਾਂ ਪ੍ਰਾਪਤ ਹੋਈਆਂ ਹਨ। ਏ.ਡੀ. ਐਮ.ਕੇ. ਅਤੇ ਐਲ.ਜੇ.ਕੇ. ਨੂੰ ਇੱਕ-ਇੱਕ ਸੀਟ ਪ੍ਰਾਪਤ ਹੋਈ ਹੈ। ਇਸ ਤਰ੍ਹਾਂ ਇੱਥੇ ਐਨ.ਆਰ. ਕਾਂਗਰਸ ਅਤੇ ਭਾਰਤੀ ਜਨਤਾ ਪਾਰਟੀ ਦੀ ਭਾਈਵਾਲੀ ਵਾਲੀ ਸਰਕਾਰ ਬਣਨ ਦੀ ਸੰਭਾਵਨਾ ਹੈ।

ਇੰਝ ਪੱਛਮੀ ਬੰਗਾਲ ਅਤੇ ਤਾਮਿਲਨਾਡੂ ਵਿੱਚ ਆਏ ਨਤੀਜੇ ਕੁਝ ਪੱਖਾਂ ਤੋਂ ਇਤਿਹਾਸਕ ਹਨ। ਪੱਛਮੀ ਬੰਗਾਲ ਵਿੱਚ ਭਾਜਪਾ ਪਹਿਲੀ ਵਾਰ ਸੱਤਾ ਵਿੱਚ ਆਈ ਹੈ। ਇਸ ਲਈ ਭਾਵੇਂ ਪੱਛਮੀ ਬੰਗਾਲ ਵਿੱਚ ਬੀ.ਜੇ.ਪੀ. ਦੀ ਜਿੱਤ ਇੱਕ ਇਤਿਹਾਸਕ ਫੇਰਬਦਲ ਹੈ, ਪਰ ਇਹ ਜਿੱਤ ਬਹੁਤ ਸਾਰੀਆਂ ਬੇਅਸੂਲੀਆਂ ਕਾਰਵਾਈਆਂ ਨਾਲ ਗ੍ਰਹਿਣੀ ਹੋਈ ਹੈ। ਪੱਛਮੀ ਬੰਗਾਲ ਅਸੈਂਬਲੀ ਦੀਆਂ ਕੁੱਲ 294 ਸੀਟਾਂ ਵਿੱਚੋਂ 292 'ਤੇ ਚੋਣਾਂ ਹੋਈਆਂ ਹਨ। ਸੂਬੇ ਵਿੱਚ ਇੰਟੈਂਸਿਵ ਵੋਟਰ ਲਿਸਟ ਰਵੀਜ਼ਨ ਦੇ ਨਾਮ 'ਤੇ 27 ਲੱਖ ਲੋਕਾਂ ਦੀਆਂ ਵੋਟਾਂ ਚੋਣ ਕਮਿਸ਼ਨ ਵੱਲੋਂ ਕੱਟੀਆਂ ਗਈਆਂ ਹਨ। ਇਨ੍ਹਾਂ ਵਿੱਚੋਂ ਬਹੁਤੀਆਂ ਮੁਸਲਿਮ ਬਹੁਲਤਾ ਵਾਲੇ ਇਲਾਕਿਆਂ ਵਿੱਚ ਕੱਟੀਆਂ ਗਈਆਂ। ਇਸੇ ਕਾਰਨ ਇਨ੍ਹਾਂ ਖਿੱਤਿਆਂ ਵਿੱਚ ਜਿੱਥੇ ਮੁਸਲਿਮ ਆਬਾਦੀ ਉਮੀਦਵਾਰਾਂ ਨੂੰ ਜਿਤਾਉਣ ਦੇ ਮਾਮਲੇ ਵਿੱਚ ਫੈਸਲਾਕੁੰਨ ਸੀ, ਉਥੇ ਭਾਰਤੀ ਜਨਤਾ ਪਾਰਟੀ ਨੂੰ ਕਾਫੀ ਸੀਟਾਂ ਪ੍ਰਾਪਤ ਹੋਈਆਂ ਹਨ। ਇੰਜ ਪੱਛਮੀ ਬੰਗਾਲ ਵਿੱਚ ਬੀ.ਜੇ.ਪੀ. ਨੇ ਮਮਤਾ ਵੱਲੋਂ 15 ਸਾਲ ਪਹਿਲਾਂ ਕਾਇਮ ਕੀਤਾ ਗਿਆ ਸੱਤਾ ਦਾ ਕਿਲਾ ਚੋਣ ਕਮਿਸ਼ਨ ਦੀ ਤੋਪ ਦੀ ਮਦਦ ਨਾਲ ਤੋੜ ਦਿੱਤਾ ਹੈ। ਇਸ ਦੇ ਲਈ ਬੀ.ਜੇ.ਪੀ. ਨੂੰ ਐਸ.ਆਈ.ਆਰ. ਸਮੇਤ ਸਾਰੇ ਪੁੱਠੇ ਸਿੱਧੇ ਹੱਥਕੰਡਿਆਂ ਦੀ ਵਰਤੋਂ ਕਰਨੀ ਪਈ। ਇਸ ਤਰ੍ਹਾਂ ਭਾਜਪਾ ਨੇ ਪੱਛਮੀ ਬੰਗਾਲ ਵਿੱਚ ਆਪਣੀ ਪਹਿਲੀ ਸਰਕਾਰ ਬਣਾਉਣ ਲਈ ਰਾਹ ਪੱਧਰਾ ਕਰ ਲਿਆ।

ਉਧਰ ਤਾਮਿਲਨਾਡੂ ਵਿੱਚ ਫਿਲਮ ਸਟਾਰ ਵਿਜੈ ਜੋਸਫ ਦੀ ਪਾਰਟੀ ਪੀ.ਵੀ.ਕੇ. ਨੇ ਸਾਰੀਆਂ ਪੁਰਾਣੀਆਂ ਪਾਰਟੀਆਂ ਨੂੰ ਮਾਤ ਦੇ ਦਿੱਤੀ ਹੈ, ਇਸ ਵਿੱਚ ਦੋ ਖੇਤਰੀ ਪਾਰਟੀਆਂ- ਡੀ.ਐਮ.ਕੇ. ਤੇ ਅੰਨਾ ਡੀ.ਐਮ.ਕੇ. ਅਤੇ ਦੋ ਕੌਮੀ ਪਾਰਟੀਆਂ- ਭਾਜਪਾ ਤੇ ਕਾਂਗਰਸ ਪਾਰਟੀ ਵੀ ਸ਼ਾਮਲ ਹਨ। ਇੱਕ ਹੋਰ ਫਿਲਮ ਸਟਾਰ ਕਮਲ ਹਸਨ ਵੱਲੋਂ ਬਣਾਈ ਗਈ ਰਾਜਨੀਤਿਕ ਪਾਰਟੀ ਇਸ ਰਾਜ ਵਿੱਚ ਕੁਝ ਖਾਸ ਨਹੀਂ ਕਰ ਸਕੀ।

ਜਦੋਂ ਆ ਰਹੇ ਚੋਣ ਨਤੀਜਿਆਂ ਤੋਂ ਇਹ ਸਾਫ ਹੋਣ ਲੱਗਾ ਕਿ ਭਾਜਪਾ ਨੇ ਪੱਛਮੀ ਬੰਗਾਲ ਵਿਚਲਾ ਟੀ.ਐਮ.ਸੀ. ਦਾ ਕਿਲਾ ਭੇਦ ਲਿਆ ਹੈ ਤਾਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਹਾ ਕਿ ਪੱਛਮੀ ਬੰਗਾਲ ਦੇ ਵੋਟਰਾਂ ਨੇ ਚੰਗੇ ਪ੍ਰਸ਼ਾਸਨ ਲਈ ਫਤਵਾ ਦਿੱਤਾ ਹੈ। ਉਨ੍ਹਾਂ ਕਿਹਾ ਕਿ ਸਾਡਾ ਚੋਣ ਮੰਤਰ 'ਨਾਗਰਿਕ ਦੇਵੋਭਾਵਾ' ਹੈ- ਭਾਵ ਸ਼ਹਿਰੀ ਹੀ ਰੱਬ ਹੈ। ਉਨ੍ਹਾਂ ਕਿਹਾ ਕਿ ਅਸੀਂ ਲੋਕਾਂ ਦੀ ਸੇਵਾ ਕਰਨ ਵਿੱਚ ਵਿਸ਼ਵਾਸ ਰੱਖਦੇ ਹਾਂ। ਟੀ.ਐਮ.ਸੀ. 'ਤੇ ਰਾਜਨੀਤਿਕ ਨਿਸ਼ਾਨਾ ਸਾਧਦਿਆਂ ਪ੍ਰਧਾਨ ਮੰਤਰੀ ਨੇ ਕਿਹਾ ਕਿ ਪੱਛਮੀ ਬੰਗਾਲ ਨੂੰ ਭੈਅ ਦੇ ਰਾਜ ਤੋਂ ਮੁਕਤੀ ਮਿਲ ਗਈ ਹੈ। ਉਨ੍ਹਾਂ ਨੇ ਇਸ ਦੌਰਾਨ ਰਾਜਨੀਤਿਕ ਸੱਭਿਆਚਾਰ ਬਦਲਣ ਦਾ ਸੱਦਾ ਦਿੱਤਾ। ਉਨ੍ਹਾਂ ਕਿਹਾ ਕਿ ਜਦੋਂ ਭਾਜਪਾ ਪੱਛਮੀ ਬੰਗਾਲ ਵਿੱਚ ਚੋਣਾਂ ਜਿੱਤ ਗਈ ਹੈ ਤਾਂ ਸਿਆਸੀ ਗੱਲਬਾਤ ਬਦਲੇ ਦੀ ਰਾਜਨੀਤੀ ਲਈ ਨਹੀਂ ਹੋਣੀ ਚਾਹੀਦੀ, ਸਗੋਂ ਤਬਦੀਲੀ, ਵਿਕਾਸ ਅਤੇ ਭਵਿੱਖ ਬਾਰੇ ਹੋਣੀ ਚਾਹੀਦੀ ਹੈ। ਭਾਰਤੀ ਜਨਤਾ ਪਾਰਟੀ ਨੇ 294 ਮੈਂਬਰੀ ਪੱਛਮੀ ਬੰਗਾਲ ਦੀ ਵਿਧਾਨ ਵਿੱਚ ਬਹੁਮਤ ਹਾਸਲ ਕਰ ਲਿਆ ਹੈ। ਜਦਕਿ ਟੀ.ਐਮ.ਸੀ. ਨੇ ਚੋਣ ਰਾਜਨੀਤੀ ਵਿੱਚ ਆਪਣਾ ਹੁਣ ਤੱਕ ਦਾ ਸਭ ਤੋਂ ਮਾੜਾ ਪ੍ਰਦਰਸ਼ਨ ਕੀਤਾ ਹੈ। ਇੱਕ ਸੀਨੀਅਰ ਨੇਤਾ ਸੁਵੇਂਦੂ ਅਧਿਕਾਰੀ ਭਵਾਨੀਪੁਰ ਸੀਟ ਤੋਂ ਚੋਣ ਹਾਰ ਗਏ ਹਨ। ਇਸ ਦੌਰਾਨ ਤਾਮਿਲਨਾਡੂ ਵਿੱਚ ਐਕਟਰ ਤੋਂ ਰਾਜਨੀਤੀਵਾਨ ਬਣੇ ਵਿਜੈ ਦੀ ਪਾਰਟੀ ਤਾਮਿਲਾਗਾ ਵੈਟਰੀ ਕਾਝਾਗਾਮਾ (ਟੀ.ਵੀ.ਕੇ) 234 ਸੀਟਾਂ ਵਿੱਚੋਂ 105 ਸੀਟਾਂ ਨਾਲ ਬਹੁਗਿਣਤੀ ਦੇ ਕਰੀਬ ਪਹੁੰਚ ਗਏ ਹਨ। ਬਹੁਮਤ ਲਈ 110 ਸੀਟਾਂ ਦੀ ਲੋੜ ਹੈ। ਟੀ.ਵੀ.ਕੇ. ਨੇ ਡੀ.ਐਮ.ਕੇ. ਅਤੇ ਅੰਨਾ ਡੀ.ਐਮ.ਕੇ.- ਦੋਹਾਂ ਪਾਰਟੀਆਂ ਨੂੰ ਵੱਡੇ ਅੰਤਰ ਨਾਲ ਮਾਤ ਦੇ ਦਿੱਤੀ ਹੈ।

ਕੇਰਲਾ ਵਿੱਚ ਪੰਜ ਸਾਲ ਪਹਿਲਾਂ ਦੀ ਵੱਡੀ ਹਾਰ ਤੋਂ ਬਾਅਦ ਕਾਂਗਰਸ ਪਾਰਟੀ ਦੀ ਅਗਵਾਈ ਵਾਲੇ ਯੂਨਾਈਟਿਡ ਡੈਮੋਕਰੇਟਿਕ ਫਰੰਟ ਨੇ ਜ਼ਬਰਦਸਤ ਵਾਪਸੀ ਕੀਤੀ ਹੈ। ਯੂਨਾਈਟਿਡ ਡੈਮੋਕਰੇਟਿਕ ਫਰੰਟ ਨੇ ਕੇਰਲਾ ਅਸੈਂਬਲੀ ਦੀਆਂ ਕੁੱਲ 140 ਸੀਟਾਂ ਵਿੱਚੋਂ 99 ਸੀਟਾਂ ਜਿੱਤ ਲਈਆਂ ਹਨ, ਜਦਕਿ ਮਾਰਕਸਵਾਦੀ ਕਮਿਊਨਿਸਟ ਪਾਰਟੀ ਦੀ ਅਗਵਾਈ ਵਾਲੇ ਖੱਬੇ ਪੱਖੀ ਫਰੰਟ ਦੀਆਂ ਸੀਟਾਂ 94 ਤੋਂ ਘਟ ਕੇ 35 ਰਹਿ ਗਈਆਂ ਹਨ। ਭਾਰਤੀ ਜਨਤਾ ਪਾਰਟੀ ਨੂੰ ਵੀ ਪਹਿਲਾਂ ਦੀ ਕਿਸੇ ਵੀ ਚੋਣ ਨਾਲੋਂ ਵੱਧ ਸੀਟਾਂ ਮਿਲੀਆਂ ਹਨ।

ਅਸਾਮ ਵਿੱਚ ਭਾਜਪਾ ਨੇ 64 ਸੀਟਾਂ ਜਿੱਤ ਲਈਆਂ ਹਨ। ਐਨ.ਡੀ.ਏ. ਨੂੰ ਕੁੱਲ ਮਿਲਾ ਕੇ 102 ਸੀਟਾਂ ਮਿਲੀਆਂ ਹਨ। ਕਾਂਗਰਸ ਦੀ ਅਗਵਾਈ ਵਾਲੇ ਇੰਡੀਆ ਗੱਠਜੋੜ ਨੇ ਆਸਾਮ ਵਿੱਚ ਸਿਰਫ 21 ਸੀਟਾਂ ਹਾਸਲ ਕੀਤੀਆਂ ਹਨ। ਪੁਡੂਚਿਰੀ ਵਿੱਚ ਵੀ.ਐਨ.ਡੀ.ਏ. ਨੇ ਆਪਣਾ ਦਬਦਬਾ ਕਾਇਮ ਰੱਖਿਆ ਹੈ। ਇੱਥੇ ਭਾਰਤੀ ਜਨਤਾ ਪਾਰਟੀ ਦਾ ਐਨ.ਆਰ. ਕਾਂਗਰਸ ਨਾਲ ਗੱਠਜੋੜ ਹੈ।

ਚੋਣਾਂ ਵਿੱਚ ਮਿਲੀ ਜਿੱਤ ਤੋਂ ਬਾਅਦ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਵੀਂ ਦਿੱਲੀ ਵਿਖੇ ਭਾਰਤੀ ਜਨਤਾ ਪਾਰਟੀ ਦੇ ਦਫਤਰ ਪੁੱਜੇ ਅਤੇ ਉਨ੍ਹਾਂ ਨੇ ਕਿਹਾ ਕਿ ਗੰਗੋਤਰੀ ਤੋਂ ਗੰਗਾ ਸਾਗਰ ਤੱਕ ਹੁਣ ਕਮਲ ਦਾ ਫੁੱਲ ਪੂਰੇ ਖੇੜੇ ਵਿੱਚ ਹੈ। ਉੱਤਰਾਖੰਡ, ਉੱਤਰ ਪ੍ਰਦੇਸ਼, ਬਿਹਾਰ ਅਤੇ ਪੱਛਮੀ ਬੰਗਾਲ ਵਿੱਚ ਪਾਰਟੀ ਨੇ ਆਪਣੀ ਸੱਤਾ ਕਾਇਮ ਕਰ ਲਈ ਹੈ। ਉਨ੍ਹਾਂ ਹੋਰ ਕਿਹਾ ਕਿ ਵਿਰੋਧੀ ਪਾਰਟੀਆਂ ਨੂੰ ਬੰਗਾਲ, ਅਸਾਮ ਅਤੇ ਪੁਡੂਚਿਰੀ ਵਿੱਚ ਹਾਰ ਔਰਤਾਂ ਦੇ ਰਾਜਨੀਤਿਕ ਸੰਸਥਾਵਾਂ ਵਿੱਚ ਰਾਖਵੇਂਕਰਨ ਦਾ ਵਿਰੋਧ ਕਰਨ ਕਰ ਕੇ ਮਿਲੀ ਹੈ। ਉਨ੍ਹਾਂ ਕਿਹਾ ਕਿ ਇਨ੍ਹਾਂ ਔਰਤ ਵਿਰੋਧੀ ਪਾਰਟੀਆਂ ਨੂੰ ਨਾਰੀ ਸ਼ਕਤੀ ਅਵਿਨੰਧਨ ਬਿਲ ਦਾ ਪਾਰਲੀਮੈਂਟ ਵਿੱਚ ਵਿਰੋਧ ਕਰਨ ਕਰਕੇ ਹਾਰ ਮਿਲੀ ਹੈ। ਕਾਂਗਰਸ, ਟੀ.ਐਮ.ਸੀ. ਅਤੇ ਡੀ.ਐਮ.ਕੇ. ਇਨ੍ਹਾਂ ਪਾਰਟੀਆਂ ਵਿੱਚ ਸ਼ਾਮਲ ਹਨ।

ਅਸਾਮ ਵਿੱਚ ਭਾਰਤੀ ਜਨਤਾ ਪਾਰਟੀ ਦੀ ਅਗਵਾਈ ਵਾਲੇ ਗੱਠਜੋੜ ਨੇ ਹੈਟਟ੍ਰਿਕ ਮਾਰੀ ਹੈ। ਅਸਾਮ ਵਿੱਚ ਭਾਰਤੀ ਜਨਤਾ ਪਾਰਟੀ ਨੇ 126 ਮੈਂਬਰੀ ਅਸੈਂਬਲੀ ਵਿੱਚ 82 ਸੀਟਾਂ ਜਿੱਤ ਲਈਆਂ ਹਨ। ਇਸ ਦੀਆਂ ਹਮਾਇਤੀ ਪਾਰਟੀਆਂ- ਬੋਡੋਲੈਂਡ ਪੀਪਲ ਫਰੰਟ, ਅਸਾਮ ਗਣ ਪ੍ਰੀਸ਼ਦ ਨੇ 10-10 ਸੀਟਾਂ 'ਤੇ ਜਿੱਤ ਪ੍ਰਾਪਤ ਕੀਤੀ ਹੈ; ਜਦਕਿ ਕਾਂਗਰਸ ਪਾਰਟੀ ਦਾ ਗਰਾਫ ਹੇਠਾਂ ਵੱਲ ਗਿਆ ਹੈ ਅਤੇ ਉਸ ਨੂੰ ਸਿਰਫ 19 ਸੀਟਾਂ ਮਿਲੀਆਂ। ਰਾਏਜੋਰ ਦਲ ਨੇ ਸਿਰਫ ਦੋ ਸੀਟਾਂ 'ਤੇ ਜਿੱਤ ਪ੍ਰਾਪਤ ਕੀਤੀ ਹੈ।

# ਵਿਸ਼ਵਵਿਆਪੀ ਸਦਭਾਵਨਾ: ਧਰਤੀ ਦੇ ਬਚਾਅ ਦੀ ਕੁੰਜੀ

ਤਰਜੀਹਾਂ

**ਡਾ. ਪੀ. ਐੱਸ. ਤਿਆਗੀ**
ਫੋਨ:+91-9855446519



ਧਰਤੀ ਲਗਭਗ 4.54 ਬਿਲੀਅਨ ਸਾਲ ਪਹਿਲਾਂ ਬਣੀ ਸੀ ਅਤੇ ਧਰਤੀ ਉੱਤੇ ਜੀਵਨ ਲਗਭਗ 3.7 ਬਿਲੀਅਨ ਸਾਲ ਪਹਿਲਾਂ ਸੂਖਮ ਜੀਵਾਂ ਦੇ ਰੂਪ ਵਿੱਚ ਪ੍ਰਗਟ ਹੋਣ ਦਾ ਅਨੁਮਾਨ ਹੈ। ਇਹ ਅੰਦਾਜ਼ਾ ਲਗਾਇਆ ਗਿਆ ਹੈ ਕਿ ਬਹੁ-ਸੈਲੂਲਰ ਅਤੇ ਗੁੰਝਲਦਾਰ ਜੀਵਨ ਰੂਪ ਲਗਭਗ 540 ਮਿਲੀਅਨ ਸਾਲ ਪਹਿਲਾਂ ਧਰਤੀ 'ਤੇ ਉਭਰੇ ਸਨ। ਮਨੁੱਖ ਵਰਤਮਾਨ ਤੋਂ ਲਗਭਗ 300,000 ਸਾਲ ਪਹਿਲਾਂ ਵਿਕਸਤ ਹੋਏ ਸਨ। ਸੰਗਠਿਤ ਮਨੁੱਖੀ ਸੱਭਿਅਤਾ ਪਿਛਲੇ 12,000 ਸਾਲਾਂ ਵਿੱਚ ਵਿਕਸਤ ਹੋਈ। ਧਰਤੀ ਹੀ ਇੱਕੋ ਇੱਕ ਗ੍ਰਹਿ ਹੈ, ਜੋ ਜੀਵਨ ਨੂੰ ਕਾਇਮ ਰੱਖਦਾ ਹੈ ਅਤੇ ਸਾਡੇ ਭਵਿੱਖ ਲਈ ਇਸਦੀ ਸੁਰੱਖਿਆ ਨੂੰ ਜ਼ਰੂਰੀ ਬਣਾਉਂਦਾ ਹੈ। ਆਪਣੀ ਮੁਢਲੀ ਅਵਸਥਾ ਵਿੱਚ, ਧਰਤੀ ਸਹੀ ਅਰਥਾਂ ਵਿੱਚ 'ਆਜ਼ਾਦ' ਸੀ- ਇੱਕ ਅਛੂਤ ਸੰਸਾਰ, ਜਿਸ ਵਿੱਚ ਮਨੁੱਖੀ ਪਾਬੰਦੀਆਂ, ਰਾਜਨੀਤਿਕ ਵੰਡਾਂ ਜਾਂ ਆਧੁਨਿਕ ਪ੍ਰਣਾਲੀਆਂ ਨਹੀਂ ਸਨ। ਕੋਈ ਸਰਹੱਦਾਂ, ਕੌਮਾਂ, ਪਾਸਪੋਰਟ ਜਾਂ ਵੀਜ਼ਾ ਨਹੀਂ ਸਨ; ਪਹਿਲਾਂ ਮਨੁੱਖ ਖਾਨਾਬਦੋਸ਼ਾਂ ਵਾਂਗ ਰਹਿੰਦੇ ਸਨ, ਭੋਜਨ ਦੀ ਭਾਲ ਵਿੱਚ ਘੁੰਮਦੇ ਰਹਿੰਦੇ ਸਨ। ਧਰਤੀ 'ਤੇ ਭਰਪੂਰ ਹਰਿਆਲੀ ਅਤੇ ਕੁਦਰਤੀ ਵਾਤਾਵਰਣ ਸੰਤੁਲਨ ਸੀ। ਇਸੇ ਤਰ੍ਹਾਂ ਜਾਨਵਰ ਲੰਬੇ ਸਮੇਂ ਤੋਂ ਮਨੁੱਖੀ-ਪ੍ਰਭਾਸ਼ਿਤ ਸੀਮਾਵਾਂ ਦੀ ਬਜਾਏ ਮੌਸਮੀ ਚੱਕਰਾਂ ਦੁਆਰਾ ਆਕਾਰ ਦਿੱਤੇ ਗਏ ਪ੍ਰਾਚੀਨ ਪਰਵਾਸ ਰਸਤਿਆਂ ਦੇ ਨਾਲ ਵਿਸ਼ਾਲ ਲੈਂਡਸਕੇਪਾਂ ਵਿੱਚ ਯਾਤਰਾ ਕਰਦੇ ਆਏ ਹਨ।

ਲਗਭਗ 12,000 ਸਾਲ ਪਹਿਲਾਂ ਸੱਭਿਅਤਾ ਦੇ ਉਭਾਰ ਨੇ ਇੱਕ ਮੋੜ ਲਿਆ। ਉਦੋਂ ਤੋਂ ਮਨੁੱਖੀ ਗਤੀਵਿਧੀਆਂ ਨੇ ਗ੍ਰਹਿ ਨੂੰ ਵੱਧ ਤੋਂ ਵੱਧ ਨੁਕਸਾਨ ਪਹੁੰਚਾਇਆ, ਜਲਵਾਯੂ ਪਰਿਵਰਤਨ ਨੂੰ ਅੱਗੇ ਵਧਾਇਆ, ਨਿਵਾਸ ਸਥਾਨਾਂ ਨੂੰ ਤਬਾਹ ਕੀਤਾ, ਵਾਤਾਵਰਣ ਪ੍ਰਣਾਲੀਆਂ ਨੂੰ ਪ੍ਰਦੂਸ਼ਿਤ ਕੀਤਾ ਅਤੇ ਜੈਵ ਵਿਭਿੰਨਤਾ ਦੇ ਨੁਕਸਾਨ ਨੂੰ ਤੇਜ਼ ਕੀਤਾ ਹੈ। ਸਾਡੇ ਕੰਮਾਂ ਨੇ ਧਰਤੀ ਨੂੰ ਬੁਨਿਆਦੀ ਪੱਧਰ 'ਤੇ ਮੁੜ ਆਕਾਰ ਦਿੱਤਾ ਹੈ, ਈਕੋਸਿਸਟਮ ਤੋਂ ਲੈ ਕੇ ਭੂ-ਰਸਾਇਣਕ ਪ੍ਰਕਿਰਿਆਵਾਂ ਤੱਕ ਅਤੇ ਵਾਯੂਮੰਡਲ ਤੋਂ ਲੈ ਕੇ ਸਮੁੰਦਰਾਂ ਤੱਕ ਸਭ ਕੁਝ ਬਦਲ ਦਿੱਤਾ ਹੈ। ਧਰਤੀ ਨੂੰ ਰਾਜਨੀਤਿਕ ਸੀਮਾਵਾਂ ਦੀ ਸੀਮਾਬੰਦੀ ਦੁਆਰਾ ਮਹਾਂਦੀਪਾਂ, ਦੇਸ਼ਾਂ ਅਤੇ ਰਾਜਾਂ ਵਿੱਚ ਵੰਡਿਆ ਗਿਆ ਹੈ। ਸੀਮਾਵਾਂ ਨੇ ਮਨੁੱਖ ਅਤੇ ਜਾਨਵਰਾਂ ਦੀ ਸੁਤੰਤਰ ਆਵਾਜਾਈ ਨੂੰ ਸੀਮਤ ਕਰ ਦਿੱਤਾ ਹੈ।

ਸਾਡੇ ਗ੍ਰਹਿ ਧਰਤੀ 'ਤੇ ਕੁਦਰਤੀ ਸਰੋਤ, ਜਿਸ ਵਿੱਚ ਤੇਲ, ਕੋਲਾ, ਕੁਦਰਤੀ ਗੈਸ, ਖਣਿਜ, ਦੁਰਲੱਭ ਧਰਤੀ ਦੇ ਤੱਤ ਅਤੇ ਖੇਤੀਬਾੜੀ ਜ਼ਮੀਨ ਸ਼ਾਮਲ ਹਨ, ਅਸਮਾਨ ਵੰਡੇ ਗਏ ਹਨ। ਇਸਦਾ ਕਾਰਨ ਇਹ ਹੈ ਕਿ ਧਰਤੀ ਦੀ ਪਰਤ ਅਰਬਾਂ ਸਾਲਾਂ ਵਿੱਚ ਭੂ-ਵਿਗਿਆਨਕ ਗਤੀਵਿਧੀਆਂ ਦੁਆਰਾ ਬਣਾਈ ਗਈ ਸੀ। ਨਤੀਜੇ ਵਜੋਂ ਇੱਕ ਦੇਸ਼ ਕੋਲ ਭਰਪੂਰ ਊਰਜਾ ਭੰਡਾਰ ਹੋ ਸਕਦੇ ਹਨ, ਜਦੋਂ ਕਿ ਦੂਜੇ ਕੋਲ ਉਪਜਾਊ ਮਿੱਟੀ ਜਾਂ ਕੀਮਤੀ ਖਣਿਜ ਭੰਡਾਰ ਹੋ ਸਕਦੇ ਹਨ। ਇਹ ਭੂ-ਰਾਜਨੀਤਿਕ ਲੀਵਰੇਜ ਦਾ ਇੱਕ ਸ਼ਕਤੀਸ਼ਾਲੀ ਆਰਥਿਕ ਸਾਧਨ ਬਣ ਗਿਆ, ਜਿਸਨੂੰ 'ਸਰੋਤ ਰਾਸ਼ਟਰਵਾਦ' ਵਜੋਂ ਜਾਣਿਆ ਜਾਂਦਾ ਹੈ। ਅੰਤਰਰਾਸ਼ਟਰੀ ਕਾਨੂੰਨ ਦੇ ਤਹਿਤ ਦੇਸ਼ਾਂ ਕੋਲ ਆਪਣੀਆਂ ਸਰਹੱਦਾਂ ਦੇ ਅੰਦਰ ਸਰੋਤਾਂ 'ਤੇ ਪ੍ਰਭੂਸੱਤਾ ਅਧਿਕਾਰ ਹਨ ਅਤੇ ਇਸ ਲਈ ਮਾਲਕੀ ਨਾ ਸਿਰਫ਼ ਦੌਲਤ ਸਗੋਂ ਪ੍ਰਭੂਸੱਤਾ ਨੂੰ ਦਰਸਾਉਂਦੀ ਹੈ। 'ਸਰੋਤ ਰਾਸ਼ਟਰਵਾਦ' ਅਭਿਆਸ ਵਿੱਚ ਦੇਸ਼ ਸਰੋਤ-ਗਰੀਬ ਦੇਸ਼ਾਂ



'ਤੇ ਦਬਾਅ ਪਾਉਣ ਜਾਂ ਰਣਨੀਤਕ ਉਦੇਸ਼ਾਂ ਨੂੰ ਅੱਗੇ ਵਧਾਉਣ ਲਈ ਮਹੱਤਵਪੂਰਨ ਵਸਤੂਆਂ- ਊਰਜਾ, ਖਣਿਜ ਜਾਂ ਭੋਜਨ ਦੇ ਆਪਣੇ ਨਿਯੰਤਰਣ ਦੀ ਵਰਤੋਂ ਕਰਦੇ ਹਨ। ਸਰੋਤਾਂ ਨਾਲ ਭਰਪੂਰ ਰਾਜ ਨਿਵੇਸ਼ ਨਿਯਮਾਂ ਨੂੰ ਸੋਧ ਰਹੇ ਹਨ ਅਤੇ ਆਰਥਿਕ ਨਿਰਭਰਤਾ ਨੂੰ ਘਟਾਉਣ ਲਈ ਆਪਣੀਆਂ ਏਕਾਧਿਕਾਰੀਆਂ ਦਾ ਸ਼ੋਸ਼ਣ ਕਰ ਰਹੇ ਹਨ। ਅਜਿਹੇ ਅਧਿਕਾਰ, ਉਨ੍ਹਾਂ ਦੀ ਦੁਰਵਰਤੋਂ ਅਤੇ ਇੱਕ ਦੇਸ਼ ਦੁਆਰਾ ਦੂਜੇ ਦੇਸ਼ ਉੱਤੇ ਸਰਬੋਤਮਤਾ ਦਾ ਦਾਅਵਾ ਅਕਸਰ ਰਾਸ਼ਟਰਾਂ ਵਿਚਾਲੇ ਟਕਰਾਅ ਜਾਂ ਯੁੱਧਾਂ ਦਾ ਕਾਰਨ ਬਣਦਾ ਹੈ।

ਇਤਿਹਾਸ ਦੌਰਾਨ ਕਈ ਵੱਡੀਆਂ ਅਤੇ ਕਈ ਸਥਾਨਕ ਜੰਗਾਂ ਨੇ ਧਰਤੀ ਦੇ ਵਾਤਾਵਰਣ ਪ੍ਰਣਾਲੀਆਂ, ਲੈਂਡਸਕੇਪਾਂ ਅਤੇ ਵਾਯੂਮੰਡਲ ਨੂੰ ਮਹੱਤਵਪੂਰਨ, ਲੰਬੇ ਸਮੇਂ ਤੱਕ ਚੱਲਣ ਵਾਲਾ ਨੁਕਸਾਨ ਪਹੁੰਚਾਇਆ ਹੈ। ਇਹ ਟਕਰਾਅ ਰਸਾਇਣਕ ਏਜੰਟਾਂ ਦੀ ਵਰਤੋਂ ਤੋਂ ਲੈ ਕੇ ਨਿਵਾਸ ਸਥਾਨਾਂ ਦੇ ਵਿਆਪਕ ਵਿਨਾਸ਼ ਤੱਕ ਹਨ, ਜਿਨ੍ਹਾਂ ਦੇ ਪ੍ਰਭਾਵ ਅੱਜ ਵੀ ਦਿਖਾਈ ਦਿੰਦੇ ਹਨ। ਉਦਾਹਰਣਾਂ ਵਜੋਂ ਹੀਰੋਸ਼ੀਮਾ ਅਤੇ ਨਾਗਾਸਾਕੀ ਦੇ ਪਰਮਾਣੂ ਬੰਬ ਧਮਾਕਿਆਂ ਦੇ ਨਤੀਜੇ ਵਜੋਂ ਰੇਡੀਓਐਕਟਿਵ ਪਦਾਰਥਾਂ ਦੁਆਰਾ ਜ਼ਮੀਨ ਅਤੇ ਪਾਣੀ ਦੂਸ਼ਿਤ ਹੋ ਗਏ। ਵੀਅਤਨਾਮ ਯੁੱਧ ਦੌਰਾਨ ਜੰਗਲਾਂ ਨੂੰ ਤਬਾਹ ਕਰਨ ਲਈ ਜੜੀ-ਬੂਟੀਆਂ ਦੇ ਨਾਸ਼ਕ ਏਜੰਟ ਔਰੇਂਜ ਦੀ ਵਰਤੋਂ ਦੇ ਨਤੀਜੇ ਵਜੋਂ ਲੰਬੇ ਸਮੇਂ ਲਈ ਪਤਨ ਹੋਇਆ ਅਤੇ ਬੰਜਰ ਮਿੱਟੀ ਦੇ ਢੇਰ ਬਣ ਗਏ। ਛਿੜਕਾਅ ਵਾਲੇ ਖੇਤਰਾਂ ਵਿੱਚ ਪੰਛੀਆਂ ਅਤੇ ਥਣਧਾਰੀ ਪ੍ਰਜਾਤੀਆਂ ਵਿੱਚ ਭਾਰੀ ਕਮੀ ਆਈ। 2022 ਤੋਂ ਰੂਸ ਤੇ ਯੂਕਰੇਨ ਵਿਚਕਾਰ ਟਕਰਾਅ ਅਤੇ 2023 ਤੋਂ ਗਾਜ਼ਾ ਯੁੱਧ ਨੇ ਖਤਰਨਾਕ ਸਮੱਗਰੀਆਂ ਤੇ ਮਨੁੱਖੀ ਅਵਸ਼ੇਸ਼ਾਂ ਵਾਲਾ ਇੱਕ ਵਿਸ਼ਾਲ ਮਲਬਾ ਪੈਦਾ ਕਰ ਦਿੱਤਾ ਹੈ।

2026 ਵਿੱਚ ਵਿਸ਼ਵਵਿਆਪੀ ਟਕਰਾਅ ਨੇ ਮੱਧ ਪੂਰਬ ਵਿੱਚ ਤਣਾਅ ਨੂੰ ਤੇਜ਼ ਕਰ ਦਿੱਤਾ ਹੈ, ਜਿਸ ਵਿੱਚ ਇਜ਼ਰਾਇਲ, ਈਰਾਨ ਅਤੇ ਲੈਬਨਾਨ ਸ਼ਾਮਲ ਹਨ; ਨਾਲ ਹੀ ਅਮਰੀਕਾ-ਈਰਾਨ ਟਕਰਾਅ ਤੋਂ ਵੱਡਾ ਖ਼ਤਰਾ ਵੀ ਹੈ। ਊਰਜਾ ਰਾਜਨੀਤਿਕ ਤਾਨਾਸ਼ਾਹੀ ਦਾ ਸਭ ਤੋਂ ਰਵਾਇਤੀ ਸਾਧਨ ਬਣੀ ਹੋਈ ਹੈ। ਹਾਲੀਆ ਟਕਰਾਅ, ਜੰਗ ਅਤੇ ਜਲਵਾਯੂ ਸੰਕਟ ਵਿਚਕਾਰ ਇੱਕ ਖ਼ਤਰਨਾਕ ਤਾਲਮੇਲ ਨੂੰ ਉਜਾਗਰ ਕਰਦੇ ਹਨ। ਜੰਗ ਸਿਰਫ਼ ਮਨੁੱਖੀ ਜੀਵਨ ਲਈ ਇੱਕ ਦੁਖਾਂਤ ਨਹੀਂ ਹੈ; ਇਹ ਗ੍ਰਹਿ ਲਈ ਇੱਕ ਤਬਾਹੀ ਹੈ। ਵਾਤਾਵਰਣ 'ਤੇ ਜੰਗਾਂ ਦਾ ਪ੍ਰਭਾਵ ਬਹੁਤ ਜ਼ਿਆਦਾ, ਲੰਬੇ ਸਮੇਂ ਤੱਕ ਚੱਲਣ ਵਾਲਾ ਅਤੇ ਅਕਸਰ ਅਟੱਲ ਹੁੰਦਾ ਹੈ। ਹਾਲੀਆ ਟਕਰਾਵਾਂ ਨੇ ਇਸ ਬਾਰੇ ਚਿੰਤਾਜਨਕ ਅੰਕੜੇ ਪ੍ਰਦਾਨ ਕੀਤੇ ਹਨ ਕਿ ਕਿਵੇਂ ਫੌਜੀ ਕਾਰਵਾਈਆਂ ਵਾਤਾਵਰਣ ਪ੍ਰਣਾਲੀਆਂ ਨੂੰ ਵਿਗਾੜਦੀਆਂ ਹਨ। ਯੁੱਧ ਤੁਰੰਤ ਅਤੇ ਗੰਭੀਰ ਰਿਹਾਇਸ਼ੀ ਤਬਾਹੀ ਦਾ ਕਾਰਨ ਬਣਦਾ ਹੈ। ਸ਼ਹਿਰੀ ਕੇਂਦਰਾਂ ਦੀ ਤਬਾਹੀ ਐਸਬੈਸਟਸ ਅਤੇ ਰਸਾਇਣਕ ਅਵਸ਼ੇਸ਼ਾਂ ਨਾਲ ਦੂਸ਼ਿਤ ਵੱਡੀ ਮਾਤਰਾ ਵਿੱਚ ਮਲਬਾ ਛੱਡ ਜਾਂਦੀ ਹੈ। ਜਲ ਸ਼ੁੱਧੀਕਰਨ ਪਲਾਂਟਾਂ ਵਰਗੇ ਮਹੱਤਵਪੂਰਨ ਬੁਨਿਆਦੀ ਢਾਂਚੇ ਦਾ ਵਿਨਾਸ਼ ਵਿਆਪਕ ਪ੍ਰਦੂਸ਼ਣ ਦਾ ਕਾਰਨ ਬਣਦਾ ਹੈ, ਜੋ ਦਹਾਕਿਆਂ ਤੱਕ ਜਨਤਕ ਸਿਹਤ ਨੂੰ ਖਤਰੇ ਵਿੱਚ ਪਾਉਂਦਾ ਹੈ।

ਹਾਲੀਆ ਯੁੱਧਾਂ ਕਾਰਨ ਹੋਈ ਵਾਤਾਵਰਣ ਤਬਾਹੀ ਇੱਕ ਗੰਭੀਰ ਯਾਦ ਦਿਵਾਉਂਦੀ ਹੈ ਕਿ ਵਾਤਾਵਰਣ ਸਿਹਤ ਮਨੁੱਖੀ ਸੁਰੱਖਿਆ ਤੋਂ ਅਟੁੱਟ ਹੈ। ਜਿਵੇਂ ਕਿ ਅਸੀਂ ਧਰਤੀ ਦੀ ਰੱਖਿਆ ਕਰਨ ਦੀ ਕੋਸ਼ਿਸ਼ ਕਰਦੇ ਹਾਂ, ਸਾਨੂੰ ਇਹ ਸਵੀਕਾਰ ਕਰਨਾ ਚਾਹੀਦਾ ਹੈ ਕਿ ਸ਼ਾਂਤੀ, ਅਸਲ ਵਿੱਚ ਸਭ ਤੋਂ ਪ੍ਰਭਾਵਸ਼ਾਲੀ ਵਾਤਾਵਰਣ ਨੀਤੀ ਹੈ। ਸਾਡੇ ਗ੍ਰਹਿ ਦੀ ਰੱਖਿਆ ਦਾ ਉਦੇਸ਼ ਇਸਨੂੰ ਪ੍ਰਦੂਸ਼ਣ, ਤਬਾਹੀ ਅਤੇ ਯੁੱਧ ਦੇ ਸਥਾਈ ਦਾਗਾਂ ਤੋਂ ਬਚਾਉਣਾ ਹੈ। ਨਾਗਰਿਕ, ਸਿਵਲ-ਸਮਾਜ ਸੰਗਠਨ, ਵਿਗਿਆਨਕ ਸੰਸਥਾਵਾਂ ਅਤੇ ਵਪਾਰਕ ਆਗੂ ਸਰਕਾਰਾਂ 'ਤੇ ਅਹਿੰਸਕ ਵਿਵਾਦ ਹੱਲ ਨੂੰ ਤਰਜੀਹ ਦੇਣ, ਸੰਧੀਆਂ ਵਿੱਚ ਵਾਤਾਵਰਣ ਸੁਰੱਖਿਆ ਧਾਰਾਵਾਂ ਦੀ ਪੁਸ਼ਟੀ ਕਰਨ ਅਤੇ ਪਾਰਦਰਸ਼ਤਾ ਉਪਾਅ ਅਪਣਾਉਣ ਲਈ ਦਬਾਅ ਪਾ ਸਕਦੇ ਹਨ, ਜੋ ਸਰੋਤ-ਸੰਚਾਲਿਤ ਟਕਰਾਅ ਦੀ ਸੰਭਾਵਨਾ ਨੂੰ ਘਟਾਉਂਦੇ ਹਨ। ਗ੍ਰਹਿ ਦੀ ਖ਼ਾਤਰ ਯੁੱਧ ਨੂੰ 'ਨਹੀਂ' ਕਹਿਣਾ ਵਾਤਾਵਰਣ ਦੀ ਅਖੰਡਤਾ ਨੂੰ ਸੁਰੱਖਿਅਤ ਰੱਖਣ, ਕਮਜ਼ੋਰ ਆਬਾਦੀ ਦੀ ਰੱਖਿਆ ਕਰਨ ਅਤੇ ਇੱਕ ਰਹਿਣਯੋਗ ਭਵਿੱਖ ਲਈ ਜ਼ਰੂਰੀ ਜਲਵਾਯੂ ਲਾਭਾਂ ਨੂੰ ਸੁਰੱਖਿਅਤ ਕਰਨ ਲਈ ਵਿਹਾਰਕ ਰਣਨੀਤੀ ਹੈ। ਸਾਨੂੰ ਇਹ ਪਛਾਣਨਾ ਚਾਹੀਦਾ ਹੈ ਕਿ ਇੱਕ ਹਰਾ ਭਵਿੱਖ ਵਿਸ਼ਵ ਸ਼ਾਂਤੀ ਤੋਂ ਬਿਨਾ ਅਸੰਭਵ ਹੈ।

ਧਰਤੀ ਦੀ ਵਿਭਿੰਨ ਜੈਵਿਕ ਪ੍ਰਣਾਲੀਆਂ ਨੂੰ ਕਾਇਮ ਰੱਖਣ ਦੀ ਸਮਰੱਥਾ ਦੇ ਬਾਵਜੂਦ, ਪ੍ਰਦੂਸ਼ਣ, ਨਿਵਾਸ ਸਥਾਨਾਂ ਦਾ ਵਿਨਾਸ਼, ਜੰਗਲਾਂ ਦੀ ਕਟਾਈ, ਰਾਸ਼ਟਰਾਂ ਵਿਚਕਾਰ ਟਕਰਾਅ, ਯੁੱਧ ਆਦਿ ਵਰਗੇ ਚੱਲ ਰਹੇ ਵਾਤਾਵਰਣਕ ਤਣਾਅ ਨੇ ਗ੍ਰਹਿ ਸਥਿਰਤਾ ਨੂੰ ਬਣਾਈ ਰੱਖਣ ਲਈ ਸਰਗਰਮ ਮਨੁੱਖੀ ਦਖਲਅੰਦਾਜ਼ੀ ਦੀ ਲੋੜ ਪੈਦਾ ਕਰ ਦਿੱਤੀ ਹੈ। ਇਸਨੂੰ ਧਿਆਨ ਵਿੱਚ ਰੱਖਦਿਆਂ ਵਿਸ਼ਵ ਪੱਧਰੀ ਪਹਿਲਕਦਮੀ, ਵਿਸ਼ਵ ਧਰਤੀ ਦਿਵਸ ਹਰ ਸਾਲ 22 ਅਪਰੈਲ ਨੂੰ ਮਨਾਇਆ ਜਾਂਦਾ ਹੈ, ਜਿਸ ਵਿੱਚ ਵਾਤਾਵਰਣ ਪ੍ਰਣਾਲੀ ਦੀ ਸਿਹਤ ਅਤੇ ਸਥਿਰਤਾ ਨੂੰ ਬਿਹਤਰ ਬਣਾਉਣ ਦੇ ਉਦੇਸ਼ ਨਾਲ ਵਾਤਾਵਰਣ ਸੁਰੱਖਿਆ ਪਹਿਲਕਦਮੀਆਂ ਵਿੱਚ ਵਿਸ਼ਵ ਪੱਧਰ 'ਤੇ ਇੱਕ ਅਰਬ ਤੋਂ ਵੱਧ ਭਾਗੀਦਾਰ ਸ਼ਾਮਲ ਹੁੰਦੇ ਹਨ।

ਪਹਿਲਾ ਧਰਤੀ ਦਿਵਸ 1970 ਵਿੱਚ ਮਨਾਇਆ ਗਿਆ ਸੀ, ਜਿਸਦੀ ਸ਼ੁਰੂਆਤ ਵਿਸਕਾਨਸਿਨ ਦੇ ਇੱਕ ਸੰਯੁਕਤ ਰਾਜ ਸੈਨੇਟਰ ਦੁਆਰਾ ਵਾਤਾਵਰਣ ਜਾਗਰੂਕਤਾ ਵਧਾਉਣ ਲਈ ਇੱਕ ਵੱਡੇ ਪੱਧਰ 'ਤੇ ਜਨਤਕ ਪ੍ਰਦਰਸ਼ਨ ਵਜੋਂ ਕੀਤੀ ਗਈ ਸੀ। ਇਸ ਅੰਦੋਲਨ ਨੇ ਦੇਸ਼ ਭਰ ਵਿੱਚ ਵਿਆਪਕ ਨਾਗਰਿਕ ਸ਼ਮੂਲੀਅਤ ਨੂੰ ਉਤਪ੍ਰੇਰਿਤ ਕੀਤਾ ਅਤੇ ਉਸੇ ਸਾਲ ਦੇ ਅੰਦਰ ਵਾਤਾਵਰਣ ਸੁਰੱਖਿਆ ਏਜੰਸੀ ਦੀ ਸਥਾਪਨਾ ਵਿੱਚ ਯੋਗਦਾਨ ਪਾਇਆ। ਅੱਜ 190 ਤੋਂ ਵੱਧ ਦੇਸ਼ ਇਸ ਵਿਸ਼ਵਵਿਆਪੀ ਸਮਾਗਮ ਵਿੱਚ ਹਿੱਸਾ ਲੈਂਦੇ ਹਨ, ਜੋ ਲੋਕਾਂ ਨੂੰ ਪ੍ਰਦੂਸ਼ਣ ਨਾਲ ਲੜਨ, ਸਥਿਰਤਾ ਨੂੰ ਉਤਸ਼ਾਹਿਤ ਕਰਨ ਅਤੇ ਸਰਕਾਰਾਂ ਤੋਂ ਕਾਰਵਾਈ ਦੀ ਮੰਗ ਕਰਨ ਲਈ ਇਕੱਠੇ ਕਰਦਾ ਹੈ। ਹਾਲ ਹੀ ਵਿੱਚ 22 ਅਪਰੈਲ 2026 ਨੂੰ ਮਨਾਏ ਗਏ ਵਿਸ਼ਵ ਧਰਤੀ ਦਿਵਸ ਦਾ ਥੀਮ 'ਸਾਡੀ ਸ਼ਕਤੀ, ਸਾਡਾ ਗ੍ਰਹਿ' ਸੀ। ਇਹ ਦਿਨ ਕਿਸੇ ਇੱਕ ਦਿਨ ਦਾ ਜਸ਼ਨ ਨਹੀਂ ਹੈ, ਇਹ ਇੱਕ ਨਿਰੰਤਰ ਪ੍ਰਕਿਰਿਆ ਹੈ, ਜੋ ਸਾਨੂੰ ਯਾਦ ਦਿਵਾਉਂਦਾ ਹੈ ਕਿ ਸਾਨੂੰ ਆਪਣੀ ਧਰਤੀ ਮਾਂ ਦੀ ਭਲਾਈ ਲਈ ਡੂੰਘੀ ਚਿੰਤਾ ਕਰਨੀ ਚਾਹੀਦੀ ਹੈ। 'ਸਾਡੀ ਸ਼ਕਤੀ, ਸਾਡਾ ਗ੍ਰਹਿ' ਮੁਹਿੰਮ ਦਾ ਇੱਕ ਮੁੱਖ ਉਦੇਸ਼ ਸੂਰਜੀ ਊਰਜਾ, ਪੌਣ ਊਰਜਾ, ਪਣ-ਬਿਜਲੀ ਅਤੇ ਭੂ-ਥਰਮਲ ਸਰੋਤਾਂ ਵਿੱਚ ਵਿਸ਼ਵਵਿਆਪੀ ਨਵਿਆਉਣਯੋਗ ਉਤਪਾਦਨ ਸਮਰੱਥਾ ਵਿੱਚ ਵਾਧੇ ਦੀ ਵਕਾਲਤ ਕਰਨਾ ਹੈ। ਇਹ ਥੀਮ ਇਸ ਗੱਲ 'ਤੇ ਜ਼ੋਰ ਦਿੰਦਾ ਹੈ ਕਿ ਵਾਤਾਵਰਣ ਸੰਬੰਧੀ ਚੁਣੌਤੀਆਂ ਦੇ ਹੱਲ ਸਮੂਹਿਕ ਵਿਹਾਰ ਤਬਦੀਲੀ, ਨੀਤੀ ਦੀ ਵਕਾਲਤ ਅਤੇ ਤਕਨੀਕ ਅਪਣਾਉਣ ਦੁਆਰਾ ਪੈਦਾ ਕੀਤੇ ਜਾਂਦੇ ਹਨ। ਇਹ

⇒ ਬਾਕੀ ਸਫਾ 19 ਉੱਤੇ ਪੜ੍ਹੋ

# ਨਵੀਆਂ ਕਲਮਾਂ, ਨਵੀਂ ਉਡਾਣ: ਸੁਪਨੇ ਤੋਂ ਹਕੀਕਤ ਦੀ ਭਰਪੂਰ ਫ਼ਸਲ


ਕੱਲ੍ਹ ਪੰਜਾਬ ਭਵਨ ਸਰੀ (ਕੈਨੇਡਾ) ਦੇ ਸੰਸਥਾਪਕ ਸੁੱਖੀ ਬਾਠ ਵੱਲੋਂ ਕਰਵਾਏ ਗਏ ਦੂਸਰੇ ਸਾਲਾਨਾ 'ਨਵੀਆਂ ਕਲਮਾਂ, ਨਵੀਂ ਉਡਾਨ' ਪ੍ਰਾਜੈਕਟ ਅਧੀਨ ਫਗਵਾੜਾ ਦੇ ਕੈਂਬਰਿਜ ਸਕੂਲ ਵਿੱਚ ਕਰਵਾਏ ਰਾਜ ਪੱਧਰੀ ਸਮਾਗਮ ਵਿੱਚ ਜਾਣ ਦਾ ਸੁਭਾਗ ਮਿਲਿਆ। ਲੁਧਿਆਣਿਓਂ ਤ੍ਰੈਲੋਚਨ ਲੋਚੀ ਅਤੇ ਕੌਮੀ ਪੁਰਸਕਾਰ ਵਿਜੇਤਾ ਅਧਿਆਪਕ ਤੇ ਬਾਲ ਸਾਹਿਤ ਲੇਖਕ ਕਰਮਜੀਤ ਗਰੇਵਾਲ ਇਕੱਠੇ ਗਏ।

ਬਹੁਤ ਖ਼ੂਬਸੂਰਤ ਕੈਂਪਸ ਵਿੱਚ ਰੌਣਕਾਂ ਦਾ ਆਲਮ ਨਿਵੇਕਲਾ ਸੀ। ਜੰਗਲ ਕਿਤੇ ਨਹੀਂ ਸੀ, ਮੰਗਲ ਹੀ ਮੰਗਲ ਸੀ। ਢੋਲ ਦੀ ਥਾਪ, ਗੁਲਦਸਤੇ ਤੇ ਫੋਟੋਬਾਜ਼ੀ ਨੇ ਸਾਡਾ ਸੁਆਗਤ ਕੀਤਾ, ਪਰ ਅਜੀਬ ਲੱਗ ਰਿਹਾ ਸੀ ਕਿਉਂਕਿ ਇਹ ਮਾਣ ਲੈ ਕੇ ਮਹਿਸੂਸ ਹੁੰਦਾ ਹੈ ਕਿ ਅਸੀਂ ਬਾਕੀ ਸੰਗਤ ਤੋਂ ਵੱਖਰੇ ਹਾਂ। ਇਹ ਵਖਰੇਵਾਂ ਮਿਟਾਉਣਾ ਹੀ ਤਾਂ ਸਿਰਜਣਸ਼ੀਲਤਾ ਹੈ। ਬੱਚਿਆਂ ਅੰਦਰ ਸਿਰਜਣਾ ਦੇ ਬੀਜ ਹੁਣ ਬੂਟੇ ਬਣ ਕੇ ਹਾਲ ਵਿੱਚ ਮਹਿਕ ਰਹੇ ਸਨ। ਮੰਚ ਤੇ ਬੱਚਿਆਂ ਦਾ ਆਤਮ ਵਿਸ਼ਵਾਸ ਵੇਖ ਕੇ, ਮੁੜ ਜੰਮ ਕੇ ਇਨ੍ਹਾਂ ਅਧਿਆਪਕਾਂ ਕੋਲੋਂ ਸਕੂਲ ਵਰਦੀ ਪਾ ਕੇ ਪੜ੍ਹਨ ਨੂੰ ਜੀ ਕਰ ਆਇਆ।

ਕਵਿਤਾਵਾਂ, ਗੀਤ ਤੇ ਨਾਟਕ ਪੇਸ਼ਕਾਰੀਆਂ ਕਮਾਲੋ ਕਮਾਲ ਸਨ। ਪੰਜਾਬ ਸਕੂਲ ਸਿੱਖਿਆ ਬੋਰਡ ਦੇ ਚੇਅਰਮੈਨ ਡਾ. ਅਮਰਪਾਲ ਸਿੰਘ, ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਸਾਬਕਾ ਵਾਈਸ ਚਾਂਸਲਰ ਡਾ. ਸ.ਪ. ਸਿੰਘ, ਅਕਾਲ ਵਿੱਦਿਅਕ ਸੰਸਥਾਵਾਂ ਮਸਤੂਆਣਾ ਸਾਹਿਬ (ਸੰਗਰੂਰ) ਦੇ ਸਕੱਤਰ ਜਸਵੰਤ ਸਿੰਘ ਖਹਿਰਾ, ਸੁਖਵਿੰਦਰ ਸਿੰਘ ਫੁੱਲ ਸਟਾਫ ਰੀਪੋਰਟਰ ਅਜੀਤ ਸੰਗਰੂਰ, ਬਾਲ ਸਾਹਿਤ ਸਿਰਜਕ ਕਮਲਜੀਤ ਨੀਲੋਂ, ਡਾ. ਦਰਸ਼ਨ ਸਿੰਘ ਆਸ਼ਟ, ਮਨਮੋਹਨ ਸਿੰਘ ਦਾਊਂ, ਗੁਰਮੀਤ ਪਲਾਹੀ, ਤ੍ਰੈਲੋਚਨ ਲੋਚੀ, ਕਰਮਜੀਤ ਗਰੇਵਾਲ ਸਮੇਤ ਕਈ ਹੋਰ ਸੱਜਣ ਪਿਆਰੇ ਬੱਚਿਆਂ ਦੀਆਂ ਪੇਸ਼ਕਾਰੀਆਂ ਨੂੰ ਤਾੜੀਆਂ ਮਾਰ ਮਾਰ ਸਲਾਹ ਰਹੇ ਸਾਂ।

ਪੂਰਾ ਪੰਜਾਬ ਏਥੇ ਹਾਜ਼ਰ ਸੀ- ਮਾਝਾ, ਮਾਲਵਾ, ਦੋਆਬਾ ਤੇ ਪੁਆਧ। ਸੁੱਖੀ ਬਾਠ ਹਰ ਕਿਸੇ ਬਾਲ-ਬੱਚੇ ਨੂੰ ਦੁਲਾਰ, ਵੱਡਿਆਂ ਤੇ ਹਾਣੀਆਂ ਨੂੰ ਪਿਆਰ ਸਤਿਕਾਰ ਵੰਡ ਰਿਹਾ ਸੀ। ਗਿਦੜਬਾਹਾ ਤੋਂ ਆਏ ਅਧਿਆਪਕ ਵੀਰ ਬਿੱਕਰ ਸਿੰਘ ਮਾਣਕ ਦੀ ਬਾਲ ਸਾਹਿਤ "ਮੰਮੀ ਦੇ ਨਾਲ ਗਏ ਨਾਨਕੀ" ਪੁਸਤਕ ਵੀ ਇੱਥੋਂ ਪ੍ਰਾਪਤ ਹੋਈ। ਡਾ. ਸੁਖਪਾਲ ਕੌਰ ਸਮਰਾਲਾ ਦੀ ਵੱਡੇ ਅਰਥਾਂ ਵਾਲੀਆਂ

ਪੰਜਾਬ ਭਵਨ ਸਰੀ (ਕੈਨੇਡਾ)



ਨਿੱਕੀਆਂ ਕਵਿਤਾਵਾਂ ਦੀ ਕਿਤਾਬ "ਬੇਪਰਵਾਹੀਆਂ" ਵੀ ਮਿਲੀ।

ਡਾ. ਅਮਰਪਾਲ ਸਿੰਘ ਦਾ ਸੁਨੇਹਾ ਕਮਾਲ ਸੀ ਕਿ ਬੱਚਿਆਂ ਦੀ ਮਾਸੂਮੀਅਤ ਨਾ ਗੁਆਚਣ ਦਿਉ। ਸਿਆਣੀਆਂ ਗੱਲਾਂ ਨਾ ਸਿਖਾਉ, ਸਿੱਖਣ ਦੀ ਜਾਚ ਸਿਖਾਉ। ਮੇਰਾ ਸਿਰ ਮਾਣ ਨਾਲ ਉੱਚਾ ਹੋ ਗਿਆ ਕਿ ਜਿਸ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਲੁਧਿਆਣਾ ਵਿੱਚ ਮੈਂ ਤੀਹ ਸਾਲ ਪੜ੍ਹਾਇਆ ਹੈ, ਡਾ. ਅਮਰਪਾਲ ਸਿੰਘ ਉਥੇ ਹੀ ਪੜ੍ਹਿਆ ਹੈ। ਸੁਪਨੇ ਬੀਜਣ, ਪਾਲਣ ਤੇ ਨੇਕੀ ਦੇ ਬੀਜ ਵੰਡਣ ਦੀ ਧਰਤੀ ਦਾ ਜਾਇਆ।

ਮੈਨੂੰ ਯਾਦ ਆ ਰਿਹਾ ਸੀ ਕਿ ਕਿਵੇਂ ਦਸ ਸਾਲ ਪਹਿਲਾਂ ਰੇਡੀਓ ਰੈੱਡ ਐੱਫ.ਐੱਮ. ਤੇ ਹਰਜਿੰਦਰ ਥਿੰਦ ਨਾਲ ਮੇਰੀ ਮੁਲਾਕਾਤ ਸੁਣ ਕੇ ਸੁੱਖੀ ਬਾਠ ਨੇ ਮੇਰੇ ਸਹਿਪਾਠੀ ਮੋਹਨ ਗਿੱਲ ਨੂੰ ਫੋਨ ਕਰਕੇ ਮੈਨੂੰ ਮਿਲਣ ਦੀ ਤਾਂਘ ਦੱਸੀ ਸੀ। ਕੈਲੋਨਾ (ਕੈਨੇਡਾ) ਤੋਂ ਪਰਤਦਿਆਂ ਮੋਹਨ ਨੇ ਸੁੱਖੀ ਨਾਲ ਇਕਰਾਰ ਕੀਤਾ ਕਿ ਕੱਲ੍ਹ ਆਵਾਂਗੇ। ਪਰਤ ਕੇ ਉਹ ਰਾਤੀਂ ਮੋਹਨ ਬੀਮਾਰ ਹੋ ਗਿਆ ਤੇ ਪਿਆਰੇ ਮਿੱਤਰ ਕੁਲਦੀਪ ਗਿੱਲ ਦੇ ਨਾਲ ਮੈਂ, ਡਾ. ਗੁਲਜ਼ਾਰ ਵਿਲਿੰਗ ਤੇ ਪੰਜਾਬੋਂ ਕੈਨੇਡਾ ਗਏ ਹੋਏ ਮੇਰੇ ਵੱਡੇ ਵੀਰ ਤੇ ਯੂਨੀਵਰਸਿਟੀ ਸਹਿਕਰਮੀ ਡਾ. ਸਰਜੀਤ ਸਿੰਘ ਗਿੱਲ 'ਸੁੱਖੀ ਬਾਠ ਮੋਟਰਜ਼' 'ਤੇ ਸੁੱਖੀ ਨੂੰ ਜਾ ਮਿਲੇ। ਕਾਰੋਬਾਰ ਦਾ ਆਕਾਰ ਵਿਸ਼ਾਲ ਸੀ, ਪਰ ਸੁੱਖੀ ਦਾ ਮਨ ਕੁਝ ਵੱਧ ਕਰਨ ਦੀ ਇੱਛਾ ਵਿਖਾ ਰਿਹਾ ਸੀ। ਉਦੋਂ ਉਹ ਸਟੂਡੀਓ 7 ਦੇ ਨਾਮ ਹੇਠ ਕੰਮ ਕਰ ਕਰਵਾ ਰਿਹਾ ਸੀ।


ਮੈਂ ਸੁਝਾਅ ਦਿੱਤਾ ਕਿ ਕੈਨਵਸ ਵੱਡਾ ਕਰੋ, ਰੰਗ ਤਾਂ ਹੀ ਨਿੱਖਰਨਗੇ। ਇਸ ਵਿੱਚੋਂ ਹੀ ਪੰਜਾਬ ਭਵਨ ਦਾ ਸੰਕਲਪ ਨਿਕਲਿਆ। ਸੁੱਖੀ ਬਾਠ ਪਰਿਵਾਰ ਨੂੰ ਬਾਬਲ ਸ. ਅਰਜਨ ਸਿੰਘ ਤੇ ਮਾਤਾ ਦੀ ਗੁੜ੍ਹਤੀ ਹੀ ਸ਼ਕਤੀ ਦੇ ਰਹੀ ਹੈ। ਉਸ ਦੀ ਜੀਵਨ ਸਾਥਣ ਭੈਣ ਜੀ ਸੁਖਵਿੰਦਰ, ਪੁੱਤਰ ਲਾਲੀ, ਨੂੰਹ, ਧੀ, ਦਾਮਾਦ, ਪੋਤਰੀਆਂ, ਪੋਤਰਾ ਵੀਰ ਅਰਜਨ, ਭਾਣਜਾ ਅੰਮ੍ਰਿਤਪਾਲ ਸਿੰਘ ਮਾਨ ਤੇ ਉਸ ਦਾ ਪਰਿਵਾਰ ਇਸ ਮਹਾ ਯੱਗ ਵਿੱਚ ਨਿਰੰਤਰ ਸ਼ਾਮਲ ਹੈ। ਹੁਣ ਸੁੱਖੀ ਬਾਠ ਗਲੋਬਲ ਪੰਜਾਬੀ ਭਾਸ਼ਾ ਚੇਤਨਾ ਦਾ ਰਾਜਦੂਤ ਹੈ, ਟੋਰਾਂਟੋ ਵਾਲੇ ਵੀਰ ਡਾ. ਦਲਬੀਰ ਸਿੰਘ ਕਥੂਰੀਆ, ਚੇਅਰਮੈਨ ਵਿਸ਼ਵ ਪੰਜਾਬੀ ਸਭਾ ਤੇ ਸੰਸਥਾਪਕ ਵਿਸ਼ਵ ਪੰਜਾਬੀ ਭਵਨ ਟੋਰਾਂਟੋ (ਕੈਨੇਡਾ) ਵਾਂਗ ਹੀ। ਦਲਬੀਰ ਮਗਰੋਂ ਚੱਲ ਕੇ ਤੇਜ਼ ਤੁਰ ਰਿਹਾ ਹੈ। ਹਰਦੋ ਫਰਾਲਾ (ਜਲੰਧਰ) ਪਿੰਡ ਦੀ ਮਿੱਟੀ ਨੂੰ ਸਲਾਮ! ਕਦੇ ਏਥੇ ਕੋਈ ਨਹੀਂ ਸੀ ਜਾਣਦਾ, ਹੁਣ ਸੁੱਖੀ ਬਾਠ, ਬਲਦੇਵ ਬਾਠ, ਡਾ. ਕੁਲਵਿੰਦਰ ਬਾਠ ਤੇ ਇਸ ਪਿੰਡ ਦਾ ਪੁਰਾਣਾ ਸਰਪੰਚ ਤੇ ਅਮਰੀਕਾ ਵੱਸਦਾ ਪੰਜਾਬੀ ਕਵੀ ਰਵਿੰਦਰ ਸਹਿਰਾਅ ਮੇਰਾ ਵਿਸ਼ਾਲ ਪਰਿਵਾਰ ਹੈ। ਪਿਛਲੇ ਮਹੀਨੇ ਵਿਛੜੇ ਮੇਰੇ ਕਵੀ ਮਿੱਤਰ ਮੰਗਾ ਸਿੰਘ ਬਾਸੀ ਦਾ ਨਾਨਕਾ ਪਿੰਡ ਹਰਦੋ ਫਰਾਲਾ। ਇਸ ਮਿੱਟੀ ਨੂੰ ਸਲਾਮ।

*-ਗੁਰਭਜਨ ਗਿੱਲ*

# ਮਨੁੱਖੀ ਸੁਭਾਅ ਅਤੇ ਇਸ ਦਾ ਸਾਡੇ ਜੀਵਨ ’ਤੇ ਪ੍ਰਭਾਵ

**ਕੰਮ ਦੀਆਂ ਗੱਲਾਂ**

ਡਾ. ਰਛਪਾਲ ਸਿੰਘ ਬਾਜਵਾ
ਫੋਨ: 630-303-8330



### ਜਾਣ-ਪਛਾਣ

*ਮਨੁੱਖੀ ਸੁਭਾਅ ਬਚਪਨ ਤੋਂ ਜਵਾਨੀ ਤੱਕ ਹੌਲੀ-ਹੌਲੀ ਵਿਕਸਤ ਹੁੰਦਾ ਹੈ। ਇੱਕ ਬੱਚਾ ਸਥਿਰ ਵਿਹਾਰ ਨਾਲ ਪੈਦਾ ਨਹੀਂ ਹੁੰਦਾ। ਇਸ ਦੀ ਬਜਾਏ ਆਦਤਾਂ, ਕਦਰਾਂ-ਕੀਮਤਾਂ ਅਤੇ ਰਵੱਈਏ ਸਮੇਂ ਦੇ ਨਾਲ ਸਿੱਖਣ ਤੇ ਅਨੁਭਵ ਦੁਆਰਾ ਵਧਦੇ ਹਨ। ਜ਼ਿੰਦਗੀ ਦੇ ਸ਼ੁਰੂਆਤੀ ਸਾਲ ਬਹੁਤ ਮਹੱਤਵਪੂਰਨ ਹੁੰਦੇ ਹਨ, ਕਿਉਂਕਿ ਇਹ ਉਦੋਂ ਹੁੰਦਾ ਹੈ, ਜਦੋਂ ਮਨ ਸਭ ਤੋਂ ਵੱਧ ਖੁੱਲ੍ਹਾ ਤੇ ਲਚਕਦਾਰ ਹੁੰਦਾ ਹੈ। ਮਾਪੇ ਪਹਿਲੀ ਅਤੇ ਸਭ ਤੋਂ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ। ਉਹ ਬੱਚਿਆਂ ਨੂੰ ਇਮਾਨਦਾਰੀ, ਦਿਆਲਤਾ, ਸਤਿਕਾਰ ਅਤੇ ਅਨੁਸ਼ਾਸਨ ਵਰਗੇ ਬੁਨਿਆਦੀ ਮੁੱਲ ਸਿਖਾਉਂਦੇ ਹਨ। ਬੱਚੇ ਮਾਪਿਆਂ ਦੇ ਕੰਮਾਂ ਤੋਂ ਜ਼ਿਆਦਾ ਸਿੱਖਦੇ ਹਨ। ਪਿਆਰ ਅਤੇ ਸਹਿਚਾਰ ਵਾਲਾ ਘਰ ਵਿਸ਼ਵਾਸ ਪੈਦਾ ਕਰਦਾ ਹੈ, ਜਦੋਂ ਕਿ ਇੱਕ ਸਖ਼ਤ ਜਾਂ ਅਣਗਹਿਲੀ ਵਾਲਾ ਵਾਤਾਵਰਣ ਡਰ ਜਾਂ ਅਸੁਰੱਖਿਆ ਪੈਦਾ ਕਰ ਸਕਦਾ ਹੈ। ਸਮਾਜ ਮਨੁੱਖੀ ਸੁਭਾਅ ਨੂੰ ਵੀ ਆਕਾਰ ਦਿੰਦਾ ਹੈ। ਸਕੂਲ, ਦੋਸਤ, ਗੁਆਂਢੀ ਅਤੇ ਮੀਡੀਆ ਇੱਕ ਵਿਅਕਤੀ ਦੇ ਸੋਚਣ ਤੇ ਵਿਹਾਰ ਕਰਨ ਦੇ ਤਰੀਕੇ ਨੂੰ ਪ੍ਰਭਾਵਿਤ ਕਰਦੇ ਹਨ। ਚੰਗਾ ਸਮਾਜਿਕ ਮਾਹੌਲ ਸਹਿਯੋਗ, ਜ਼ਿੰਮੇਵਾਰੀ ਅਤੇ ਦੂਜਿਆਂ ਪ੍ਰਤੀ ਸਤਿਕਾਰ ਨੂੰ ਉਤਸ਼ਾਹਿਤ ਕਰਦਾ ਹੈ। ਦੂਜੇ ਪਾਸੇ, ਨਕਾਰਾਤਮਕ ਪ੍ਰਭਾਵ ਨੁਕਸਾਨਦੇਹ ਆਦਤਾਂ ਨੂੰ ਜਨਮ ਦੇ ਸਕਦੇ ਹਨ। ਪੇਂਡੂ ਅਤੇ ਸ਼ਹਿਰੀ ਪਾਲਣ-ਪੋਸ਼ਣ ਵੀ ਫ਼ਰਕ ਪਾਉਂਦਾ ਹੈ। ਪੇਂਡੂ ਜੀਵਨ ਅਕਸਰ ਸਾਦਗੀ, ਨਜ਼ਦੀਕੀ ਪਰਿਵਾਰਕ ਬੰਧਨ ਅਤੇ ਕੁਦਰਤ ਨਾਲ ਸਬੰਧ ਸਿਖਾਉਂਦਾ ਹੈ। ਸ਼ਹਿਰੀ ਜੀਵਨ ਆਮ ਤੌਰ ‘ਤੇ ਬਿਹਤਰ ਸਿੱਖਿਆ, ਐਕਸਪੋਜ਼ਰ ਅਤੇ ਮੌਕੇ ਪ੍ਰਦਾਨ ਕਰਦਾ ਹੈ, ਪਰ ਤਣਾਅ ਤੇ ਮੁਕਾਬਲਾ ਵੀ ਲਿਆ ਸਕਦਾ ਹੈ। ਮਨੁੱਖੀ ਸੁਭਾਅ ਪਰਿਵਾਰ, ਸਮਾਜ ਅਤੇ ਵਾਤਾਵਰਣ ਦੇ ਸੁਮੇਲ ਦੁਆਰਾ ਆਕਾਰ ਪ੍ਰਾਪਤ ਕਰਦਾ ਹੈ। ਇਕੱਠੇ ਮਿਲ ਕੇ, ਉਹ ਇੱਕ ਵਿਅਕਤੀ ਦੇ ਵਿਕਾਸ ਦੀ ਅਗਵਾਈ ਕਰਦੇ ਹਨ ਅਤੇ ਉਸਦੇ ਚਰਿੱਤਰ ਨੂੰ ਬਣਾਉਣ ਵਿੱਚ ਮਦਦ ਕਰਦੇ ਹਨ।*

## ਮਨੁੱਖੀ ਸੁਭਾਅ ਕੀ ਹੈ?

ਮਨੁੱਖੀ ਸੁਭਾਅ ਤੋਂ ਭਾਵ ਉਹ ਬੁਨਿਆਦੀ ਗੁਣ, ਭਾਵਨਾਵਾਂ, ਵਿਚਾਰ ਅਤੇ ਵਿਹਾਰ ਹੈ, ਜੋ ਸਾਰੇ ਮਨੁੱਖ ਸਾਂਝੇ ਕਰਦੇ ਹਨ। ਇਸ ਵਿੱਚ ਸ਼ਾਮਲ ਹੈ- ਅਸੀਂ ਕਿਵੇਂ ਸੋਚਦੇ ਹਾਂ, ਅਸੀਂ ਕਿਵੇਂ ਮਹਿਸੂਸ ਕਰਦੇ ਹਾਂ, ਅਸੀਂ ਸਥਿਤੀਆਂ ਪ੍ਰਤੀ ਕਿਵੇਂ ਪ੍ਰਤੀਕਿਰਿਆ ਕਰਦੇ ਹਾਂ ਅਤੇ ਅਸੀਂ ਦੂਜੇ ਲੋਕਾਂ ਨਾਲ ਕਿਵੇਂ ਪੇਸ਼ ਆਉਂਦੇ ਹਾਂ। ਜਨਮ ਤੋਂ ਲੈ ਕੇ ਬੁਢਾਪੇ ਤੱਕ ਮਨੁੱਖੀ ਸੁਭਾਅ ਸਾਡੇ ਕੰਮਾਂ, ਫੈਸਲਿਆਂ ਅਤੇ ਰਿਸ਼ਤਿਆਂ ਦਾ ਮਾਰਗਦਰਸ਼ਨ ਕਰਦਾ ਹੈ। ਕੋਈ ਵੀ ਮਨੁੱਖ ਇਕੱਲਾ ਨਹੀਂ ਰਹਿੰਦਾ। ਪੈਦਾ ਹੋਣ ਦੇ ਪਲ ਤੋਂ ਬੱਚਾ ਮਾਪਿਆਂ, ਪਰਿਵਾਰ ਅਤੇ ਸਮਾਜ ‘ਤੇ ਨਿਰਭਰ ਕਰਦਾ ਹੈ। ਅਸੀਂ ਦੂਜਿਆਂ ਨਾਲ ਕਿਵੇਂ ਰਹਿੰਦੇ ਹਾਂ, ਦੇ ਬਦਲੇ ਵਿੱਚ ਸਮਾਜ ਸਾਡੇ ਸੁਭਾਅ ਨੂੰ ਆਕਾਰ ਦਿੰਦਾ ਹੈ। ਮਨੁੱਖੀ ਸੁਭਾਅ ਦੇ ਚੰਗੇ ਅਤੇ ਮਾੜੇ ਪਹਿਲੂ ਹਨ। ਮਨੁੱਖ ਪਿਆਰ ਕਰਨ ਵਾਲੇ, ਦਿਆਲੂ ਅਤੇ ਸਹਿਯੋਗੀ ਹੋ ਸਕਦੇ ਹਨ। ਇਸ ਦੇ ਨਾਲ ਹੀ ਉਹ ਸੁਆਰਥੀ, ਗੁੱਸੇ ਵਾਲੇ, ਡਰਾਉਣੇ ਜਾਂ ਈਰਖਾਲੂ ਵੀ ਹੋ ਸਕਦੇ ਹਨ। ਜ਼ਿੰਦਗੀ ਇਨ੍ਹਾਂ ਪੱਖਾਂ ਨੂੰ ਸੰਤੁਲਿਤ ਕਰਨ ਅਤੇ ਸਿੱਖਣ ਦੀ ਯਾਤਰਾ ਹੈ।

## ਮਨੁੱਖੀ ਸੁਭਾਅ ਦੇ ਮੂਲ ਤੱਤ

**1. ਪਿਆਰ ਅਤੇ ਦੇਖਭਾਲ ਦੀ ਲੋੜ:** ਹਰ ਮਨੁੱਖ ਨੂੰ ਪਿਆਰ ਦੀ ਲੋੜ ਹੁੰਦੀ ਹੈ। ਇੱਕ ਬੱਚੇ ਨੂੰ ਮਾਂ ਦੇ ਛੋਹ ਤੇ ਦੁਲਾਰ ਦੀ ਲੋੜ ਹੁੰਦੀ ਹੈ। ਇੱਕ ਬਾਲਗ ਨੂੰ ਸਤਿਕਾਰ ਤੇ ਸਾਥ ਦੀ ਲੋੜ ਹੁੰਦੀ ਹੈ। ਇੱਕ ਬਜ਼ੁਰਗ ਵਿਅਕਤੀ ਨੂੰ ਦੇਖਭਾਲ ਤੇ ਧਿਆਨ ਦੀ ਲੋੜ ਹੁੰਦੀ ਹੈ। ਜਦੋਂ ਲੋਕ ਪਿਆਰ ਮਹਿਸੂਸ ਕਰਦੇ ਹਨ, ਤਾਂ ਉਹ ਸ਼ਾਂਤ ਤੇ ਦਿਆਲੂ ਹੋ ਜਾਂਦੇ ਹਨ। ਜਦੋਂ ਪਿਆਰ ਦੀ ਘਾਟ ਹੁੰਦੀ ਹੈ ਤਾਂ ਲੋਕ ਅਕਸਰ ਗੁੱਸੇ, ਉਦਾਸ ਜਾਂ ਹਮਲਾਵਰ ਹੋ ਜਾਂਦੇ ਹਨ।

**2. ਸੁਰੱਖਿਆ ਦੀ ਲੋੜ:** ਮਨੁੱਖ ਭੋਜਨ, ਆਸਰਾ, ਪੈਸਾ ਅਤੇ ਸੁਰੱਖਿਆ ਚਾਹੁੰਦੇ ਹਨ। ਇਨ੍ਹਾਂ ਚੀਜ਼ਾਂ ਨੂੰ ਗੁਆਉਣ ਦਾ ਡਰ ਲੋਕਾਂ ਨੂੰ ਚਿੰਤਤ ਅਤੇ ਸੁਆਰਥੀ ਬਣਾ ਸਕਦਾ ਹੈ। ਸਮਾਜ ਵਿੱਚ ਬਹੁਤ ਸਾਰੇ ਟਕਰਾਅ ਇਸ ਲਈ ਹੁੰਦੇ ਹਨ, ਕਿਉਂਕਿ ਲੋਕ ਅਸੁਰੱਖਿਅਤ ਮਹਿਸੂਸ ਕਰਦੇ ਹਨ।

**3. ਆਪਣੇ ਆਪ ਨੂੰ ਜੋੜਨ ਦੀ ਇੱਛਾ:** ਮਨੁੱਖ ਆਪਣੇ ਆਪ ਨੂੰ ਇੱਕ ਪਰਿਵਾਰ, ਇੱਕ ਸਮੂਹ, ਇੱਕ ਧਰਮ, ਇੱਕ ਰਾਸ਼ਟਰ ਨਾਲ ਜੋੜਨਾ ਚਾਹੁੰਦੇ ਹਨ। ਇਹ ਭਾਵਨਾ ਭਾਈਚਾਰਿਆਂ ਨੂੰ ਬਣਾਉਣ ਵਿੱਚ ਮਦਦ ਕਰਦੀ ਹੈ, ਪਰ ਕਈ ਵਾਰ ਇਹ ‘ਸਾਡੇ’ ਅਤੇ ‘ਉਨ੍ਹਾਂ’ ਵਿਚਕਾਰ ਵੰਡ ਵੀ ਪੈਦਾ ਕਰਦੀ ਹੈ।

**4. ਸਹੀ ਅਤੇ ਗਲਤ ਦੀ ਭਾਵਨਾ:** ਜ਼ਿਆਦਾਤਰ ਮਨੁੱਖਾਂ ਦੀ ਜ਼ਮੀਰ ਹੁੰਦੀ ਹੈ। ਜਦੋਂ ਉਹ ਦੂਜਿਆਂ ਨੂੰ ਨੁਕਸਾਨ ਪਹੁੰਚਾਉਂਦੇ ਹਨ ਤਾਂ ਉਹ ਦੋਸ਼ੀ ਮਹਿਸੂਸ ਕਰਦੇ ਹਨ ਅਤੇ ਜਦੋਂ ਉਹ ਚੰਗਾ ਕਰਦੇ ਹਨ ਤਾਂ ਸੰਤੁਸ਼ਟੀ। ਇਹ ਨੈਤਿਕ ਭਾਵਨਾ ਸਿੱਖਣ ਤੇ ਅਨੁਭਵ ਨਾਲ ਵਧਦੀ ਹੈ।

**5. ਸਿੱਖਣ ਅਤੇ ਬਦਲਣ ਦੀ ਯੋਗਤਾ:** ਜਾਨਵਰਾਂ ਦੇ ਉਲਟ ਮਨੁੱਖ ਆਪਣੇ ਕੰਮਾਂ ‘ਤੇ ਵਿਚਾਰ ਕਰ ਸਕਦਾ ਹੈ ਅਤੇ ਆਪਣੇ ਵਿਹਾਰ ਨੂੰ ਬਦਲ ਸਕਦਾ ਹੈ। ਮਨੁੱਖੀ ਸੁਭਾਅ ਸਥਿਰ ਨਹੀਂ ਹੈ, ਇਹ ਸਮੇਂ ਦੇ ਨਾਲ ਵਿਕਸਤ ਹੁੰਦਾ ਹੈ।

## ਬਚਪਨ ਵਿੱਚ ਮਨੁੱਖੀ ਸੁਭਾਅ

ਬਚਪਨ ਜੀਵਨ ਦਾ ਸਭ ਤੋਂ ਵੱਧ ਨਿਰਭਰ ਪੜਾਅ ਹੈ। ਇੱਕ ਬੱਚਾ ਇਕੱਲਾ ਨਹੀਂ ਰਹਿ ਸਕਦਾ। ਉਸਦਾ ਸੁਭਾਅ ਮੁੱਖ ਤੌਰ ‘ਤੇ ਮਾਪਿਆਂ, ਪਰਿਵਾਰ ਅਤੇ ਆਲੇ-ਦੁਆਲੇ ਦੁਆਰਾ ਘੜਿਆ ਜਾਂਦਾ ਹੈ। ਬੱਚੇ ਕੁਦਰਤੀ ਤੌਰ ‘ਤੇ ਉਤਸੁਕ ਹੁੰਦੇ ਹਨ। ਉਹ ਸਵਾਲ ਪੁੱਛਦੇ ਹਨ, ਦੁਨੀਆ ਦੀ ਪੜਚੋਲ ਕਰਦੇ ਹਨ ਅਤੇ ਦੂਜਿਆਂ ਨੂੰ ਦੇਖ ਕੇ ਸਿੱਖਦੇ ਹਨ। ਇਸ ਪੜਾਅ ‘ਤੇ ਮਨੁੱਖੀ ਸੁਭਾਅ ਨਰਮ ਅਤੇ ਲਚਕਦਾਰ ਹੁੰਦਾ ਹੈ। ਬੱਚੇ ਜੋ ਦੇਖਦੇ ਹਨ ਉਸਦੀ ਨਕਲ ਕਰਦੇ ਹਨ: ਜੇ ਮਾਪੇ ਪਿਆਰ ਕਰਨ ਵਾਲੇ ਹਨ ਤਾਂ ਬੱਚੇ ਦੇਖਭਾਲ ਕਰਨ ਵਾਲੇ ਬਣ ਜਾਂਦੇ ਹਨ। ਜੇ ਮਾਪੇ ਅਕਸਰ ਲੜਦੇ ਹਨ ਤਾਂ ਬੱਚੇ ਗੁੱਸਾ ਸਿੱਖ ਸਕਦੇ ਹਨ। ਜੇ ਬਜ਼ੁਰਗ ਸੱਚ ਬੋਲਦੇ ਹਨ ਤਾਂ ਬੱਚੇ ਇਮਾਨਦਾਰੀ ਸਿੱਖਦੇ ਹਨ।

ਬੱਚੇ ਪ੍ਰਸ਼ੰਸਾ ਚਾਹੁੰਦੇ ਹਨ। ਪ੍ਰਸ਼ੰਸਾ ਚੰਗੇ ਵਿਹਾਰ ਨੂੰ ਉਤਸ਼ਾਹਿਤ ਕਰਦੀ ਹੈ, ਜਦੋਂ ਕਿ ਸਖ਼ਤ ਸਜ਼ਾ ਡਰ ਪੈਦਾ ਕਰ ਸਕਦੀ ਹੈ। ਜਦੋਂ ਬੱਚੇ ਅਣਦੇਖਾ ਮਹਿਸੂਸ ਕਰਦੇ ਹਨ, ਤਾਂ ਉਨ੍ਹਾਂ ਵਿੱਚ ਅਸੁਰੱਖਿਆ ਜਾਂ ਜ਼ਿੱਦ ਪੈਦਾ ਹੋ ਸਕਦੀ ਹੈ। ਸਕੂਲ ਅਤੇ ਖੇਡ ਵਿੱਚ ਬੱਚੇ ਸਾਂਝਾਕਰਨ, ਦੋਸਤੀ ਅਤੇ ਟੀਮ ਵਰਕ ਸਿੱਖਦੇ ਹਨ ਤੇ ਸਮਾਜਿਕ ਸਬੰਧ ਵਿਕਸਤ ਕਰਦੇ ਹਨ। ਟਕਰਾਅ ਉਨ੍ਹਾਂ ਨੂੰ ਸਮਝੌਤਾ ਸਿਖਾਉਂਦੇ ਹਨ। ਇਹ ਸ਼ੁਰੂਆਤੀ ਸਮਾਜਿਕ ਸਬਕ ਜ਼ਿੰਦਗੀ ਭਰ ਉਨ੍ਹਾਂ ਦੇ ਨਾਲ ਰਹਿੰਦੇ ਹਨ।

## ਕਿਸ਼ੋਰ ਅਵਸਥਾ ਅਤੇ ਜਵਾਨੀ ਵਿੱਚ ਮਨੁੱਖੀ ਸੁਭਾਅ

ਜਵਾਨੀ ਉਹ ਪੜਾਅ ਹੈ, ਜਿੱਥੇ ਇੱਕ ਵਿਅਕਤੀ ਪੁੱਛਦਾ ਹੈ: ਮੈਂ ਕੌਣ ਹਾਂ? ਮੈਂ ਕੀ ਬਣਨਾ ਚਾਹੁੰਦਾ ਹਾਂ? ਮੈਂ ਕਿੱਥੇ ਹਾਂ? ਇਹ ਤਿੰਨੋਂ ਚੀਜ਼ਾਂ ਉਲਝਣ, ਉਤੇਜਨਾ ਅਤੇ ਕਈ ਵਾਰ ਬਗਾਵਤ ਪੈਦਾ ਕਰਦੀਆਂ ਹਨ। ਹਾਰਮੋਨਲ ਅਤੇ ਭਾਵਨਾਤਮਕ ਤਬਦੀਲੀਆਂ ਨੌਜਵਾਨਾਂ ਨੂੰ ਸੰਵੇਦਨਸ਼ੀਲ ਬਣਾਉਂਦੀਆਂ ਹਨ। ਉਹ ਖੁਸ਼ੀ ਦੇ ਨਾਲ ਨਾਲ ਗੁੱਸੇ ਅਤੇ ਉਦਾਸੀ ਨੂੰ ਵੀ ਡੂੰਘਾਈ ਨਾਲ ਮਹਿਸੂਸ ਕਰਦੇ ਹਨ। ਇਸੇ ਕਰਕੇ ਜਵਾਨੀ ਵਿੱਚ ਮਨੁੱਖ ਆਦਰਸ਼ਵਾਦੀ ਤੇ ਬਹਾਦਰ, ਗੁੱਸੇ ਤੇ ਬੇਸਬਰਾ ਅਤੇ ਪਿਆਰ ਕਰਨ ਵਾਲਾ ਤੇ ਭਾਵੁਕ ਹੋ ਸਕਦਾ ਹੈ।



ਜਵਾਨੀ ਦੌਰਾਨ ਦੋਸਤ ਅਕਸਰ ਪਰਿਵਾਰ ਨਾਲੋਂ ਵਿਹਾਰ ਨੂੰ ਜ਼ਿਆਦਾ ਪ੍ਰਭਾਵਿਤ ਕਰਦੇ ਹਨ। ਇਹ ਪੜਾਅ ਚੰਗੀਆਂ ਆਦਤਾਂ (ਪੜ੍ਹਾਈ, ਖੇਡਾਂ) ਜਾਂ ਬੁਰੀਆਂ ਆਦਤਾਂ (ਨਸ਼ਾ, ਹਿੰਸਾ) ਵੱਲ ਲੈ ਜਾ ਸਕਦਾ ਹੈ। ਨੌਜਵਾਨ ਵੱਡੇ ਸੁਪਨੇ ਦੇਖਦੇ ਹਨ। ਉਹ ਸਫਲਤਾ, ਸਤਿਕਾਰ ਅਤੇ ਮਾਨਤਾ ਚਾਹੁੰਦੇ ਹਨ। ਜਦੋਂ ਮੌਕੇ ਉਪਲਬਧ ਹੁੰਦੇ ਹਨ, ਨੌਜਵਾਨ-ਊਰਜਾ ਸਮਾਜ ਦਾ ਨਿਰਮਾਣ ਕਰਦੀ ਹੈ। ਜਦੋਂ ਮੌਕੇ ਗਾਇਬ ਹੁੰਦੇ ਹਨ ਤਾਂ ਨਿਰਾਸ਼ਾ ਵਧਦੀ ਹੈ। ਨੌਜਵਾਨ ਅਕਸਰ ਪਰੰਪਰਾਵਾਂ ਅਤੇ ਅਧਿਕਾਰ ‘ਤੇ ਸਵਾਲ ਉਠਾਉਂਦੇ ਹਨ। ਇਹ ਸਮਾਜ ਨੂੰ ਤਰੱਕੀ ਕਰਨ ਵਿੱਚ ਮਦਦ ਕਰਦਾ ਹੈ, ਪਰ ਮਾਰਗਦਰਸ਼ਨ ਦੀ ਘਾਟ ਟਕਰਾਅ ਦਾ ਕਾਰਨ ਬਣ ਸਕਦੀ ਹੈ। ਜਵਾਨੀ ਦੌਰਾਨ ਸੰਤੁਲਿਤ ਮਨੁੱਖੀ ਸੁਭਾਅ ਲਈ ਜ਼ਿੰਮੇਵਾਰੀ ਨਾਲ ਆਜ਼ਾਦੀ ਅਤੇ ਬਿਨਾ ਕਿਸੇ ਨਿਯੰਤਰਣ ਦੇ ਮਾਰਗਦਰਸ਼ਨ ਦੀ ਲੋੜ ਹੁੰਦੀ ਹੈ।

## ਬਾਲਗਤਾ ਵਿੱਚ ਮਨੁੱਖੀ ਸੁਭਾਅ

ਬਾਲਗਤਾ ਨੌਕਰੀ, ਪਰਿਵਾਰ, ਬੱਚੇ, ਸਮਾਜ ਪ੍ਰਤੀ ਜ਼ਿੰਮੇਵਾਰੀ ਲਿਆਉਂਦੀ ਹੈ। ਮਨੁੱਖੀ ਸੁਭਾਅ ਵਧੇਰੇ ਵਿਹਾਰਕ ਅਤੇ ਗੰਭੀਰ ਬਣ ਜਾਂਦਾ ਹੈ। ਬਾਲਗਾਂ ਨੂੰ ਨਿੱਜੀ ਇੱਛਾਵਾਂ, ਪਰਿਵਾਰਕ ਜ਼ਰੂਰਤਾਂ ਅਤੇ ਸਮਾਜਿਕ ਉਮੀਦਾਂ ਦਰਮਿਆਨ ਸੰਤੁਲਨ ਬਣਾਉਣਾ ਚਾਹੀਦਾ ਹੈ। ਇਹ ਸੰਤੁਲਨ ਦੂਜਿਆਂ ਨਾਲ ਉਨ੍ਹਾਂ ਦੇ ਵਿਹਾਰ ਨੂੰ ਆਕਾਰ ਦਿੰਦਾ ਹੈ। ਕੰਮ ਵਾਲੀ ਥਾਂ ‘ਤੇ ਮਨੁੱਖੀ ਸੁਭਾਅ ਸਹਿਯੋਗ ਅਤੇ ਟੀਮ ਵਰਕ ਦੇ ਨਾਲ ਨਾਲ ਮੁਕਾਬਲਾ ਤੇ ਈਰਖਾ, ਈਮਾਨਦਾਰੀ ਜਾਂ ਬੇਈਮਾਨੀ ਵੀ ਦਿਖਾਉਂਦਾ ਹੈ। ਸਫਲ ਹੋਣ ਦਾ ਦਬਾਅ ਲੋਕਾਂ ਨੂੰ ਸੁਆਰਥੀ ਬਣਾ ਸਕਦਾ ਹੈ, ਪਰ ਮਜਬੂਤ ਕਦਰਾਂ-ਕੀਮਤਾਂ ਨਿਰਪੱਖਤਾ ਬਣਾਈ ਰੱਖਣ ਵਿੱਚ ਮਦਦ ਕਰਦੀਆਂ ਹਨ।

ਵਿਆਹ ਅਤੇ ਪਾਲਣ-ਪੋਸ਼ਣ ਮਨੁੱਖੀ ਸੁਭਾਅ ਨੂੰ ਡੂੰਘਾ ਪ੍ਰਭਾਵਿਤ ਕਰਦੇ ਹਨ। ਪਿਆਰ ਅਤੇ ਕੁਰਬਾਨੀ ਵਧਦੀ ਹੈ; ਧੀਰਜ ਜ਼ਰੂਰੀ ਹੋ ਜਾਂਦਾ ਹੈ ਜਾਂ ਹੰਕਾਰ ਤੇ ਟਕਰਾਅ ਪੈਦਾ ਹੋ ਸਕਦੇ ਹਨ। ਬਾਲਗ ਸਿੱਖਦੇ ਹਨ ਕਿ ਰਿਸ਼ਤੇ ਗੁੱਸੇ ‘ਤੇ ਨਹੀਂ, ਸਗੋਂ ਸਮਝ ਅਤੇ ਮਾਫ਼ੀ ‘ਤੇ ਟਿਕੇ ਰਹਿੰਦੇ ਹਨ। ਬਾਲਗਾਂ ਨੂੰ ਨੈਤਿਕ ਫੈਸਲਿਆਂ ਜਿਵੇਂ ਸੱਚਾਈ ਬਨਾਮ ਲਾਭ ਅਤੇ ਨਿਆਂ ਬਨਾਮ ਸਹੂਲਤ ਦਾ ਸਾਹਮਣਾ ਕਰਨਾ ਪੈਂਦਾ ਹੈ। ਇਹ ਚੋਣਾਂ ਸਮਾਜ ਦੇ ਭਵਿੱਖ ਨੂੰ ਆਕਾਰ ਦਿੰਦੀਆਂ ਹਨ। ਇੱਕ ਪਰਿਪੱਕ ਮਨੁੱਖੀ ਸੁਭਾਅ ਥੋੜ੍ਹੇ ਸਮੇਂ ਦੇ ਲਾਭ ਨੂੰ ਨਹੀਂ, ਸਗੋਂ ਲੰਬੇ ਸਮੇਂ ਦੇ ਭਲੇ ਨੂੰ ਸਮਝਦਾ ਹੈ।

## ਮੱਧ ਯੁੱਗ ਵਿੱਚ ਮਨੁੱਖੀ ਸੁਭਾਅ

ਮੱਧ ਯੁੱਗ ਚਿੰਤਨ ਦਾ ਸਮਾਂ ਹੁੰਦਾ ਹੈ। ਲੋਕ ਪਿੱਛੇ ਮੁੜ ਕੇ ਪੁੱਛਦੇ ਹਨ: ਕੀ ਮੈਂ ਉਹ ਪ੍ਰਾਪਤ ਕੀਤਾ ਜੋ ਮੈਂ ਚਾਹੁੰਦਾ ਸੀ? ਕੀ ਮੈਂ ਲੋਕਾਂ ਨਾਲ ਚੰਗਾ ਵਿਹਾਰ ਕੀਤਾ? ਇਸ ਪੜਾਅ ‘ਤੇ ਲੋਕ ਅਕਸਰ ਬੱਚਿਆਂ ਅਤੇ ਬੁੱਢੇ ਮਾਪਿਆਂ ਦੀ ਦੇਖਭਾਲ ਕਰਦੇ ਹਨ। ਇਹ ਜ਼ਿੰਮੇਵਾਰੀ ਹਮਦਰਦੀ ਅਤੇ ਧੀਰਜ ਨੂੰ ਵਧਾ ਸਕਦੀ ਹੈ। ਬੁਢਾਪੇ, ਸਿਹਤ ਸਮੱਸਿਆਵਾਂ ਅਤੇ ਰੁਤਬੇ ਦੇ ਨੁਕਸਾਨ ਦਾ ਡਰ ਅਸੁਰੱਖਿਆ ਪੈਦਾ ਕਰ ਸਕਦਾ ਹੈ। ਕੁਝ ਲੋਕ ਕੌੜੇ ਹੋ ਜਾਂਦੇ ਹਨ, ਜਦੋਂ ਕਿ ਦੂਸਰੇ ਸਿਆਣੇ ਅਤੇ ਸ਼ਾਂਤ ਹੋ ਜਾਂਦੇ ਹਨ। ਇੱਥੇ ਮਨੁੱਖੀ ਸੁਭਾਅ ਅੰਦਰੂਨੀ ਤਾਕਤ ਤੇ ਸਵੀਕ੍ਰਿਤੀ ‘ਤੇ ਨਿਰਭਰ ਕਰਦਾ ਹੈ।

## ਬੁਢਾਪੇ ਵਿੱਚ ਮਨੁੱਖੀ ਸੁਭਾਅ

ਬੁਢਾਪਾ ਸਰੀਰਕ ਤਾਕਤ ਨੂੰ ਘਟਾਉਂਦਾ ਹੈ, ਪਰ ਭਾਵਨਾਤਮਕ ਜ਼ਰੂਰਤਾਂ ਨੂੰ ਵਧਾਉਂਦਾ ਹੈ। ਬਜ਼ੁਰਗ ਸਤਿਕਾਰ, ਸੁਣਨਾ ਅਤੇ ਸ਼ਮੂਲੀਅਤ ਚਾਹੁੰਦੇ ਹਨ। ਜਦੋਂ ਸਮਾਜ ਬਜ਼ੁਰਗਾਂ ਨੂੰ ਨਜ਼ਰਅੰਦਾਜ਼ ਕਰਦਾ ਹੈ, ਤਾਂ ਉਹ ਇਕੱਲੇ ਅਤੇ ਬੇਕਾਰ ਮਹਿਸੂਸ ਕਰਦੇ ਹਨ। ਜਦੋਂ ਉਨ੍ਹਾਂ ਦੀ ਕਦਰ ਕੀਤੀ ਜਾਂਦੀ ਹੈ, ਤਾਂ ਉਹ ਬੁੱਧੀ ਦਾ ਸਰੋਤ ਬਣ ਜਾਂਦੇ ਹਨ। ਬੁਢਾਪਾ ਤਬਦੀਲੀ, ਨੁਕਸਾਨ ਅਤੇ ਮੌਤ ਨੂੰ ਸਵੀਕਾਰ ਕਰਨਾ ਸਿਖਾਉਂਦਾ ਹੈ। ਮਨੁੱਖੀ ਸੁਭਾਅ ਨਰਮ, ਘੱਟ ਹਮਲਾਵਰ ਅਤੇ ਵਧੇਰੇ ਅਧਿਆਤਮਿਕ ਹੋ ਜਾਂਦਾ ਹੈ। ਬਜ਼ੁਰਗ ਬੱਚਿਆਂ ਵਾਂਗ ਦੁਬਾਰਾ ਪਰਿਵਾਰ ਅਤੇ ਸਮਾਜ ‘ਤੇ ਨਿਰਭਰ ਹੋ ਜਾਂਦੇ ਹਨ। ਇਹ ਜੀਵਨ ਦੇ ਚੱਕਰ ਨੂੰ ਦਰਸਾਉਂਦਾ ਹੈ।

## ਮਨੁੱਖੀ ਸੁਭਾਅ ਅਤੇ ਸਮਾਜ

ਇੱਕ ਦੇਖਭਾਲ ਕਰਨ ਵਾਲਾ, ਦਿਆਲੂ ਅਤੇ ਹਮਦਰਦ ਸਮਾਜ ਇੱਕ ਪਰਿਪੱਕ ਸਮੂਹਿਕ ਮਨੁੱਖੀ ਸੁਭਾਅ ਨੂੰ ਦਰਸਾਉਂਦਾ ਹੈ। ਮਨੁੱਖੀ ਸੁਭਾਅ ਨਿੱਜੀ ਅਤੇ ਸਮੂਹਿਕ ਪੱਧਰ ‘ਤੇ ਮੌਜੂਦ ਹੈ। ਵਿਅਕਤੀਗਤ ਸੁਆਰਥ ਸਮਾਜ ਨੂੰ ਨੁਕਸਾਨ ਪਹੁੰਚਾ ਸਕਦਾ ਹੈ, ਜਦੋਂ ਕਿ ਸਮੂਹਿਕ ਦੇਖਭਾਲ ਸਮਾਜ ਸਮੇਤ ਸਾਰਿਆਂ ਨੂੰ ਉੱਚਾ ਚੁੱਕ ਸਕਦੀ ਹੈ ਅਤੇ ਉਸਾਰ ਸਕਦੀ ਹੈ। ਸਾਰੇ ਟਕਰਾਅ- ਪਰਿਵਾਰਕ ਝਗੜੇ, ਸਮਾਜਿਕ ਅਸ਼ਾਂਤੀ, ਯੁੱਧ ਆਦਿ ਲਾਲਚ, ਡਰ ਅਤੇ ਗੁੱਸੇ ਵਰਗੀਆਂ ਬੇਕਾਬੂ ਮਨੁੱਖੀ ਭਾਵਨਾਵਾਂ ਤੋਂ ਆਉਂਦੇ ਹਨ। ਇਸ ਦੇ ਨਾਲ ਹੀ ਸਹਿਯੋਗ, ਦਾਨ ਅਤੇ ਏਕਤਾ ਮਨੁੱਖੀ ਸੁਭਾਅ ਦੇ ਚਮਕਦਾਰ ਪੱਖ ਨੂੰ ਦਰਸਾਉਂਦੇ ਹਨ।

ਸੱਭਿਆਚਾਰ ਮਨੁੱਖੀ ਵਿਹਾਰ ਨੂੰ ਸੇਧ ਦਿੰਦਾ ਹੈ। ਪਰੰਪਰਾਵਾਂ ਸਤਿਕਾਰ ਸਿਖਾਉਂਦੀਆਂ ਹਨ; ਸਿੱਖਿਆ ਜਾਗਰੂਕਤਾ ਪੈਦਾ ਕਰਦੀ ਹੈ; ਧਰਮ ਅਤੇ ਦਰਸ਼ਨ ਦਇਆ ਨੂੰ ਉਤਸ਼ਾਹਿਤ ਕਰਦੇ ਹਨ। ਅੰਨ੍ਹੇ ਵਿਸ਼ਵਾਸ ਲੋਕਾਂ ਨੂੰ ਵੰਡ ਸਕਦੇ ਹਨ। ਸੰਤੁਲਿਤ ਮਨੁੱਖੀ ਸੁਭਾਅ ਨੂੰ ਖੁੱਲ੍ਹੀ ਸੋਚ ਦੀ ਲੋੜ ਹੁੰਦੀ ਹੈ। ਮਨੁੱਖੀ ਸੁਭਾਅ ਦੇ ਚੰਗੇ ਅਤੇ ਮਾੜੇ ਪੱਖ ਹਨ। ਸਕਾਰਾਤਮਕ ਗੁਣਾਂ ਵਿੱਚ ਦਿਆਲਤਾ, ਈਮਾਨਦਾਰੀ, ਹਮਦਰਦੀ, ਸਹਿਯੋਗ ਅਤੇ ਧੀਰਜ ਆ ਜਾਂਦੇ ਹਨ; ਜਦੋਂ ਕਿ ਲਾਲਚ, ਹੰਕਾਰ, ਡਰ, ਗੁੱਸਾ ਅਤੇ ਈਰਖਾ ਨਕਾਰਾਤਮਕ ਗੁਣ ਹਨ। ਜ਼ਿੰਦਗੀ ਦਾ ਅਰਥ ਹੈ- ਚੰਗਿਆਈ ਨੂੰ ਮਜਬੂਤ ਕਰਨਾ ਅਤੇ ਬੁਰੇ ਨੂੰ ਕਾਬੂ ਕਰਨਾ।

## ਕੀ ਮਨੁੱਖੀ ਸੁਭਾਅ ਬਦਲ ਸਕਦਾ ਹੈ?

ਹਾਂ! ਮਨੁੱਖੀ ਸੁਭਾਅ ਸਿੱਖਿਆ, ਅਨੁਭਵ, ਦੁੱਖ ਅਤੇ ਸਵੈ-ਪ੍ਰਤੀਬਿੰਬ ਨਾਲ ਬਦਲਦਾ ਹੈ। ਗਲਤੀਆਂ ਤੋਂ ਸਿੱਖਣ ਵਾਲਾ ਵਿਅਕਤੀ ਸਿਆਣਾ ਹੁੰਦਾ ਹੈ। ਇਤਿਹਾਸ ਤੋਂ ਸਿੱਖਣ ਵਾਲਾ ਸਮਾਜ ਵਧੇਰੇ ਮਨੁੱਖੀ ਬਣ ਜਾਂਦਾ ਹੈ। ਸਿੱਖਿਆ ਨੂੰ ਸਿਰਫ਼ ਹੁਨਰ ਹੀ ਨਹੀਂ ਸਿਖਾਉਣੇ ਚਾਹੀਦੇ, ਸਗੋਂ ਇਸ ਨੂੰ ਕਦਰਾਂ-ਕੀਮਤਾਂ ਵੀ ਸਿਖਾਉਣੀਆਂ ਚਾਹੀਦੀਆਂ ਹਨ, ਜਿਵੇਂ ਕਿ ਦੂਜਿਆਂ ਦਾ ਸਤਿਕਾਰ, ਸਮਾਜ ਪ੍ਰਤੀ ਜ਼ਿੰਮੇਵਾਰੀ ਤੇ ਕੁਦਰਤ ਦੀ ਦੇਖਭਾਲ। ਸੱਚੀ ਸਿੱਖਿਆ ਸਿਰਫ਼ ਕਰੀਅਰ ਹੀ ਨਹੀਂ, ਸਗੋਂ ਚਰਿੱਤਰ ਦਾ ਨਿਰਮਾਣ ਵੀ ਕਰਦੀ ਹੈ।

ਆਧੁਨਿਕ ਜੀਵਨ ਨਵੀਆਂ ਚੁਣੌਤੀਆਂ ਲਿਆਉਂਦਾ ਹੈ, ਜਿਵੇਂ ਕਿ: ਤਕਨਾਲੋਜੀ ਮਨੁੱਖੀ ਸੰਪਰਕ ਨੂੰ ਘਟਾ ਰਹੀ ਹੈ; ਭੌਤਿਕਵਾਦ ਤੇ ਲਾਲਚ ਵਧ ਰਿਹਾ ਹੈ; ਮਾਨਸਿਕ ਸਿਹਤ ਨੂੰ ਪ੍ਰਭਾਵਿਤ ਕਰਨ ਵਾਲਾ ਤਣਾਅ ਵੀ ਵਧ ਰਿਹਾ ਹੈ। ਸ਼ਾਂਤੀ ਨਾਲ ਜਿਉਣ ਲਈ ਮਨੁੱਖਾਂ ਨੂੰ ਹਮਦਰਦੀ, ਸਾਦਗੀ ਅਤੇ ਸਹਿਯੋਗ ਦੀ ਮੁੜ ਖੋਜ ਕਰਨੀ ਚਾਹੀਦੀ ਹੈ। ਬਿਹਤਰ ਜੀਵਨ ਲਈ ਮਨੁੱਖੀ ਸੁਭਾਅ ਨੂੰ ਸਮਝਣਾ ਜ਼ਰੂਰੀ ਹੈ। ਮਨੁੱਖੀ ਸੁਭਾਅ ਮਨੁੱਖੀ ਹੋਂਦ ਦੀ ਨੀਂਹ ਹੈ। ਇਹ ਬਚਪਨ ਵਿੱਚ ਸ਼ੁਰੂ ਹੁੰਦਾ ਹੈ, ਚੜ੍ਹਦੀ ਜਵਾਨੀ ਵਿੱਚ ਵਧਦਾ ਹੈ, ਭਰ ਜਵਾਨੀ ਵਿੱਚ ਪਰਿਪੱਕ ਹੁੰਦਾ ਹੈ ਅਤੇ ਬੁਢਾਪੇ ਵਿੱਚ ਨਰਮ ਹੋ ਜਾਂਦਾ ਹੈ। ਹਰ ਪੜਾਅ ‘ਤੇ ਇਹ ਇਸ ਗੱਲ ਨੂੰ ਆਕਾਰ ਦਿੰਦਾ ਹੈ ਕਿ ਅਸੀਂ ਦੂਜਿਆਂ ਨਾਲ ਕਿਵੇਂ ਰਹਿੰਦੇ ਅਤੇ ਵਰਤਦੇ ਹਾਂ!

ਆਮ ਤੌਰ ‘ਤੇ ਇੱਕ ਸ਼ਾਂਤੀਪੂਰਨ ਸਮਾਜ ਸਿਰਫ਼ ਕਾਨੂੰਨਾਂ ਦੁਆਰਾ ਨਹੀਂ ਬਣਾਇਆ ਜਾਂਦਾ, ਸਗੋਂ ਸੰਤੁਲਿਤ ਮਨੁੱਖੀ ਸੁਭਾਅ ਰਾਹੀਂ ਬਣਦਾ ਹੈ- ਜਿੱਥੇ ਪਿਆਰ ਨਫ਼ਰਤ ਨਾਲੋਂ ਮਜਬੂਤ ਹੁੰਦਾ ਹੈ, ਸਮਝ ਗੁੱਸੇ ਨਾਲੋਂ ਮਜਬੂਤ ਹੁੰਦੀ ਹੈ ਅਤੇ ਸਹਿਯੋਗ ਸਵਾਰਥ ਨਾਲੋਂ ਮਜਬੂਤ ਹੁੰਦਾ ਹੈ। ਜਦੋਂ ਮਨੁੱਖ ਆਪਣੇ ਆਪ ਨੂੰ ਸਮਝਦੇ ਹਨ ਤਾਂ ਉਹ ਦੂਜਿਆਂ ਨੂੰ ਸਮਝਣਾ ਸ਼ੁਰੂ ਕਰ ਦਿੰਦੇ ਹਨ ਅਤੇ ਜਦੋਂ ਸਮਝ ਵਧਦੀ ਹੈ ਤਾਂ ਜੀਵਨ ਵਧੇਰੇ ਅਰਥਪੂਰਨ ਬਣ ਜਾਂਦਾ ਹੈ- ਸਿਰਫ਼ ਇੱਕ ਵਿਅਕਤੀ ਲਈ ਨਹੀਂ, ਸਗੋਂ ਸਾਰਿਆਂ ਲਈ।

## ਮਾਪਿਆਂ ਦੇ ਆਪਣੇ ਬੱਚਿਆਂ ਪ੍ਰਤੀ ਫਰਜ਼ (ਉਮਰ 0-21 ਸਾਲ)

ਬੱਚੇ ਦੇ ਜੀਵਨ ਨੂੰ ਢਾਲਣ ਵਿੱਚ ਮਾਪੇ ਸਭ ਤੋਂ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ। ਜਨਮ ਤੋਂ ਲੈ ਕੇ 21 ਸਾਲ ਦੀ ਉਮਰ ਤੱਕ ਬੱਚੇ ਆਪਣੇ ਮਾਪਿਆਂ ‘ਤੇ ਸਿਰਫ਼ ਭੋਜਨ ਅਤੇ ਆਸਰਾ ਹੀ ਨਹੀਂ ਸਗੋਂ ਪਿਆਰ, ਮਾਰਗਦਰਸ਼ਨ, ਕਦਰਾਂ-ਕੀਮਤਾਂ ਅਤੇ ਦਿਸ਼ਾ ਲਈ ਵੀ ਨਿਰਭਰ ਕਰਦੇ ਹਨ। ਚੰਗਾ ਪਾਲਣ-ਪੋਸ਼ਣ ਚੰਗੇ ਵਿਅਕਤੀਆਂ ਦਾ ਨਿਰਮਾਣ ਕਰਦਾ ਹੈ ਅਤੇ ਚੰਗੇ ਵਿਅਕਤੀ ਇੱਕ ਸਿਹਤਮੰਦ ਸਮਾਜ ਦਾ ਨਿਰਮਾਣ ਕਰਦੇ ਹਨ।

### ਸ਼ੁਰੂਆਤੀ ਬਚਪਨ (0-5 ਸਾਲ): ਜ਼ਿੰਦਗੀ ਦੀ ਨੀਂਹ

ਪਹਿਲੇ ਪੰਜ ਸਾਲ ਬੱਚੇ ਦੇ ਸ਼ਖਸੀਅਤ ਦੀ ਨੀਂਹ ਹੁੰਦੇ ਹਨ। ਇਸ ਸਮੇਂ ਦੌਰਾਨ ਮਾਪਿਆਂ ਨੂੰ ਪਿਆਰ, ਸੁਰੱਖਿਆ ਅਤੇ ਭਾਵਨਾਤਮਕ ਸੁਰੱਖਿਆ ਪ੍ਰਦਾਨ ਕਰਨੀ ਚਾਹੀਦੀ ਹੈ। ਇੱਕ ਬੱਚਾ ਜੋ ਪਿਆਰ ਮਹਿਸੂਸ ਕਰਦਾ ਹੈ, ਆਤਮਵਿਸ਼ਵਾਸੀ ਅਤੇ ਸ਼ਾਂਤ ਹੁੰਦਾ ਹੈ। ਮਾਪਿਆਂ ਨੂੰ ਨਰਮੀ ਨਾਲ ਗੱਲ ਕਰਨੀ ਚਾਹੀਦੀ ਹੈ, ਅਕਸਰ ਜੱਫੀ ਪਾਉਣੀ

⇒ ਬਾਕੀ ਅਗਲੇ ਸਫੇ ਉਤੇ ਪੜ੍ਹੋ

# ਮਨੁੱਖੀ ਸੁਭਾਅ ਅਤੇ ਇਸ ਦਾ ਸਾਡੇ ਜੀਵਨ ‘ਤੇ ਪ੍ਰਭਾਵ

ਚਾਹੀਦੀ ਹੈ ਅਤੇ ਬੱਚੇ ਦੀਆਂ ਜ਼ਰੂਰਤਾਂ ਦਾ ਖਿਆਲ ਰੱਖਣਾ ਚਾਹੀਦਾ ਹੈ। ਸਖ਼ਤ ਚੀਕਣਾ ਜਾਂ ਅਣਗਹਿਲੀ ਡਰ ਅਤੇ ਅਸੁਰੱਖਿਆ ਪੈਦਾ ਕਰ ਸਕਦੇ ਹਨ। ਸਫਾਈ, ਅਨੁਸ਼ਾਸਨ, ਸਾਂਝਾਕਰਨ ਅਤੇ ਨਿਮਰਤਾ ਵਰਗੀਆਂ ਬੁਨਿਆਦੀ ਆਦਤਾਂ ਇਸ ਪੜਾਅ ਤੋਂ ਸ਼ੁਰੂ ਹੁੰਦੀਆਂ ਹਨ।

ਮਾਪਿਆਂ ਨੂੰ ਸਹੀ ਪੋਸ਼ਣ, ਸਿਹਤ ਅਤੇ ਨੀਂਦ ਦਾ ਵੀ ਧਿਆਨ ਰੱਖਣਾ ਚਾਹੀਦਾ ਹੈ, ਕਿਉਂਕਿ ਸਰੀਰਕ ਵਿਕਾਸ ਮਾਨਸਿਕ ਵਿਕਾਸ ਨੂੰ ਬਹੁਤ ਪ੍ਰਭਾਵਿਤ ਕਰਦਾ ਹੈ। ਸਭ ਤੋਂ ਅਹਿਮ ਮਾਪੇ ਚੰਗੇ ਰੋਲ ਮਾਡਲ ਹੋਣੇ ਚਾਹੀਦੇ ਹਨ, ਕਿਉਂਕਿ ਬੱਚੇ ਮਾਪਿਆਂ ਤੋਂ ਜ਼ਿਆਦਾ ਸਿੱਖਦੇ ਹਨ।

### ਬਚਪਨ (6-12 ਸਾਲ): ਸਿੱਖਣਾ ਅਤੇ ਚਰਿੱਤਰ ਨਿਰਮਾਣ

ਇਹ ਸਿੱਖਣ ਅਤੇ ਉਤਸੁਕਤਾ ਦਾ ਯੁੱਗ ਹੈ। ਮਾਪਿਆਂ ਨੂੰ ਸਿੱਖਿਆ, ਪੜ੍ਹਨ ਅਤੇ ਸਵਾਲ ਪੁੱਛਣ ਨੂੰ ਉਤਸ਼ਾਹਿਤ ਕਰਨਾ ਚਾਹੀਦਾ ਹੈ। ਜ਼ਬਰਦਸਤੀ ਨੰਬਰ ਅਤੇ ਮੁਕਾਬਲੇ ਦੀ ਬਜਾਏ ਮਾਪਿਆਂ ਨੂੰ ਸਮਝ, ਰਚਨਾਤਮਕਤਾ ਤੇ ਕੋਸ਼ਿਸ਼ ਉਤੇ ਧਿਆਨ ਕੇਂਦਰਿਤ ਕਰਨਾ ਚਾਹੀਦਾ ਹੈ। ਮਾਪਿਆਂ ਨੂੰ ਈਮਾਨਦਾਰੀ, ਬਜ਼ੁਰਗਾਂ ਦਾ ਸਤਿਕਾਰ, ਦੂਜਿਆਂ ਪ੍ਰਤੀ ਦਿਆਲਤਾ ਅਤੇ ਜ਼ਿੰਮੇਵਾਰੀ ਵਰਗੀਆਂ ਨੈਤਿਕ ਕਦਰਾਂ-ਕੀਮਤਾਂ ਸਿਖਾਉਣੀਆਂ ਚਾਹੀਦੀਆਂ ਹਨ। ਸੰਤੁਲਿਤ ਅਨੁਸ਼ਾਸਨ ਅਹਿਮ ਹੈ। ਬੱਚਿਆਂ ਨੂੰ ਸਹੀ ਅਤੇ ਗਲਤ ਵਿੱਚ ਅੰਤਰ ਪਤਾ ਹੋਣਾ ਚਾਹੀਦਾ ਹੈ, ਪਰ ਸਜ਼ਾ ਕਦੇ ਵੀ ਹਿੰਸਕ ਜਾਂ ਅਪਮਾਨਜਨਕ ਨਹੀਂ ਹੋਣੀ ਚਾਹੀਦੀ। ਉਤਸ਼ਾਹ ਅਤੇ ਮਾਰਗਦਰਸ਼ਨ ਡਰ ਨਾਲੋਂ ਬਿਹਤਰ ਕੰਮ ਕਰਦੇ ਹਨ।

### ਕਿਸ਼ੋਰ ਅਵਸਥਾ (13-17 ਸਾਲ): ਮਾਰਗਦਰਸ਼ਨ ਅਤੇ ਵਿਸ਼ਵਾਸ

ਕਿਸ਼ੋਰ ਅਵਸਥਾ ਇੱਕ ਸੰਵੇਦਨਸ਼ੀਲ ਪੜਾਅ ਹੈ। ਬੱਚਿਆਂ ਨੂੰ ਸਰੀਰਕ ਤਬਦੀਲੀਆਂ, ਭਾਵਨਾਤਮਕ ਉਤਰਾਅ-ਚੜ੍ਹਾਅ, ਸਾਥੀਆਂ ਦੇ ਦਬਾਅ ਅਤੇ ਪਛਾਣ ਦੀ ਉਲਝਣ ਦਾ ਸਾਹਮਣਾ ਕਰਨਾ ਪੈਂਦਾ ਹੈ। ਮਾਪਿਆਂ ਨੂੰ ਧੀਰਜ, ਵਿਸ਼ਵਾਸ ਅਤੇ ਖੁੱਲ੍ਹਾ ਸੰਚਾਰ ਦਿਖਾਉਣਾ ਚਾਹੀਦਾ ਹੈ। ਲਗਾਤਾਰ ਨਿਯੰਤਰਣ ਰੱਖਣ ਦੀ ਬਜਾਏ ਮਾਪਿਆਂ ਨੂੰ ਬੱਚਿਆਂ ’ਤੇ ਵਿਸ਼ਵਾਸ ਪ੍ਰਗਟਾਉਣਾ ਚਾਹੀਦਾ ਹੈ ਅਤੇ ਉਨ੍ਹਾਂ ਦੇ ਪੱਖ ਨੂੰ ਅਹਿਮੀਅਤ ਦੇਣੀ ਚਾਹੀਦੀ ਹੈ। ਉਨ੍ਹਾਂ ਨੂੰ ਸਮੱਸਿਆਵਾਂ ਸਾਂਝੀਆਂ ਕਰਨ ਵਿੱਚ ਸੁਰੱਖਿਅਤ ਮਹਿਸੂਸ ਕਰਨਾ ਚਾਹੀਦਾ ਹੈ। ਦੋਸਤੀ, ਆਦਤਾਂ, ਇੰਟਰਨੈੱਟ ਦੀ ਵਰਤੋਂ ਅਤੇ ਨਿੱਜੀ ਵਿਹਾਰ ਦੇ ਮਾਮਲਿਆਂ ਵਿੱਚ ਮਾਰਗਦਰਸ਼ਨ ਦੀ ਲੋੜ ਹੁੰਦੀ ਹੈ। ਮਾਪਿਆਂ ਨੂੰ ਬੱਚਿਆਂ ਨੂੰ ਅਸਫਲਤਾ ਨੂੰ ਸੰਭਾਲਣਾ, ਭਾਵਨਾਵਾਂ ਦਾ ਪ੍ਰਬੰਧਨ ਕਰਨਾ, ਸੀਮਾਵਾਂ ਦਾ ਸਤਿਕਾਰ ਕਰਨਾ ਅਤੇ ਜ਼ਿੰਮੇਵਾਰ ਫੈਸਲੇ ਲੈਣਾ ਸਿਖਾਉਣਾ ਚਾਹੀਦਾ ਹੈ। ਇਹ ਉਨ੍ਹਾਂ ਨੂੰ ਸਿਹਤਮੰਦ ਆਦਤਾਂ ਵੱਲ ਅਤੇ ਨਸ਼ਿਆਂ ਤੋਂ ਦੂਰ ਰਹਿਣ ਦਾ ਵੀ ਸਮਾਂ ਹੈ।

### ਜਵਾਨੀ ਬਾਲਗਤਾ (18-21 ਸਾਲ): ਕਦਰਾਂ-ਕੀਮਤਾਂ ਨਾਲ ਸੁਤੰਤਰਤਾ

18 ਅਤੇ 21 ਸਾਲ ਦੇ ਵਿਚਕਾਰ ਬੱਚੇ ਬਾਲਗਤਾ ਵੱਲ ਵਧਦੇ ਹਨ। ਮਾਪਿਆਂ ਨੂੰ ਹੌਲੀ-ਹੌਲੀ ਜ਼ਿੰਮੇਵਾਰੀ ਦੇ ਨਾਲ ਆਜ਼ਾਦੀ ਦੇਣੀ ਚਾਹੀਦੀ ਹੈ। ਜ਼ਿਆਦਾ ਨਿਰਭਰਤਾ ਆਤਮਵਿਸ਼ਵਾਸ ਨੂੰ ਕਮਜ਼ੋਰ ਕਰਦੀ ਹੈ, ਜਦੋਂ ਕਿ ਪੂਰੀ ਅਣਗਹਿਲੀ ਉਲਝਣ ਪੈਦਾ ਕਰਦੀ ਹੈ। ਮਾਪਿਆਂ ਨੂੰ ਬੱਚੇ ਦੀਆਂ ਯੋਗਤਾਵਾਂ ਅਤੇ ਰੁਚੀਆਂ ਦਾ ਸਤਿਕਾਰ ਕਰਦਿਆਂ ਕਰੀਅਰ ਦੀਆਂ ਚੋਣਾਂ ਨੂੰ ਯਥਾਰਥਵਾਦੀ ਢੰਗ ਨਾਲ ਮਾਰਗਦਰਸ਼ਨ ਕਰਨਾ ਚਾਹੀਦਾ ਹੈ। ਵਿੱਤੀ ਜ਼ਿੰਮੇਵਾਰੀ, ਸਮਾਂ ਪ੍ਰਬੰਧਨ, ਦੂਜਿਆਂ ਲਈ ਸਤਿਕਾਰ ਤੇ ਸਵੈ-ਅਨੁਸ਼ਾਸਨ ਵਰਗੇ ਜੀਵਨ ਹੁਨਰ ਜ਼ਰੂਰੀ ਬਣ ਜਾਂਦੇ ਹਨ। ਇਸ ਪੜਾਅ ‘ਤੇ ਮਾਪਿਆਂ ਨੂੰ ਨਿਯੰਤਰਕਾਂ ਦੀ ਬਜਾਏ ਸਲਾਹਕਾਰਾਂ ਅਤੇ ਸਮਰਥਕਾਂ ਵਾਂਗ ਕੰਮ ਕਰਨਾ ਚਾਹੀਦਾ ਹੈ।



**ਸਿੱਟਾ:** ਮਾਪਿਆਂ ਵੱਲੋਂ ਪੋਸ਼ਣ ਸਿਰਫ਼ ਸਫਲ ਬੱਚਿਆਂ ਦੀ ਪਰਵਰਿਸ਼ ਬਾਰੇ ਨਹੀਂ ਹੈ, ਸਗੋਂ ਚੰਗੇ ਇਨਸਾਨਾਂ ਦੀ ਪਰਵਰਿਸ਼ ਕਰਨ ਬਾਰੇ ਹੈ ਜੋ ਇਮਾਨਦਾਰ, ਹਮਦਰਦ, ਆਤਮਵਿਸ਼ਵਾਸੀ ਅਤੇ ਜ਼ਿੰਮੇਵਾਰ ਬਣਾਉਂਦੀ ਹੈ। ਪਿਆਰ, ਮਾਰਗਦਰਸ਼ਨ, ਅਨੁਸ਼ਾਸਨ ਅਤੇ ਉਦਾਹਰਣ ਮਾਪਿਆਂ ਕੋਲ ਸਭ ਤੋਂ ਮਜਬੂਤ ਸਾਧਨ ਹਨ। 0 ਤੋਂ 21 ਸਾਲ ਦੀ ਉਮਰ ਦੇ ਵਿਚਕਾਰ ਇੱਕ ਵਧੀਆ ਢੰਗ ਨਾਲ ਢਲਿਆ ਬੱਚਾ ਨਾ ਸਿਰਫ਼ ਇੱਕ ਮਜਬੂਤ ਵਿਅਕਤੀ ਬਣਦਾ ਹੈ, ਸਗੋਂ ਪਰਿਵਾਰ ਅਤੇ ਸਮਾਜ ਲਈ ਇੱਕ ਵਰਦਾਨ ਵੀ ਬਣਦਾ ਹੈ।

### ਪੇਂਡੂ ਅਤੇ ਸ਼ਹਿਰੀ ਪਾਲਣ-ਪੋਸ਼ਣ

ਪੇਂਡੂ ਅਤੇ ਸ਼ਹਿਰੀ ਮਾਹੌਲ ਵਿੱਚ ਬੱਚਿਆਂ ਦੀ ਪਰਵਰਿਸ਼ ਕਾਫ਼ੀ ਵੱਖਰੀ ਹੋ ਸਕਦੀ ਹੈ ਅਤੇ ਇਹ ਅੰਤਰ ਉਨ੍ਹਾਂ ਦੇ ਜੀਵਨ ਨੂੰ ਕਈ ਤਰੀਕਿਆਂ ਨਾਲ ਆਕਾਰ ਦੇ ਸਕਦੇ ਹਨ। ਪੇਂਡੂ ਖੇਤਰਾਂ ਵਿੱਚ ਬੱਚੇ ਆਮ ਤੌਰ ‘ਤੇ ਇੱਕ ਨੇੜਲੇ ਭਾਈਚਾਰੇ ਵਿੱਚ ਵੱਡੇ ਹੁੰਦੇ ਹਨ। ਪਰਿਵਾਰ ਅਕਸਰ ਇੱਕ ਦੂਜੇ ਨੂੰ ਚੰਗੀ ਤਰ੍ਹਾਂ ਜਾਣਦੇ ਹਨ ਅਤੇ ਬੱਚੇ ਬਾਹਰ ਜ਼ਿਆਦਾ ਸਮਾਂ ਬਿਤਾ ਸਕਦੇ ਹਨ। ਉਹ ਛੋਟੀ ਉਮਰ ਤੋਂ ਹੀ ਖੇਤੀਬਾੜੀ ਵਿੱਚ ਮਦਦ ਕਰਨ, ਜਾਨਵਰਾਂ ਦੀ ਦੇਖਭਾਲ ਕਰਨ ਜਾਂ ਘਰੇਲੂ ਕੰਮਾਂ ਦਾ ਪ੍ਰਬੰਧਨ ਕਰਨ ਵਰਗੇ ਵਿਹਾਰਕ ਹੁਨਰ ਸਿੱਖਦੇ ਹਨ। ਜ਼ਿੰਦਗੀ ਅਕਸਰ ਸਰਲ ਅਤੇ ਹੌਲੀ ਰਫਤਾਰ ’ਤੇ ਚੱਲਦੀ ਹੈ। ਹਾਲਾਂਕਿ ਸਕੂਲਾਂ, ਸਿਹਤ ਸੰਭਾਲ ਅਤੇ ਆਧੁਨਿਕ ਸਹੂਲਤਾਂ ਤੱਕ ਪਹੁੰਚ ਸੀਮਤ ਹੋ ਸਕਦੀ ਹੈ। ਉੱਚ ਸਿੱਖਿਆ ਅਤੇ ਕਰੀਅਰ ਦੇ ਵਿਕਲਪ ਵੀ ਘੱਟ ਹੋ ਸਕਦੇ ਹਨ, ਜੋ ਉਨ੍ਹਾਂ ਦੇ ਭਵਿੱਖ ਦੇ ਵਿਕਲਪਾਂ ਨੂੰ ਪ੍ਰਭਾਵਤ ਕਰ ਸਕਦੇ ਹਨ।

ਸ਼ਹਿਰੀ ਖੇਤਰਾਂ ਵਿੱਚ ਬੱਚੇ ਇੱਕ ਤੇਜ਼ ਰਫ਼ਤਾਰ ਅਤੇ ਵਿਭਿੰਨ ਵਾਤਾਵਰਣ ਵਿੱਚ ਵੱਡੇ ਹੁੰਦੇ ਹਨ। ਉਨ੍ਹਾਂ ਕੋਲ ਆਮ ਤੌਰ ‘ਤੇ ਗੁਣਵੱਤਾ ਵਾਲੀ ਸਿੱਖਿਆ, ਸਿਹਤ ਸੰਭਾਲ, ਤਕਨਾਲੋਜੀ ਅਤੇ ਪਾਠਕ੍ਰਮ ਤੋਂ ਬਾਹਰਲੀਆਂ ਗਤੀਵਿਧੀਆਂ ਤੱਕ ਬਿਹਤਰ ਪਹੁੰਚ ਹੁੰਦੀ ਹੈ। ਵੱਖ-ਵੱਖ ਸੱਭਿਆਚਾਰਾਂ ਅਤੇ ਵਿਚਾਰਾਂ ਦੇ ਸੰਪਰਕ ਵਿੱਚ ਆਉਣ ਨਾਲ ਉਨ੍ਹਾਂ ਨੂੰ ਵਿਆਪਕ ਦ੍ਰਿਸ਼ਟੀਕੋਣ ਵਿਕਸਤ ਕਰਨ ਵਿੱਚ ਮਦਦ ਮਿਲਦੀ ਹੈ। ਹਾਲਾਂਕਿ ਵਿਅਸਤ ਜੀਵਨ ਸ਼ੈਲੀ ਦੇ ਕਾਰਨ ਸ਼ਹਿਰੀ ਬੱਚਿਆਂ ਨੂੰ ਵਧੇਰੇ ਮੁਕਾਬਲੇ, ਤਣਾਅ ਅਤੇ ਘੱਟ ਨਿੱਜੀ ਧਿਆਨ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਉਹ ਕੁਦਰਤ ਵਿੱਚ ਘੱਟ ਸਮਾਂ ਅਤੇ ਘਰ ਦੇ ਅੰਦਰ ਜ਼ਿਆਦਾ ਸਮਾਂ ਬਿਤਾਉਂਦੇ ਹਨ। 21 ਸਾਲ ਦੀ ਉਮਰ ਤੱਕ ਇਹ ਵਾਤਾਵਰਣ ਸ਼ਖਸੀਅਤ, ਹੁਨਰ ਅਤੇ ਮੌਕਿਆਂ ਨੂੰ ਪ੍ਰਭਾਵਿਤ ਕਰਦੇ ਹਨ। ਪੇਂਡੂ ਬੱਚੇ ਮਜਬੂਤ ਭਾਈਚਾਰਕ ਕਦਰਾਂ-ਕੀਮਤਾਂ, ਸੁਤੰਤਰਤਾ ਅਤੇ ਵਿਹਾਰਕ ਯੋਗਤਾਵਾਂ ਵਿਕਸਤ ਕਰ ਸਕਦੇ ਹਨ। ਸ਼ਹਿਰੀ ਬੱਚੇ ਅਕਾਦਮਿਕ ਹੁਨਰ, ਸਮਾਜਿਕ ਵਿਭਿੰਨਤਾ ਵਿੱਚ ਵਿਸ਼ਵਾਸ ਅਤੇ ਬਿਹਤਰ ਕਰੀਅਰ ਜਾਗਰੂਕਤਾ ਵਿਕਸਤ ਕਰ ਸਕਦੇ ਹਨ।

ਲੰਬੇ ਸਮੇਂ ਵਿੱਚ ਪੇਂਡੂ ਪਾਲਣ-ਪੋਸ਼ਣ ਵਿਅਕਤੀਆਂ ਨੂੰ ਸਾਦਗੀ ਅਤੇ ਭਾਈਚਾਰਕ ਜੀਵਨ ਦੀ ਕਦਰ ਕਰਨ ਵੱਲ ਲੈ ਜਾ ਸਕਦਾ ਹੈ, ਜਦੋਂ ਕਿ ਸ਼ਹਿਰੀ ਪਾਲਣ-ਪੋਸ਼ਣ ਵਿਅਕਤੀਆਂ ਨੂੰ ਪੇਸ਼ੇਵਰ ਕਰੀਅਰ ਅਤੇ ਆਧੁਨਿਕ ਜੀਵਨ ਸ਼ੈਲੀ ਵੱਲ ਧੱਕ ਸਕਦਾ ਹੈ। ਹਾਲਾਂਕਿ ਦੋਵਾਂ ਸਥਿਤੀਆਂ ਵਿੱਚ ਸ਼ਕਤੀਆਂ ਤੇ ਚੁਣੌਤੀਆਂ ਹਨ ਅਤੇ ਸਫਲਤਾ ਸਿਰਫ਼ ਸਥਾਨ ਦੀ ਬਜਾਏ ਸਹਾਇਤਾ, ਸਿੱਖਿਆ ਤੇ ਨਿੱਜੀ ਯਤਨਾਂ ‘ਤੇ ਨਿਰਭਰ ਕਰਦੀ ਹੈ।

### ਨੈਤਿਕ ਕਹਾਣੀਆਂ ਅਤੇ ਕੇਸ ਸਟੱਡੀਜ਼

21 ਸਾਲ ਤੱਕ ਦੇ ਬੱਚਿਆਂ ਦੇ ਮਾਪੇ ਸ਼ਬਦਾਂ ਨਾਲੋਂ ਕੰਮਾਂ ਦੁਆਰਾ ਬੱਚੇ ਦੇ ਚਰਿੱਤਰ ਨੂੰ ਵਧੇਰੇ ਘੜਦੇ ਹਨ। ਛੋਟੀਆਂ ਰੋਜ਼ਾਨਾ ਉਦਾਹਰਣਾਂ ਜੀਵਨ ਭਰ ਦੀਆਂ ਛਾਪਾਂ ਛੱਡਦੀਆਂ ਹਨ। ਕੁਝ ਉਦਾਹਰਣਾਂ ਹਨ:

***ਕਹਾਣੀ 1: ਸੱਚਾ ਬੱਚਾ (ਉਮਰ 5-8)***

ਇੱਕ ਪਿੰਡ ਵਿੱਚ ਇੱਕ ਮੁੰਡੇ ਨੇ ਖੇਡਦੇ ਸਮੇਂ ਇੱਕ ਗੁਆਂਢੀ ਦਾ ਭਾਂਡਾ ਤੋੜ ਦਿੱਤਾ। ਉਸਦਾ ਪਿਤਾ ਉਸਨੂੰ ਸ਼ਾਂਤੀ ਨਾਲ ਗੁਆਂਢੀ ਕੋਲ ਲੈ ਗਿਆ ਅਤੇ ਉਸਨੂੰ ਸੱਚ ਬੋਲਣ ਲਈ ਕਿਹਾ। ਗੁਆਂਢੀ ਨੇ ਬੱਚੇ ਨੂੰ ਮਾਫ਼ ਕਰ ਦਿੱਤਾ। ਮੁੰਡੇ ਨੇ ਸਿੱਖਿਆ ਕਿ ਸੱਚਾਈ ਸਤਿਕਾਰ ਲਿਆਉਂਦੀ ਹੈ, ਡਰ ਨਹੀਂ।

**ਸਬਕ:** ਮਾਪਿਆਂ ਨੂੰ ਸਜ਼ਾ ਨਹੀਂ, ਸਗੋਂ ਸ਼ਾਂਤ ਮਾਰਗਦਰਸ਼ਨ ਦੁਆਰਾ ਇਮਾਨਦਾਰੀ ਸਿਖਾਉਣੀ ਚਾਹੀਦੀ ਹੈ।

***ਕਹਾਣੀ 2: ਸਕੂਲੀ ਕੁੜੀ ਅਤੇ ਦਿਆਲਤਾ (ਉਮਰ 8-12)***

ਇੱਕ ਸ਼ਹਿਰ ਦੇ ਸਕੂਲ ਵਿੱਚ ਇੱਕ ਕੁੜੀ ਨੇ ਇੱਕ ਗਰੀਬ ਸਹਿਪਾਠੀ ਦਾ ਮਜ਼ਾਕ ਉਡਾਇਆ। ਉਸਦੀ ਮਾਂ ਨੇ ਬਾਅਦ ਵਿੱਚ ਉਸਨੂੰ ਇੱਕ ਹਫ਼ਤੇ ਲਈ ਉਸ ਬੱਚੇ ਨਾਲ ਦੁਪਹਿਰ ਦਾ ਖਾਣਾ ਸਾਂਝਾ ਕਰਨ ਲਈ ਕਿਹਾ। ਦੋਸਤੀ ਵਧਦੀ ਗਈ।

**ਸਬਕ**: ਮਾਪਿਆਂ ਨੂੰ ਭਾਸ਼ਣਾਂ ਰਾਹੀਂ ਨਹੀਂ, ਸਗੋਂ ਕਾਰਵਾਈ ਰਾਹੀਂ ਹਮਦਰਦੀ ਸਿਖਾਉਣੀ ਚਾਹੀਦੀ ਹੈ।

***ਕੇਸ ਸਟੱਡੀ 1: ਉਲਝਿਆ ਹੋਇਆ ਕਿਸ਼ੋਰ (ਉਮਰ 13-16)***

ਇੱਕ ਪਿੰਡ ਦਾ ਨੌਜਵਾਨ ਬੁਰੀ ਸੰਗਤ ਵਿੱਚ ਪੈ ਗਿਆ। ਝਿੜਕਣ ਦੀ ਬਜਾਏ ਉਸਦੇ ਮਾਪਿਆਂ ਨੇ ਉਸਨੂੰ ਖੇਤ ਦੇ ਕੰਮ ਅਤੇ ਸ਼ਾਮ ਦੀਆਂ ਗੱਲਾਂ ਵਿੱਚ ਸ਼ਾਮਲ ਕਰ ਲਿਆ। ਉਹ ਹੌਲੀ-ਹੌਲੀ ਪੜ੍ਹਾਈ ਵਿੱਚ ਵਾਪਸ ਆ ਗਿਆ।

**ਸਬਕ:** ਸੁਣਨਾ ਅਤੇ ਸ਼ਮੂਲੀਅਤ ਕਿਸ਼ੋਰਾਂ ਨੂੰ ਗੁੱਸੇ ਨਾਲੋਂ ਬਿਹਤਰ ਮਾਰਗਦਰਸ਼ਨ ਕਰਦੀ ਹੈ।

***ਕੇਸ ਸਟੱਡੀ 2: ਦਬਾਅ ਹੇਠ ਸ਼ਹਿਰੀ ਵਿਦਿਆਰਥੀ (ਉਮਰ 15-18)***

ਇੱਕ ਸ਼ਹਿਰ ਦਾ ਵਿਦਿਆਰਥੀ ਪ੍ਰੀਖਿਆ ਵਿੱਚ ਫੇਲ੍ਹ ਹੋ ਗਿਆ ਅਤੇ ਉਦਾਸ ਹੋ ਗਿਆ। ਉਸਦੇ ਮਾਪਿਆਂ ਨੇ ਉਸਦਾ ਸਮਰਥਨ ਕੀਤਾ, ਵਿਕਲਪਾਂ ‘ਤੇ ਚਰਚਾ ਕੀਤੀ ਅਤੇ ਡਰ ਨੂੰ ਦੂਰ ਕੀਤਾ। ਬਾਅਦ ਵਿੱਚ ਉਹ ਪੜ੍ਹਾਈ ਦੇ ਇੱਕ ਵੱਖਰੇ ਖੇਤਰ ਵਿੱਚ ਸਫਲ ਹੋਇਆ।

**ਸਬਕ:** ਅਸਫਲਤਾ ਦੌਰਾਨ ਮਾਪਿਆਂ ਦਾ ਸਮਰਥਨ ਲਚਕੀਲਾਪਣ ਪੈਦਾ ਕਰਦਾ ਹੈ।

***ਕਹਾਣੀ 3: ਜ਼ਿੰਮੇਵਾਰੀ ਨਾਲ ਆਜ਼ਾਦੀ (ਉਮਰ 18-21)***

ਇੱਕ ਨੌਜਵਾਨ ਆਪਣੇ ਮਾਪਿਆਂ ਦੀ ਇੱਛਾ ਤੋਂ ਵੱਖਰਾ ਕਰੀਅਰ ਚੁਣਨਾ ਚਾਹੁੰਦਾ ਸੀ। ਉਨ੍ਹਾਂ ਨੇ ਚੋਣ ਦੀ ਇਜਾਜ਼ਤ ਦਿੱਤੀ, ਪਰ ਉਸਨੂੰ ਆਪਣੇ ਖਰਚਿਆਂ ਦਾ ਪ੍ਰਬੰਧਨ ਕਰਨ ਲਈ ਵੀ ਕਿਹਾ। ਉਸਨੇ ਅਨੁਸ਼ਾਸਨ ਸਿੱਖਿਆ।

**ਸਬਕ:** ਜ਼ਿੰਮੇਵਾਰੀ ਦੇ ਨਾਲ ਵਿਸ਼ਵਾਸ ਆਤਮਵਿਸ਼ਵਾਸੀ ਬਾਲਗਾਂ ਨੂੰ ਪੈਦਾ ਕਰਦਾ ਹੈ।

**ਸਿੱਟਾ:** ਚੰਗਾ ਪਾਲਣ-ਪੋਸ਼ਣ ਨਿਯੰਤਰਣ ਨਹੀਂ ਹੈ- ਇਹ ਮਾਰਗਦਰਸ਼ਨ ਹੈ। ਈਮਾਨਦਾਰੀ, ਹਮਦਰਦੀ, ਧੀਰਜ ਅਤੇ ਵਿਸ਼ਵਾਸ ਦੁਆਰਾ ਮਾਪੇ ਬੱਚਿਆਂ ਨੂੰ ਜ਼ਿੰਮੇਵਾਰ, ਦਿਆਲੂ ਤੇ ਮਜਬੂਤ ਵਿਅਕਤੀਆਂ ਵਿੱਚ ਢਾਲਦੇ ਹਨ, ਜੋ ਸਮਾਜ ਦੀ ਚੰਗੀ ਤਰ੍ਹਾਂ ਸੇਵਾ ਕਰਦੇ ਹਨ।

# ਵਿਸ਼ਵਵਿਆਪੀ ਸਦਭਾਵਨਾ: ਧਰਤੀ ਦੇ ਬਚਾਅ ਦੀ ਕੁੰਜੀ

*...ਸਫਾ 17 ਦੀ ਬਾਕੀ ⇒*

ਮੁਹਿੰਮ ਜਨਤਕ ਅਧਿਕਾਰੀਆਂ ਅਤੇ ਨਿੱਜੀ-ਖੇਤਰ ਦੇ ਅਦਾਕਾਰਾਂ ਨੂੰ ਜੈਵਿਕ ਇੰਧਣ ‘ਤੇ ਨਿਰਭਰਤਾ ਨੂੰ ਪੜਾਅਵਾਰ ਘਟਾਉਣ ਦੀ ਤਾਕੀਦ ਕਰਦੀ ਹੈ, ਜੋ ਗ੍ਰੀਨਹਾਊਸ ਗੈਸਾਂ ਦੇ ਨਿਕਾਸ ਦਾ ਪ੍ਰਮੁੱਖ ਸਰੋਤ ਬਣੇ ਹੋਏ ਹਨ।

ਵਿਸ਼ਵ ਧਰਤੀ ਦਿਵਸ 2026 ਚੱਲ ਰਹੇ ਵਿਸ਼ਵਵਿਆਪੀ ਤਣਾਅ ਨਾਲ ਡੂੰਘਾਈ ਨਾਲ ਜੁੜਿਆ ਹੋਇਆ ਹੈ। ਇਹ ਟਕਰਾਅ ਦੀਆਂ ਵਾਤਾਵਰਣਕ ਲਾਗਤਾਂ ਦੀ ਯਾਦ ਦਿਵਾਉਂਦਾ ਹੈ ਅਤੇ ਵਧਦੀ ਭੂ-ਰਾਜਨੀਤਿਕ ਅਸਥਿਰਤਾ, ਆਰਥਿਕ ਮੁਸ਼ਕਲਾਂ ਅਤੇ ਵਾਤਾਵਰਣ ਸੰਕਟਾਂ ਦੇ ਪਿਛੋਕੜ ਦੇ ਵਿਰੁੱਧ ਜ਼ਮੀਨੀ ਪੱਧਰ ‘ਤੇ ਕਾਰਵਾਈ ਲਈ ਇੱਕ ਪਲੈਟਫਾਰਮ ਵਜੋਂ ਕੰਮ ਕਰਦਾ ਹੈ। ਮੌਜੂਦਾ ਟਕਰਾਅ ਮਹੱਤਵਪੂਰਨ ਵਾਤਾਵਰਣਕ ‘ਹੌਟਸਪੌਟ’ ਬਣ ਗਏ ਹਨ, ਜੋ ਵੱਡੀ ਮਾਤਰਾ ਵਿੱਚ ਕਾਰਬਨ ਡਾਈਆਕਸਾਈਡ ਛੱਡ ਰਹੇ ਹਨ ਅਤੇ ਤਬਾਹ ਹੋਏ ਬੁਨਿਆਦੀ ਢਾਂਚੇ ਤੋਂ ਜ਼ਹਿਰੀਲਾ ਪ੍ਰਦੂਸ਼ਣ ਪੈਦਾ ਕਰ ਰਹੇ ਹਨ। ਧਰਤੀ ਦਿਵਸ ਦੇ ਆਯੋਜਕ ਇਸ ਗੱਲ ‘ਤੇ ਜ਼ੋਰ ਦਿੰਦੇ ਹਨ ਕਿ ਵਾਤਾਵਰਣ ਯੁੱਧ ਦਾ ਅਣਦੇਖਾ ਸ਼ਿਕਾਰ ਹੈ। ਅਧਿਐਨ ਦਰਸਾਉਂਦੇ ਹਨ ਕਿ ਤੇਲ ਸਹੂਲਤਾਂ ਨੂੰ ਸਾੜਨ, ਖੇਤਾਂ ਦੀ ਤਬਾਹੀ ਅਤੇ ਪਾਣੀ ਦੇ ਸਰੋਤਾਂ ਦੇ ਦੂਸ਼ਿਤ ਹੋਣ ਨਾਲ ਬਹੁਤ ਜ਼ਿਆਦਾ ਨੁਕਸਾਨ ਹੋਇਆ ਹੈ। ਜੰਗ ਸਮੇਂ ਦੇ ਧਮਾਕਿਆਂ ਤੋਂ ਪ੍ਰਦੂਸ਼ਣ, ਜਿਸ ਵਿੱਚ ਮਲਬੇ ਅਤੇ ਰਸਾਇਣਾਂ ਦੇ ਜ਼ਹਿਰੀਲੇ ਪਦਾਰਥ ਸ਼ਾਮਲ ਹਨ, ਲੜਾਈ ਰੁਕਣ ਤੋਂ ਬਾਅਦ ਵੀ ਲੰਬੇ ਸਮੇਂ ਤੱਕ ਬਣਿਆ ਰਹਿੰਦਾ ਹੈ; ਜਿਸ ਨਾਲ ਮਿੱਟੀ, ਪਾਣੀ ਅਤੇ ਭੋਜਨ ਲੜੀ ਨੂੰ ਸਥਾਈ ਨੁਕਸਾਨ ਹੁੰਦਾ ਹੈ। ਜਲਵਾਯੂ ਪਰਿਵਰਤਨ ਕਾਰਨ ਹੋਣ ਵਾਲੀਆਂ ਆਫ਼ਤਾਂ ਆਰਥਿਕ ਨੁਕਸਾਨ ਦਾ ਕਾਰਨ ਬਣ ਰਹੀਆਂ ਹਨ, ਖੇਤੀਬਾੜੀ ਨੂੰ ਤਬਾਹ ਕਰ ਰਹੀਆਂ ਹਨ ਅਤੇ ਸਰੋਤ ਘਟਾ ਰਹੀਆਂ ਹਨ, ਜੋ ਸਿੱਧੇ ਤੌਰ ‘ਤੇ ਸਮਾਜਿਕ ਤਣਾਅ ਅਤੇ ਗਰੀਬੀ ਨੂੰ ਵਧਾਉਂਦੀਆਂ ਹਨ।

ਸਾਨੂੰ ਯਾਦ ਰੱਖਣਾ ਚਾਹੀਦਾ ਹੈ ਕਿ ਧਰਤੀ ਕਿਸੇ ਇੱਕ ਜਾਂ ਦੂਜੇ ਨਾਲ ਪੱਖਪਾਤ ਨਹੀਂ ਕਰਦੀ। ਕੁਦਰਤੀ ਸਰੋਤ, ਸਾਡੇ ਸਾਹ ਲੈਣ ਵਾਲੀ ਹਵਾ ਤੋਂ ਲੈ ਕੇ ਜੀਵਨ ਨੂੰ ਕਾਇਮ ਰੱਖਣ ਵਾਲੇ ਪਾਣੀ ਤੱਕ, ਬੁਨਿਆਦੀ ਤੌਰ ‘ਤੇ ਵਿਸ਼ਵਵਿਆਪੀ ਸਾਂਝੇ ਹਨ। ਉਹ ਰਾਸ਼ਟਰੀ ਸੀਮਾਵਾਂ ਨੂੰ ਪਾਰ ਕਰਦੇ ਹਨ, ਰਾਜਨੀਤਿਕ ਨਕਸ਼ਿਆਂ ਤੋਂ ਪ੍ਰਭਾਵਿਤ ਨਹੀਂ ਹੁੰਦੇ। ਸੂਰਜ ਦੀ ਰੌਸ਼ਨੀ ਧਰਤੀ ‘ਤੇ ਪਾਸਪੋਰਟ ਮੰਗੇ/ਦਿਖਾਏ ਬਿਨਾ ਇਕਸਾਰ ਚਮਕਦੀ ਹੈ। ਇਹ ਮਨੁੱਖੀ ਸੰਸਾਰ ਹੈ, ਜਿਸ ਨੂੰ ਸਰਹੱਦਾਂ, ਪ੍ਰਭੂਸੱਤਾ ਹਿੱਤਾਂ ਅਤੇ ਇੱਕ ਦੂਜੇ ਨਾਲ ਮੁਕਾਬਲੇ ਦੁਆਰਾ ਪਰਿਭਾਸ਼ਿਤ ਕੀਤਾ ਗਿਆ ਹੈ। ਕੁਦਰਤ ਦੀ ਦਾਤ ਦੇ ਬਰਾਬਰ ਅਧਿਕਾਰਾਂ ਦੇ ਸਿਧਾਂਤ ਦੇ ਬਾਵਜੂਦ, ਇਤਿਹਾਸ ਕੌਮਾਂ ਵਿਚਕਾਰ ਟਕਰਾਅ ਦਰਸਾਉਂਦਾ ਹੈ। ਇਹ ਟਕਰਾਅ ਅਕਸਰ ਸਰਵਉੱਚਤਾ ਜਾਂ ਸਰੋਤ ਨਿਯੰਤਰਣ ਦੀ ਭਾਲ ਤੋਂ ਪੈਦਾ ਹੁੰਦੇ ਹਨ।

ਵਿਸ਼ਵ ਧਰਤੀ ਦਿਵਸ ਸਾਨੂੰ ਯਾਦ ਦਿਵਾਉਂਦਾ ਹੈ ਕਿ ‘ਧਰਤੀ ਬਚਾਓ’ ਦੀ ਮੁਹਿੰਮ ਆਮ ਤੌਰ ’ਤੇ ਰੁੱਖ ਲਗਾਉਣ, ਰੀਸਾਈਕਲਿੰਗ ਅਤੇ ਕਾਰਬਨ ਨਿਕਾਸ ਨੂੰ ਘਟਾਉਣ ਨਾਲ ਜੁੜੀ ਹੋਈ ਹੈ; ਪਰ ਜਦੋਂ ਕਿ ਇਹ ਕਾਰਵਾਈਆਂ ਮਹੱਤਵਪੂਰਨ ਹਨ, ਉਹ ਸਮੱਸਿਆ ਦੇ ਸਿਰਫ ਇੱਕ ਹਿੱਸੇ ਨੂੰ ਹੀ ਸੰਬੋਧਿਤ ਕਰਦੀਆਂ ਹਨ। ਵਾਤਾਵਰਣ ਦੇ ਪਤਨ ਵਿੱਚ ਇੱਕ ਡੂੰਘਾ, ਅਕਸਰ ਨਜ਼ਰਅੰਦਾਜ਼ ਕੀਤਾ ਜਾਣ ਵਾਲਾ ਕਾਰਕ ਅੰਤਰਰਾਸ਼ਟਰੀ ਟਕਰਾਅ ਅਤੇ ਯੁੱਧ ਹੈ। ਜੇਕਰ ਅਸੀਂ ਧਰਤੀ ਨੂੰ ਬਚਾਉਣਾ ਚਾਹੁੰਦੇ ਹਾਂ ਤਾਂ ਸਾਨੂੰ ਦੇਸ਼ਾਂ ਵਿਚਕਾਰ ਤਣਾਅ ਘਟਾਉਣ ਲਈ ਕੰਮ ਕਰਨਾ ਪਵੇਗਾ। ਸਾਨੂੰ ਇਹ ਪਛਾਣਨਾ ਚਾਹੀਦਾ ਹੈ ਕਿ ਅਸਲ ਦੁਸ਼ਮਣ ਕੋਈ ਕੌਮ ਨਹੀਂ ਹੈ, ਸਗੋਂ ਸਾਡੇ ਸਾਂਝੇ ਨਿਵਾਸ ਸਥਾਨ ‘ਧਰਤੀ’ ਦਾ ਵਿਨਾਸ਼ ਹੈ। ਰਾਸ਼ਟਰੀ ਟਕਰਾਵਾਂ ਨੂੰ ਖਤਮ ਕਰਕੇ ਅਤੇ ਸ਼ਾਂਤੀ ਦਾ ਰਸਤਾ ਚੁਣ ਕੇ, ਅਸੀਂ ਆਉਣ ਵਾਲੀਆਂ ਪੀੜ੍ਹੀਆਂ ਲਈ ਇੱਕ ਸਾਫ਼, ਸਿਹਤਮੰਦ ਅਤੇ ਸੁਰੱਖਿਅਤ ਸੰਸਾਰ ਨੂੰ ਯਕੀਨੀ ਬਣਾਉਣ ਲਈ ਇੱਕਜੁੱਟ ਹੋ ਸਕਦੇ ਹਾਂ। ਸ਼ਾਂਤੀ ਸਿਰਫ਼ ਇੱਕ ਸਮਾਜਿਕ ਜਾਂ ਰਾਜਨੀਤਿਕ ਉਦੇਸ਼ ਨਹੀਂ ਹੈ; ਇਹ ਇੱਕ ਵਾਤਾਵਰਣਕ ਜ਼ਰੂਰਤ ਹੈ ਅਤੇ ਇੱਕ ਟਿਕਾਊ, ਸਿਹਤਮੰਦ ਗ੍ਰਹਿ ਲਈ ਇੱਕ ਮੁਢਲੀ ਲੋੜ ਹੈ।

-0-

# ਪੀ.ਸੀ.ਐੱਸ. ਦਾ ‘ਰੰਗਲਾ ਪੰਜਾਬ-26’

*...ਸਫਾ 11 ਦੀ ਬਾਕੀ ⇒*

ਦੇ ਦਹਾਕਿਆਂ ਦੌਰਾਨ ਮੈਂ ਇੱਕ ਚੀਜ਼ ਕਦੇ ਨਹੀਂ ਬਦਲੀ ਕਿ ਮੈਂ ਪੰਜਾਬ ਦੀ ਧੀ ਹਾਂ ਅਤੇ ਹਮੇਸ਼ਾ ਰਹਾਂਗੀ। ਅਸੀਂ ਵੱਖ-ਵੱਖ ਸ਼ਹਿਰਾਂ, ਵੱਖ-ਵੱਖ ਪਿਛੋਕੜਾਂ, ਵੱਖ-ਵੱਖ ਦਹਾਕਿਆਂ ਤੋਂ ਆਏ ਹਾਂ; ਪਰ ਅਸੀਂ ਸਾਰੇ ਜਾਣਦੇ ਹਾਂ ਕਿ ਦੁਬਾਰਾ ਸ਼ੁਰੂਆਤ ਕਰਨ ਦਾ ਕੀ ਅਰਥ ਹੈ!... ਸਾਡੇ ਬੱਚੇ ਜੋ ਇੱਥੇ ਜੰਮੇ-ਪਲੇ, ਜਾਣਦੇ ਹਨ ਕਿ ਉਹ ਕਿੱਥੋਂ ਆਏ ਹਨ ਅਤੇ ਇਸ ‘ਤੇ ਮਾਣ ਮਹਿਸੂਸ ਕਰਦੇ ਹਨ। ਸਾਡਾ ਸੱਭਿਆਚਾਰ ਇੱਥੇ (ਸ਼ਿਕਾਗੋ ਵਿੱਚ) ਵੀ ਸਾਡੇ ਨਾਲ ਹੈ- ਸਾਡੇ ਭੰਗੜੇ ਅਤੇ ਗਿੱਧੇ ਦੀਆਂ ਤਾਲਾਂ ਵਿੱਚ, ਸਾਡੀ ਫੁਲਕਾਰੀ ਦੇ ਰੰਗਾਂ ਵਿੱਚ, ਦਾਲ-ਮਖਣੀ ਅਤੇ ਸਾਡੀਆਂ ਰਸੋਈਆਂ ਵਿੱਚੋਂ ਨਿਕਲਦੀ ਤਾਜ਼ੀ ਰੋਟੀ ਦੀ ਖੁਸ਼ਬੂ ਵਿੱਚ, ਹਰ ਲੋਰੀ ਵਿੱਚ ਜੋ ਇੱਕ ਮਾਂ ਆਪਣੇ ਬੱਚੇ ਨੂੰ ਪੰਜਾਬੀ ਵਿੱਚ ਸੁਣਾਉਂਦੀ ਹੈ; ਪਰ ਆਪਣੀ ਵਿਰਾਸਤ ਨੂੰ ਸੰਭਾਲਣਾ ਆਪਣੇ ਆਪ ਨਹੀਂ ਹੁੰਦਾ। ਸਾਨੂੰ ਸਾਰਿਆਂ ਨੂੰ ਇਸ ਲਈ ਇਰਾਦਾ ਅਤੇ ਕੋਸ਼ਿਸ਼ ਕਰਨੀ ਹੁੰਦੀ ਹੈ। ਉਨ੍ਹਾਂ ਕਿਹਾ ਕਿ ਪੀ.ਸੀ.ਐੱਸ. ਬੋਰਡ ਇੱਕ ਸਪੱਸ਼ਟ ਦ੍ਰਿਸ਼ਟੀਕੋਣ ਸਾਂਝਾ ਕਰਦਾ ਹੈ, ਜਿਸ ਨਾਲ ਜੁੜ ਕੇ ਸਾਡੇ ਨੌਜਵਾਨ ਆਪਣੀਆਂ ਜੜ੍ਹਾਂ ਨਾਲ ਜੁੜੇ ਹੋਏ ਮਹਿਸੂਸ ਕਰਦੇ ਹਨ ਅਤੇ ਇਹ ਅਜਿਹਾ ਬੋਰਡ ਹੈ, ਜੋ ਪੰਜਾਬੀ ਸੱਭਿਆਚਾਰ ਬਾਰੇ ਉਤਸੁਕ ਕਿਸੇ ਵੀ ਵਿਅਕਤੀ ਦਾ ਖੁੱਲ੍ਹੀਆਂ ਬਾਹਾਂ ਨਾਲ ਸਵਾਗਤ ਕਰਦਾ ਹੈ।

ਡਾ. ਪ੍ਰਿਮਲ ਕੌਰ ਨੇ ਕਿਹਾ, ਮੇਰਾ ਮੰਨਣਾ ਹੈ ਕਿ ਸੱਭਿਆਚਾਰ ਕਲਾ ਰਾਹੀਂ ਆਪਣੇ ਆਪ ਨੂੰ ਪ੍ਰਗਟ ਕਰਦਾ ਹੈ- ਭਾਵੇਂ ਪੇਂਟਿੰਗ ਹੋਵੇ ਜਾਂ ਨਾਚ ਰਾਹੀਂ। ਉਨ੍ਹਾਂ ਪੀ.ਸੀ.ਐੱਸ. ਨਾਲ ਜੁੜ ਕੇ ਆਪਣੇ ਵਿਚਾਰਾਂ, ਆਪਣੀ ਪ੍ਰਤਿਭਾ, ਆਪਣੇ ਪਰਿਵਾਰਾਂ ਨੂੰ ਇਸ ਦਾ ਹਿੱਸਾ ਬਣਾਉਣ ਲਈ ਪ੍ਰੇਰਿਆ। ਉਨ੍ਹਾਂ ਕਿਹਾ ਕਿ ਆਓ, ਇਕੱਠੇ ਕੁਝ ਅਜਿਹਾ ਬਣਾਈਏ, ਜਿਸ ਨਾਲ ਇੱਥੇ ਸ਼ਿਕਾਗੋ ਵਿੱਚ ਪੰਜਾਬ ਨੂੰ ਮਾਣ ਮਿਲੇ।

ਸਮਾਗਮ ਦੇ ਮੁੱਖ ਮਹਿਮਾਨ ਬਿਜਨਸਮੈਨ ਅਤੇ ਮਿਡਵੈਸਟ ਦੇ ਵਿੱਚ ਇੱਕੋ ਇੱਕ ਪਰਵਾਸੀ ਭਾਰਤੀ ਐਵਾਰਡ ਪ੍ਰਾਪਤ ਕਰਤਾ ਦਰਸ਼ਨ ਸਿੰਘ ਧਾਲੀਵਾਲ ਕਿਸੇ ਕਾਰਨ ਪਹੁੰਚ ਨਹੀਂ ਸਕੇ, ਪਰ ਉਨ੍ਹਾਂ ਦੀ ਥਾਂ ਸਨਮਾਨ ਚਿੰਨ੍ਹ ਡਾ. ਹਰਜਿੰਦਰ ਸਿੰਘ ਖਹਿਰਾ ਨੇ ਪ੍ਰਾਪਤ ਕੀਤਾ ਅਤੇ ਸ. ਧਾਲੀਵਾਲ ਦੀਆਂ ਸ਼ੁਭ ਇੱਛਾਵਾਂ ਸਭ ਨਾਲ ਸਾਂਝੀਆਂ ਕੀਤੀਆਂ। ਡਾ. ਖਹਿਰਾ ਨੇ ਕਿਹਾ ਕਿ ਸ. ਧਾਲੀਵਾਲ ਨੇ ਹਮੇਸ਼ਾ ਹੀ ਪੀ.ਸੀ.ਐੱਸ. ਦੀ ਸੁਪੋਰਟ ਕੀਤੀ ਹੈ ਅਤੇ ਕਿਹਾ ਕਿ ਪੀ.ਸੀ.ਐੱਸ. ਇੱਕ ਸੰਸਥਾ ਨਹੀਂ ਸਗੋਂ ਇੱਕ ਯੂਨੀਵਰਸਿਟੀ ਹੈ। ਉਨ੍ਹਾਂ ਇੱਕ ਸ਼ੇਅਰ ਵੀ ਸੁਣਾਇਆ:

ਜਿਸ ਪੰਜਾਬ ਨੂੰ ਭਾਰਤ ਦਾ ਸਵਰਗ ਕਹਿੰਦੇ
ਤੇ ਚਰਚਾ ਜੱਗ ‘ਤੇ ਜਿਹਦੀਆਂ ਕਹਾਣੀਆਂ ਦੀ,
ਰਹਿਬਰ ਸੁੱਖਾਂ ਦੇ ਨਾਲ ਉਹ ਵਸਦਾ ਰਹੇ
ਰੱਬ ਖ਼ੈਰ ਰੱਖੇ ਪੰਜਾਂ ਪਾਣੀਆਂ ਦੀ।

ਪ੍ਰੋਗਰਾਮ ਪਾਣੀ ਦੇ ਵਹਾਅ ਵਾਂਗ ਦੇਰ ਰਾਤ ਤੱਕ ਚੱਲਦਾ ਰਿਹਾ- ਕਦੇ ਛੱਲਾਂ ਵਾਂਗ ਉਪਰ ਉੱਠਦਾ ਤੇ ਕਦੇ ਪੱਧਰੀ ਰਵਾਨਗੀ ਵਾਂਗ ਕਲ ਕਲ ਕਰਦਾ। ਤਿੰਨ ਸੌ ਤੋਂ ਵੱਧ ਕਲਾਕਾਰਾਂ ਤੇ ਤੀਹ ਤੋਂ ਵੱਧ ਕੋਆਰਡੀਨੇਟਰਾਂ ਦੀ ਮਿਹਨਤ ਨਾਲ ਅਤੇ ਪੀ.ਸੀ.ਐੱਸ. ਦੇ ਬੋਰਡ ਦੇ ਸੁਚੱਜੇ ਪ੍ਰਬੰਧਾਂ ਨਾਲ ‘ਰੰਗਲਾ ਪੰਜਾਬ’ ਵੱਖ-ਵੱਖ ਰੰਗਾਂ ਦੀ ਪੀਂਘ ਛੱਡ ਗਿਆ। ਉਤੋਂ ‘ਟੇਸਟ ਆਫ ਇੰਡੀਆ’ ਦੇ ਮਨਜੀਤ ਸਿੰਘ ਤੇ ਟੀਮ ਵੱਲੋਂ ਪਰੋਸਿਆ ਸਵਾਦੀ ਖਾਣਾ ਵੀ ਕਈਆਂ ਨੂੰ ਯਾਦ ਰਹੇਗਾ। ਸੰਚਾਲਨ ਪਹਿਲੂਆਂ ਦਾ ਪ੍ਰਬੰਧਨ ਗੁਰਪ੍ਰੀਤ ਸਿੰਘ ਸਿੱਧੂ ਅਤੇ ਮਹਿੰਦਰਜੀਤ ਸਿੰਘ ਸੈਣੀ (ਟਿਕਟਿੰਗ); ਬਲਵਿੰਦਰ ਗਿਰਨ ਅਤੇ ਪਰਮਜੋਤ ਸਿੰਘ ਪਰਮਾਰ (ਭਾਗੀਦਾਰ ਐਂਟਰੀ ਤੇ ਸੁਰੱਖਿਆ); ਨਵਤੇਜ ਸਿੰਘ ਸੋਹੀ, ਪਰਵਿੰਦਰ ਸਿੰਘ ਨਨੂਆ, ਤੇਜਵੀਰ ਸਿੰਘ ਸੂਦਨ (ਸਟੇਜ ਤਿਆਰੀ) ਅਤੇ ਜਿਗਰਦੀਪ ਸਿੰਘ ਢਿੱਲੋਂ ਤੇ ਅਮਿੱਤਪਾਲ ਸਿੰਘ ਗਿੱਲ (ਆਵਾਜ਼ ਤੇ ਡਿਜੀਟਲ ਪੇਸ਼ਕਾਰੀਆਂ) ਦੁਆਰਾ ਕੀਤਾ ਗਿਆ। ਇਨਾਮ ਵੰਡ ਵਿੱਚ ਭਿੰਦਰ ਸਿੰਘ ਪੰਮਾ ਅਤੇ ਸੁਰਿੰਦਰ ਸਿੰਘ ਪਾਲੀਆ ਵੱਲੋਂ ਸਹਾਇਤਾ ਕੀਤੀ ਗਈ। ਮਹਿਮਾਨਾਂ ਅਤੇ ਵੀ.ਆਈ.ਪੀਜ਼ ਲਈ ਪ੍ਰਾਹੁਣਚਾਰੀ ਦਾ ਤਾਲਮੇਲ ਭੁਪਿੰਦਰ ਸਿੰਘ ਧਾਲੀਵਾਲ, ਵਿਕ ਸਿੰਘ, ਕੇਵਿਨ ਅਟਵਾਲ, ਅਮਰਜੀਤ ਕੌਰ ਅਟਵਾਲ, ਗੁਰਮੀਤ ਸਿੰਘ ਢਿੱਲੋਂ ਅਤੇ ਜਸਬੀਰ ਸਿੰਘ ਪਾਲੀਆ ਦੁਆਰਾ ਕੀਤਾ ਗਿਆ। ਸਟੇਜ ਲੌਜਿਸਟਿਕਸ ਦੀ ਨਿਗਰਾਨੀ ਰਾਜਿੰਦਰ ਸਿੰਘ ਮਾਗੋ ਦੁਆਰਾ ਕੀਤੀ ਗਈ।







info@punjabistarlive.com - www.punjabistarlive.com - Ph:908-368-7541

